
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ
# ਦੇਸ਼ ਦੁਆਬਾ
VOL - 6 ISSUE - 37
December 20, 2017
Postal Address
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਕਥਾ : ਮਹਾਨ ਸ਼ਹੀਦ ਭਾਈ ਸੰਗਤ ਸਿੰਘ ਜੀ ਦੀ
(ਲੇਖਕ ਕੇਹਰ ਸ਼ਰੀਫ਼ ਦਾ ਵਿਸ਼ੇਸ਼ ਲੇਖ ਦੇਖੋ ਸਫਾ 15 'ਤੇ)

# ਦਿਆਲ ਸਿੰਘ ਕਾਲਜ ਦਾ ਨਾਂ ਬਦਲਣ ਦਾ ਫੈਸਲਾ ਵਾਪਸ

**ਨਵੀਂ ਦਿੱਲੀ (ਬਿਊਰੋ)-** ਮਨੁੱਖੀ ਵਸੀਲੇ ਵਿਕਾਸ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਕਿਹਾ ਕਿ ਇਥੋਂ ਦੇ ਇਕ ਈਵਨਿੰਗ ਕਾਲਜ ਦਾ ਨਾਂ ਬਦਲਣ ਵਾਲਾ ਫ਼ੈਸਲਾ ਕੇਂਦਰ ਸਰਕਾਰ ਦਾ ਨਹੀਂ ਸੀ ਅਤੇ ਇਸ ਨੂੰ ਰੋਕ ਲਿਆ ਹੈ। ਰਾਜ ਸਭਾ ਵਿੱਚ ਸਿਫ਼ਰ ਕਾਲ ਦੌਰਾਨ ਇਹ ਮੁੱਦਾ ਉਠਾਉਂਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਨਰੇਸ਼ ਗੁਜਰਾਲ ਨੇ ਕਿਹਾ ਕਿ 'ਬਦਕਿਸਮਤੀ' ਨਾਲ ਦਿਆਲ ਸਿੰਘ ਕਾਲਜ ਦੀ ਪ੍ਰਬੰਧਕੀ ਕਮੇਟੀ ਨੇ ਹਾਲ ਹੀ




ਵਿੱਚ ਇਸ ਈਵਨਿੰਗ ਕਾਲਜ ਦਾ ਨਾਂ ਬਦਲ ਕੇ ਵੰਦੇ ਮਾਤਰਮ ਮਹਾ ਵਿਦਿਆਲਾ ਰੱਖਣ ਦਾ ਫ਼ੈਸਲਾ ਕੀਤਾ ਸੀ।

ਉਨ੍ਹਾਂ ਕਿਹਾ ਕਿ ਉਹ ਮੰਨਦੇ ਹਨ ਕਿ ਵੰਦੇ ਮਾਤਰਮ ਸ਼ਬਦ ਹਰੇਕ ਭਾਰਤੀ ਵਿੱਚ ਦੇਸ਼ ਭਗਤੀ ਦੀ ਭਾਵਨਾ ਭਰਦਾ ਹੈ ਅਤੇ ਸਰਕਾਰ ਨੂੰ ਮੁਲਕ ਭਰ ਵਿੱਚ ਵੰਦੇ ਮਾਤਰਮ ਯੂਨੀਵਰਸਿਟੀਆਂ ਕਾਇਮ ਕਰਨੀਆਂ ਚਾਹੀਦੀਆਂ ਹਨ। ਇਸ ਕਾਲਜ ਦੀ ਪ੍ਰਬੰਧਕੀ ਕਮੇਟੀ ਨੂੰ ਤੁਰੰਤ ਬਦਲਣ ਦੀ ਮੰਗ

**(ਬਾਕੀ ਸਫਾ 10 'ਤੇ)**

# ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂ ਤੇ ਗੁਰੂ ਘਰ ਬਣਾਉਣ ਦੀ ਮਨਜ਼ੂਰੀ ਮਿਲੀ



ਰਿਪੋਰਟ ਦੇਖੋ ਸਫਾ 3 ਉਤੇ ਅਤੇ ਤਸਵੀਰਾਂ ਸਫਾ 14 'ਤੇ

# ਯੇਰੋਸ਼ਲਮ ਬਾਰੇ ਸੰਯੁਕਤ ਰਾਸ਼ਟਰ ਦਾ ਮਤੇ ਨੂੰ ਅਮਰੀਕਾ ਨੇ ਰੋਕਿਆ

**ਵਾਸ਼ਿੰਗਟਨ (ਬਿਊਰੋ)-** ਰਾਸ਼ਟਰਪਤੀ ਡੋਨਲਡ ਟਰੰਪ ਨੂੰ ਯੇਰੋਸ਼ਲਮ ਨੂੰ ਇਜ਼ਰਾਈਲ ਦੀ ਰਾਜਧਾਨੀ ਵਜੋਂ ਮਾਨਤਾ ਵਾਪਸ ਲੈਣ ਦਾ ਸੱਦਾ ਦਿੰਦੇ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਦੇ ਮਤੇ ਨੂੰ ਅਮਰੀਕਾ ਨੇ ਰੋਕ ਦਿੱਤਾ। ਅਮਰੀਕਾ ਨੇ ਛੇ ਵਰ੍ਹਿਆਂ ਵਿੱਚ ਪਹਿਲੀ ਵਾਰ ਆਪਣੀ ਵੀਟੋ ਸ਼ਕਤੀ ਦੀ ਵਰਤੋਂ ਕੀਤੀ ਹੈ।

ਦੱਸਣਯੋਗ ਹੈ ਕਿ ਰਾਸ਼ਟਰਪਤੀ ਟਰੰਪ ਨੇ 6 ਦਸੰਬਰ ਨੂੰ ਯੇਰੋਸ਼ਲਮ ਨੂੰ ਇਜ਼ਰਾਈਲ ਦੀ ਰਾਜਧਾਨੀ ਵਜੋਂ ਮਾਨਤਾ ਦੇਣ ਅਤੇ ਅਮਰੀਕੀ ਸਫ਼ਾਰਤਖਾਨੇ ਨੂੰ ਤਲ ਅਵੀਵ ਤੋਂ ਯੇਰੋਸ਼ਲਮ ਲਿਜਾਣ ਬਾਰੇ ਐਲਾਨ ਕੀਤਾ ਸੀ। ਅਮਰੀਕੀ ਰਾਸ਼ਟਰਪਤੀ ਦੇ ਇਸ ਕਦਮ ਦੀ ਸਖ਼ਤ ਆਲੋਚਨਾ ਕਰਦਿਆਂ ਵਿਸ਼ਵ ਭਰ 'ਚ ਰੋਸ ਪ੍ਰਦਰਸ਼ਨ ਹੋਏ ਸਨ। ਸੰਯੁਕਤ ਰਾਸ਼ਟਰ ਦੀ ਸਭ ਤੋਂ ਸ਼ਕਤੀਸ਼ਾਲੀ 15 ਮੈਂਬਰੀ

**(ਬਾਕੀ ਸਫਾ 10 'ਤੇ)**


MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney. msandhu2014@gmail.com (CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

# ਸਭ ਤੋਂ ਵੱਧ ਭਾਰਤੀ ਕਰਦੇ ਨੇ ਵਿਦੇਸ਼ਾਂ ਵੱਲ ਰੁਖ

ਸੰਯੁਕਤ ਰਾਸ਼ਟਰ (ਬਿਊਰੋ)- ਸੰਯੁਕਤ ਰਾਸ਼ਟਰ ਦੀ ਰਿਪੋਰਟ ਮੁਤਾਬਕ ਕੌਮਾਂਤਰੀ ਪਰਵਾਸ ਵਿੱਚ ਭਾਰਤ ਮੋਹਰੀ ਰਿਹਾ ਹੈ। ਭਾਰਤ ਦੇ 1.70 ਕਰੋੜ ਲੋਕਾਂ ਨੇ ਬੇਗਾਨੇ ਮੁਲਕਾਂ ਵੱਲ ਰੁਖ਼ ਕੀਤਾ ਹੈ ਅਤੇ ਇਕੱਲੇ ਖਾੜੀ ਖੇਤਰ ਵਿੱਚ ਤਕਰੀਬਨ 50 ਲੱਖ ਭਾਰਤੀ ਰਹਿੰਦੇ ਹਨ। ਇਥੇ ਜਾਰੀ ਕੀਤੀ ਗਈ 2017 ਕੌਮਾਂਤਰੀ ਪਰਵਾਸ ਰਿਪੋਰਟ ਮੁਤਾਬਕ ਮੈਕਸਿਕੋ, ਰੂਸ, ਚੀਨ, ਬੰਗਲਾਦੇਸ਼, ਸੀਰੀਆ, ਪਾਕਿਸਤਾਨ ਅਤੇ ਯੂਕਰੇਨ ਦੇ ਵੀ ਵੱਡੀ ਗਿਣਤੀ ਲੋਕਾਂ ਨੇ ਹੋਰ ਮੁਲਕਾਂ ਵਿੱਚ ਪਰਵਾਸ ਕੀਤਾ ਹੈ। ਇਨ੍ਹਾਂ ਮੁਲਕਾਂ ਦੇ ਵਿਦੇਸ਼ ਵਸੇ ਲੋਕਾਂ ਦੀ ਗਿਣਤੀ 60 ਲੱਖ ਤੋਂ 1.10 ਕਰੋੜ ਦਰਮਿਆਨ ਹੈ।



2017 ਵਿੱਚ ਭਾਰਤੀ ਪਰਵਾਸੀਆਂ ਦੀ ਗਿਣਤੀ 1.70 ਕਰੋੜ ਰਹੀ ਹੈ, ਜੋ ਸਭ ਤੋਂ ਵੱਧ ਹੈ। ਇਸ ਬਾਅਦ ਮੈਕਸਿਕੋ ਦਾ ਨੰਬਰ ਆਉਂਦਾ ਹੈ, ਜਿਸ ਦੇ 1.30 ਕਰੋੜ ਲੋਕਾਂ ਨੇ ਪਰਵਾਸ ਕੀਤਾ ਹੈ। ਰੂਸ ਦੇ 1.10 ਕਰੋੜ, ਚੀਨ ਦੇ

**(ਬਾਕੀ ਸਫਾ 10 'ਤੇ)**


BERKSHIRE HATHAWAY Home Services
BH HS
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ
ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ,
ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

RE/MAX Gold
Each Office Independently Owned and Operated
Cell: 916-628-2210
Fax: 916-745-3424
Office: 916-285-1000
Dil Nijjar
REALTOR ®
CalBRE # 01418648
Email: Dil.Realtor@gmai,.com
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

2081 Arena Blvd # 100 Sacramento, CA 95834

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.
959 Corporate Way, Fremont, CA. 94539


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
ਕਸ਼ਮੀਰ ਸਿਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ
Like us on Facebook | Follow us on Instagram


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਫਰਿਜ਼ਨੋ ਵਿਖੇ ਈ-ਟਰੱਕਿੰਗ ਸਲੂਸ਼ਨ ਟਰੱਕ ਸੌਫਟਵੇਅਰ ਲਾਂਚ





**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਪਿਛਲੇ ਡੇਢ ਦਹਾਕੇ ਤੋਂ ਅਮਰੀਕਾ ਵਿੱਚ ਪੰਜਾਬੀ ਟਰਾਂਸਪੋਰਟਰਾਂ ਨੇ ਟਰੱਕਿੰਗ ਇੰਡਸਟਰੀ ਵਿੱਚ ਪੂਰੀ ਧਾਂਕ ਜਮਾਈ ਹੋਈ ਹੈ। ਖ਼ਾਸ ਕਰਕੇ ਫਰਿਜ਼ਨੋ ਜਿਸਨੂੰ ਟਰੱਕਿੰਗ ਦੀ ਹੱਬ ਦੇ ਨਾਮ ਨਾਲ ਜਾਣਿਆਂ ਜਾਂਦਾ ਹੈ। ਇੱਥੇ ਟਰੱਕ ਡਿਸਪੈਚ ਨੂੰ ਹੋਰ ਸੌਖਾ ਬਣਾਉਣ ਲਈ ਟਰੱਕਿੰਗ ਇੰਡਸਟਰੀ ਨਾਲ ਜੁੜੇ ਉੱਘੇ ਸਮਾਜ-ਸੇਵਕ ਰਜਿੰਦਰ ਸਿੰਘ ਟਾਂਡਾ ਨੇ ਇੱਕ ਈ-ਟਰੱਕਿੰਗ ਸਲੂਸ਼ਨ ਟਰੱਕ ਸੌਫਟਵੇਅਰ ਤਿਆਰ ਕੀਤਾ ਜਿਸ ਨੂੰ ਲੰਘੇ ਸ਼ੁੱਕਰਵਾਰ ਇੰਡੀਆ ਓਵਨ ਰੈਸਟੋਰੈਂਟ ਵਿੱਚ ਲਾਂਚ ਕੀਤਾ ਗਿਆ। ਇਸ ਮੌਕੇ ਭਾਰੀ ਗਿਣਤੀ ਵਿੱਚ ਟਰੱਕ ਕੰਪਨੀ ਦੇ ਮਾਲਕਾਂ ਨੇ ਪਹੁੰਚਕੇ ਇਸ ਨਵੇ ਸੌਫਟਵੇਅਰ ਬਾਰੇ ਜਾਣਕਾਰੀ ਇਕੱਤਰ ਕੀਤੀ। ਇਸ ਮੌਕੇ ਬੋਲਦਿਆਂ ਰਜਿੰਦਰ ਸਿੰਘ ਟਾਂਡਾ ਨੇ ਕਿਹਾ ਕਿ ਕਈ ਵਾਰੀ ਜੇ ਸਹੀ ਟੂਲ ਕੋਲ ਨਾਂ ਹੋਵੇ ਤਾਂ ਅੱਗਾ ਦੌੜ ਪਿੱਛਾ ਚੌੜ ਵਾਲੀ ਗੱਲ ਹੋ ਜਾਂਦੀ ਹੈ ਕੋਈ ਵੀ ਬਿਜਨਿਸ ਓਹਨਾਂ ਚਿਰ ਵਾਧੇ ਵਾਲੇ ਪਾਸੇ ਨਹੀਂ ਜਾ ਸਕਦਾ ਜਿਨਾਂ ਚਿਰ ਪਰੌਫਿਟ ਲੌਸ ਦੀ ਸਹੀ ਜਾਣਕਾਰੀ ਕੰਪਨੀ ਮਾਲਕਾਂ ਤੱਕ ਨਹੀਂ ਪਹੁੰਚਦੀ।

ਉਹਨਾਂ ਕਿਹਾ ਕਿਹਾ ਹਰ ਚੀਜ਼ ਪੇਪਰਲਿੱਸ ਹੋ ਰਹੀ ਹੈ ਤੇ ਹਰ ਕੋਈ ਆਪਣੀ ਸਿਰਦਰਦੀ ਘਿਟਾਉਣੀ ਚਾਹੁੰਦਾ ਹੈ। ਅਤੇ ਇਸੇ ਚੀਜ਼ ਨੂੰ ਮੁੱਖ ਰੱਖਕੇ ਇਹ ਸੌਫਟਵੇਅਰ ਤਿਆਰ ਕੀਤਾ ਗਿਆ ਹੈ। ਡਰਾਈਵਰ ਐਪਲੀਕੇਸ਼ਨ ਭਰਨ ਤੋਂ ਲੈਕੇ ਲੋਡ ਲਾਉਣ ਅਤੇ ਬਿਲਿੰਗ ਕਰਨ ਤੱਕ ਦਾ ਸੌਖਾ ਤੇ ਸਰਲ ਤਰੀਕਾ ਹੈ ਇਸ ਨਵੇਂ ਸੌਫਟਵੇਅਰ ਵਿੱਚ। ਉਹਨਾਂ ਕਿਹਾ ਕਿ ਅਗਰ ਤੁਹਾਨੂੰ ਲਗਦਾ ਕਿ ਸਾਨੂੰ ਹੋਰ ਵੀ ਇਹਦੇ ਵਿੱਚ ਤਬਦੀਲੀਆਂ ਕਰਨ ਦੀ ਲੋੜ ਹੈ, ਸਾਨੂੰ ਤੁਸੀਂ ਸੁਝਾਓ ਦਿਓ ਅਸੀਂ ਕਰਾਂਗੇ। ਫਰਿਜ਼ਨੋ ਦੇ ਟਰੱਕਰ ਭਰਾਵਾ ਵੱਲੋਂ ਇਸ ਈ-ਟਰੱਕਿੰਗ ਸਲੂਸ਼ਨ ਟਰੱਕ ਸੌਫਟਵੇਅਰ ਲਾਂਚ ਪ੍ਰੋਗਰਾਮ ਨੂੰ ਭਰਵਾ ਹੁੰਗਾਰਾ ਦਿੱਤਾ ਗਿਆ।


## ਪਰਮਜੀਤ ਸਿੰਘ ਨਿੱਝਰ ਮਡੇਰਾ ਕਾਉਂਟੀ ਦੇ ਕਮਿਸ਼ਨਰ ਨਿਯੁਕਤ



**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆ–** ਇਸ ਸਾਲ ਪੰਜਾਬੀਆਂ ਨੇ ਪੂਰੇ ਅਮਰੀਕਾ ਵਿੱਚ ਉੱਚ ਅਹੁਦਿਆਂ ਤੇ ਪਹੁੰਚਕੇ ਪੰਜਾਬੀਅਤ ਦਾ ਨਾਂ ਚਮਕਾਇਆ। ਇਸੇ ਕੜੀ ਤਹਿਤ ਮਡੇਰਾ ਸ਼ਹਿਰ ਦੇ ਉੱਘੇ ਬਿਜਨਸਮੈਨ ਪਰਮਜੀਤ ਸਿੰਘ ਨਿੱਝਰ ਜਿਹੜੇ ਕਿ ਕੈਲੇਫੋਰਨੀਆਂ ਵਿੱਚ ਬਤੌਰ ਮਕੈਨੀਕਲ ਇੰਜੀਨੀਅਰ ਵੀ ਸੇਵਾਵਾਂ ਨਿਭਾ ਚੁੱਕੇ ਹਨ, ਨੂੰ ਮਡੇਰਾ ਕਾਉਂਟੀ ਦਾ ਪਲੈਨਿੰਗ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ। ਮਡੇਰਾ ਕਾਉਂਟੀ ਵਿੱਚ ਇਸ ਅਹੁਦੇ ਤੇ ਪਹੁੰਚਣ ਵਾਲੇ ਉਹ ਪਹਿਲੇ ਭਾਰਤੀ ਹਨ। ਉਹਨਾਂ ਨੂੰ ਮਡੇਰਾ ਏਅਰਪੋਰਟ ਲੈਂਡ ਯੂਜ਼ ਕਮਿਸ਼ਨ ਦਾ ਮੈਂਬਰ ਵੀ ਨਿਯੁਕਤ ਕੀਤਾ ਗਿਆ ਹੈ 'ਤੇ ਉਹ ਪਹਿਲਾ ਤੋਂ ਹੀ ਮਡੇਰਾ ਅਸਿਸਮਿੰਟ ਅਪੀਲਜ ਬੋਰਡ ਦੇ ਮੈਂਬਰ ਦੇ ਤੌਰ ਤੇ ਸੇਵਾਵਾਂ ਨਿਭਾ ਰਹੇ ਹਨ। ਪਰਮਜੀਤ ਨਿੱਝਰ ਪਿਛਲੇ ਲੰਮੇ ਅਰਸੇ ਤੋਂ ਕੈਲੇਫੋਰਨੀਆਂ ਦੇ ਸ਼ਹਿਰ ਮਡੇਰਾ ਵਿੱਚ ਰਹਿ ਰਹੇ ਹਨ ਅਤੇ ਉਹਨਾਂ ਦਾ ਪਿਛਲਾ ਪਿੰਡ ਸ਼ੇਖ ਜ਼ਿਲ੍ਹਾ ਤਰਨ-ਤਰਨ ਵਿੱਚ ਪੈਂਦਾ ਹੈ।

## ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂ ਤੇ ਗੁਰੂ ਘਰ ਬਣਾਉਣ ਦੀ ਮਨਜ਼ੂਰੀ ਮਿਲੀ

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਸਮੂਹ ਕੈਲੇਫੋਰਨੀਆ ਦੀ ਸੰਗਤ ਨੂੰ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਨੂੰ ਯੂਨੀਅਨ ਸਿਟੀ ਵਿਖੇ ਗੁਰੂ ਘਰ ਬਣਾਉਣ ਦੀ ਮਨਜ਼ੂਰੀ ਮਿਲ ਗਈ ਹੈ। ਗੁਰੂ ਘਰ ਦੀ ਉਸਾਰੀ 2018 ਵਿਚ ਸ਼ੁਰੂ ਹੋ ਜਾਵੇਗੀ। ਗੁਰੂ ਘਰ ਦੀ ਮਨਜ਼ੂਰੀ ਲਈ ਚੇਅਰਮੈਨ ਹਰਮੇਸ਼ ਮਦਾਰਾ, ਵਾਈਸ ਚੇਅਰਮੈਨ ਵਿਨੋਦ ਕੁਮਾਰ ਚੁੰਬਰ, ਪ੍ਰਧਾਨ ਕੇਵਲ ਸਿੰਘ, ਖਜਾਨਚੀ ਸ਼ਿਵ ਸਿੱਧੂ, ਜਨਰਲ ਸੈਕਟਰੀ ਸੰਤੋਖ ਸਰੋਆ, ਕਰਮਜੀਤ ਸਿੰਘ ਮਾਹੀ, ਮਹਿੰਦਰ ਸਿੰਘ ਮਾਹੀ, ਅਮਰਜੀਤ ਸਿੰਘ ਮਾਹੀ, ਕੇਵਲ ਸਿੰਘ ਸੈਂਪਲੇ, ਕੁਲਵੰਤ ਸਿੰਘ ਸਿੱਧੂ, ਸੋਹਣ ਸਿੰਘ ਲਾਲੀ, ਸੋਹਣ ਸਿੰਘ ਢਾਡਾ, ਅਜੈਬ ਸਿੰਘ ਸੁੰਡਾ, ਸਰਬਜੀਤ ਸਿੰਘ, ਰਾਮ ਲੁਭਾਇਆ, ਮਹਿੰਦਰ ਮਧਾਰਾ, ਰਾਮ ਧੰਨ, ਤਰਲੋਚਨ ਸਿੰਘ, ਬਲਵਿੰਦਰ ਮੋਮੀ, ਤਨ ਮਨ ਤੇ ਧਨ ਨਾਲ ਸੇਵਾ ਕੀਤੀ। ਗੁਰੂ ਘਰ ਦੀ ਇਮਾਰਤ ਦੇ ਨਕਸ਼ੇ ਸਿਟੀ ਵੱਲੋਂ ਅਪਰੂਵ ਹੋ ਗਏ ਹਨ। ਇਹ ਗੁਰੂ ਘਰ ਤਿੰਨ ਏਕੜ ਜ਼ਮੀਨ ਵਿਚ ਬਣਾਇਆ ਜਾ ਰਿਹਾ ਹੈ। ਬੇਨਤੀ ਹੈ ਕਿ ਹੁਣ ਗੁਰੂ ਘਰ ਦੀ ਮਨਜ਼ੂਰੀ ਮਿਲ ਚੁੱਕੀ ਹੈ ਅਤੇ ਸਮੂਹ ਸਾਧ ਸੰਗਤ ਨੂੰ ਤਨ ਮਨ ਤੇ ਧਨ ਨਾਲ ਗੁਰੂ ਘਰ ਦੀ ਇਮਾਰਤ ਦੀ ਉਸਾਰੀ ਵਿਚ ਸਾਥ ਦੇਣਾ ਚਾਹੀਦਾ ਹੈ। ਸਾਡੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਨਾਲ ਖੜ੍ਹੇ ਹੋਣ। 12 ਦਸੰਬਰ ਦੀ ਹੋਈ ਕੌਂਸਲਰਾਂ ਦੀ ਮੀਟਿੰਗ ਵਿਚ ਕਮਿਊਨਿਟੀ ਦੇ ਮੈਂਬਰਾਂ ਡਾ. ਹਰਮੇਸ਼ ਕੁਮਾਰ, ਸੁਖਰਾਜ ਚੋਪੜਾ, ਵਿਨੋਦ ਕੁਮਾਰ ਚੁੰਬਰ, ਮਿਸਟਰ ਢਿੱਲੋਂ, ਮੱਖਣ ਸਿੰਘ ਬੈਂਸ, ਅਮਰੀਕ ਚੰਦ ਲਾਖਾ, ਬਲਵੀਰ ਥਿੰਦ, ਸੁਰਿੰਦਰ ਸੋਨੀ, ਹਰਮੇਸ਼ ਸਿੱਧੂ, ਕਰਨੈਲ ਸਿੰਘ, ਵਰਿੰਦਰ ਸਿੰਘ ਉਭੀ ਨੇ ਪ੍ਰਾਜੈਕਟ ਦੀ ਸਪੋਰਟ ਲਈ ਹਿੱਸਾ ਲਿਆ। ਬਹੁਤ ਸਾਰੀਆਂ ਬੀਬੀਆਂ ਤੇ ਭੈਣਾਂ ਨੇ ਵੀ ਵੱਧ ਚੜ੍ਹ ਕੇ ਹਿੱਸਾ ਲਿਆ। ਗੁਰੂ ਘਰ ਦੀ ਉਸਾਰੀ ਦੀ ਜਾਣਕਾਰੀ ਲਈ ਤੁਸੀਂ ਵਿਨੋਦ ਕੁਮਾਰ ਚੁੰਬਰ 510-953-9800 ਅਤੇ ਪ੍ਰਧਾਨ ਕੇਵਲ ਸਿੰਘ 510-299-6418 ਤੇ ਸੰਪਰਕ ਕਰ ਸਕਦੇ ਹੋ। ***ਰਿਪੋਰਟ– ਵਿਨੋਦ ਚੁੰਬਰ***



ਗੁਰੂ ਘਰ ਦਾ ਇਕ ਮਾਡਲ

SKY TRANSPORT SOLUTIONS
STRIVE FOR MORE

WE PROVIDE ALL TRUCKING RELATED PERMITS AND SERVICES



ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

SPECIAL BIT INSPECTION AND DOT AUDIT COMPLIANCE:

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PLEASE CONTACT US FOR MORE INFORMATION
2680 N TRACY BLVD, SUITE 4, TRACY, CA 95376
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਨੂੰ 5 ਜਨਵਰੀ ਨੂੰ ਮਨਾਉਣ ਦੀ ਕੀਤੀ ਅਪੀਲ

## ਏਜੀਪੀਸੀ ਨੇ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਪੂਰਨ ਤੌਰ 'ਤੇ ਲਾਗੂ ਕਰਨ ਦੀ ਕੀਤੀ ਮੰਗ

**ਫ਼੍ਰੀਮੌਂਟ, ਕੈਲੀਫ਼ੋਰਨੀਆ (ਹੁਸਨ ਲੜੋਆ ਬੰਗਾ)** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ) ਨੇ ਅੱਜ ਸਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੂੰ ਦਸਮ ਪਿਤਾ ਸਾਹਿਬ ਸਰੀ ਗੁਰੂ ਗੋਬਿੰਦ ਸਿੰਘ ਜੀ ਦੇ 25 ਦਸੰਬਰ ਨੂੰ ਮਨਾਏ ਜਾ ਰਹੇ ਪ੍ਰਕਾਸ਼ ਪੁਰਬ 'ਤੇ ਬਣੀ ਦੁਬਿਧਾ 'ਚੋਂ ਸਮੂਹ ਸੰਗਤਾਂ ਨੂੰ ਬਾਹਰ ਕੱਢਣ ਦੀ ਮੰਗ ਕੀਤੀ। ਉਨਾਂ ਨੇ ਸਮੂਹ ਸਿੱਖ ਜਗਤ ਨੂੰ ਦਸਮ ਪਾਤਸ਼ਾਹ ਜੀ ਦਾ ਪ੍ਰਕਾਸ਼ ਪੁਰਬ 5 ਜਨਵਰੀ ਨੂੰ ਮਨਾਉਣ ਦੀ ਅਪੀਲ ਕੀਤੀ।

ਉਨਾਂ ਕਿਹਾ ਕਿ ਸਿੱਖ ਜਗਤ ਦੀਆਂ ਭਾਵਨਾਵਾਂ ਦੇ ਮੱਦੇਨਜ਼ਰ ਉਨਾਂ ਨੂੰ ਮੂਲ ਨਾਨਕਸ਼ਾਹੀ ਕੈਲੰਡਰ-2003 ਨੂੰ ਪੂਰਨ ਤੌਰ 'ਤੇ ਲਾਗੂ ਕਰਨਾ ਚਾਹੀਦਾ ਹੈ। ਉਨਾਂ ਜਥੇਦਾਰ ਸਾਹਿਬ ਨੂੰ ਬੇਨਤੀ ਕਰਦਿਆਂ ਕਿਹਾ ਬਕ ਮਨਾਏ ਜਾਣ ਵਾਲੇ ਗੁਰਪੁਰਬ ਅਤੇ ਹੋਰ ਇਤਿਹਾਸਕ ਦਿਹਾੜਿਆਂ ਦੀ ਉਲਝਣ 'ਚੋਂ ਸਮੂਹ ਜਗਤ ਨੂੰ ਕੱਢਣਾ ਅਤਿਅੰਤ ਜਰੂਰੀ ਹੋ ਗਿਆ ਹੈ। ਏਜੀਪੀਸੀ ਦੇ ਪਰਧਾਨ ਸ: ਜਸਵੰਤ ਸਿੰਘ ਹੋਠੀ ਅਤੇ ਕੋਆਡੀਨੇਟਰ ਸ: ਪਿਰਤਪਾਲ ਸਿੰਘ ਨੇ ਸਾਂਝੇ ਤੌਰ 'ਤੇ ਕਿਹਾ ਕਿਹਾ ਕਿ ਜੇਕਰ ਨਾਨਕਸ਼ਾਹੀ ਕੈਲੰਡਰ ਨੂੰ ਪੂਰਨ ਤੌਰ 'ਤੇ ਲਾਗੂ ਕੀਤਾ ਹੁੰਦਾ ਤਾਂ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜੇ ਪਰਤੀ ਬਣੀ ਦੁਬਿਧਾ ਕਦੇ ਵੀ ਪੈਦਾ ਨਹੀਂ ਸੀ ਹੋਣੀ। ਉਨਾਂ ਕਿਹਾ ਬਕ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ ਪਈ ਉਲਝਣ ਦਾ ਕਾਰਨ ਇਹ ਹੈ ਕਿ ਨਾਨਕਸ਼ਾਹੀ ਕੈਲੰਡਰ ਨੂੰ ਅਜੇ ਤੱਕ ਪੂਰਨ ਤੌਰ 'ਤੇ ਸੋਧਾਂ ਕਰਕੇ ਸਹੀ ਤਰੀਕੇ ਨਾਲ ਲਾਗੂ ਨਾ ਕਰਨਾ ਹੈ। ਉਨਾਂ ਮੰਗ ਕਰਦਿਆਂ ਕਿਹਾ ਜਦੋਂ ਤੱਕ ਨਾਨਕਸ਼ਾਹੀ ਕੈਲੰਡਰ ਸਹੀ ਢੰਗ ਨਾਲ ਜਾਰੀ ਨਹੀਂ ਹੁੰਦਾ, ਉਦੋਂ ਤੱਕ ਸਮੂਹ ਜਗਤ ਨੂੰ ਅਜਿਹੀ ਉਲਝਣ ਦਾ ਸਾਹਮਣਾ ਕਰਨਾ ਪਵੇਗਾ। ਦੋਹਾਂ ਅਮਰੀਕਨ ਸਿੱਖ ਆਗੂਆਂ ਨੇ ਕਿਹਾ ਕਿ ਸਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਅਗਵਾਈ ਸਿੱਖ ਲਈ ਉਚ ਹੈ। ਉਨਾਂ ਕਿਹਾ ਕਿ ਬਹੁਤ ਸਾਰੇ ਸਿੱਖਾਂ ਨੇ 25 ਦਸੰਬਰ ਨੂੰ ਦਸਮ ਪਿਤਾ ਦਾ ਗੁਰਪੁਰਬ ਮਨਾਉਣ ਦਾ ਫੈਸਲਾ ਕੀਤਾ ਹੈ। ਜਦ ਕਿ ਕਈ ਸਿੱਖਾਂ ਨੇ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ 5 ਜਨਵਰੀ ਨੂੰ ਮਨਾਉਣ ਦਾ ਮਨ ਬਣਾ ਲਿਆ ਹੈ। ਸਿੱਖ ਕੌਮ ਨੂੰ ਇਸ ਉਲਝਣ 'ਚੋਂ ਕੱਢਣ ਲਈ ਸੋਚ-ਵਿਚਾਰ ਕੇ ਦਿਹਾੜਿਆਂ ਤੇ ਗੁਰਪੁਰਬ ਦਾ ਇਕ ਸਮਾਂ ਮਿੱਥਿਆ ਜਾਵੇ ਤਾਂ ਜੋ ਸਮੂਹ ਜਗਤ ਬਤਉਹਾਰ ਨੂੰ ਇਕਜੁਟਤਾ ਨਾਲ ਮਨਾ ਸਕੇ। ਅਮਰੀਕਾ ਦੇ ਦੋਹਾਂ ਸਿੱਖ ਲੀਡਰਾਂ ਨੇ ਕਿਹਾ ਕਿ ਉਹ ਸਰੀ ਅਕਾਲ ਤਖ਼ਤ ਸਾਹਿਬ ਦਾ ਸਤਿਕਾਰ ਕਰਦੇ ਹਨ ਅਤੇ ਇਹ ਸਮਝਦੇ ਹਨ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਾਰੇ ਤਖ਼ਤਾਂ ਅਤੇ ਸਮੂਹ ਸਿੱਖ ਸਿੰਗਤ ਨਾਲ ਬਵਚਾਰ ਕਰਕੇ ਇਕ ਕਮੀ ਬਣਾਵੇ ਅਤੇ ਇਸ ਸੰਜੀਦਾ ਧਾਰਮਿਕ ਮੁੱਦੇ 'ਤੇ ਫ਼ੈਸਲੇ ਲਈ ਇਕ ਆਮ ਸਹਿਮਤੀ ਬਣਾਉਣਗੇ।

ਉਨਾਂ ਕਿਹਾ ਕਿ ਉਹ ਨਹੀਂ ਚਾਹਿੰਦੇ ਕਿ ਪੰਥ 'ਚ ਕਿਸੇ ਤਰਾਂ ਦੇ ਵਲ-ਵਲੇਵੇ ਪਏ ਰਹਿਣ ਇਸ ਕਰਕੇ ਇਸ ਤਰਾਂ ਦੇ ਮਸਲੇ ਜਲਦ ਤੋਂ ਜਲਦ ਹੱਲ ਹੋਣੇ ਚਾਹੀਦੇ ਹਨ।

# 'ਡਾਲਰਾਂ ਦੀ ਬੁਘਨੀ' ਨਾਟਕ ਨਾਲ ਅਮਰੀਕਾ ਦੇ ਟੈਕਸਾਸ ਸੂਬੇ ਦੇ ਫਰਿਸਕੋ ਸ਼ਹਿਰ ਵਿਚ ਪੰਜਾਬੀ ਰੰਗਮੰਚ ਦਾ ਆਗਾਜ਼



**ਫਰਿਸਕੋ, ਟੈਕਸਾਸ (ਹੁਸਨ ਲੜੋਆ ਬੰਗਾ)-** 'ਗਰਾਰੀ ਥੀਏਟਰ ਗਰੁਪ' ਫਰਿਸਕੋ (ਡਾਲਸ ਸ਼ਹਿਰ ਨੇੜੇ) ਦੇ ਡਾਇਰੈਕਟਰ ਗਗਨਦੀਪ ਸਿੰਘ ਬਾਛਲ ਅਤੇ ਉਨ੍ਹਾਂ ਦੀ ਪਤਨੀ ਅਮਨਜੋਤ ਕੌਰ ਸੰਧੂ ਬਾਛਲ ਦੇ ਉਦਮਾਂ ਸਦਕਾ ਫਰਿਸਕੋ ਸ਼ਹਿਰ ਦੇ ਸੈਨਟੇਨਿਅਲ ਹਾਈ ਸਕੂਲ ਦੇ ਐਡੀਟੋਰੀਅਮ ਵਿਚ 'ਡਾਲਰਾਂ ਦੀ ਬੁਘਨੀ' ਨਾਟਕ ਦਾ ਮੰਚਨ ਕੀਤਾ ਗਿਆ, ਨਾਟਕ ਦਾ ਵਿਸ਼ਾ-ਵਸਤੂ ਚੰਗੇਰੇ ਭਵਿੱਖ ਦੀ ਆਸ ਵਿਚ ਆਪਣੇ ਮਾਂ-ਬਾਪ, ਜਮੀਨਾਂ ਅਤੇ ਇਥੋਂ ਤਕ ਸਰਕਾਰੀ ਨੌਕਰੀਆਂ ਛੱਡ ਅਮਰੀਕਾ ਤੁਰ ਗਏ ਦੋ ਭਰਾਵਾਂ ਦੀ ਕਹਾਣੀ ਨੂੰ ਬਿਆਨ ਕਰਦਾ ਹੈ । ਨਾਟਕ ਵਿਚ ਪਿੱਛੇ ਰਹਿ ਗਏ ਬੁੱਢੇ ਮਾਪਿਆਂ ਦੇ ਦੁੱਖਾਂ ਦਰਦਾਂ ਦੀ ਕਹਾਣੀ ਦੇ ਨਾਲ ਨਵੇਂ ਦੇਸ਼ ਵਿਚ ਜਾ ਕੇ ਪਰਵਾਸ ਦੀ ਸਮੱਸਿਆ ਤੇ ਨਵੇਂ ਰੁਜ਼ਗਾਰ ਲਈ ਧੱਕੇ-ਧੋੜਿਆਂ ਤੋਂ ਇਲਾਵਾ ਅਮਰੀਕਾ ਵਿਚ ਜਾ ਕੇ ਨਵੀਂ ਪੀੜ੍ਹੀ ਦੇ ਭਵਿੱਖ ਨੂੰ ਪੰਦਰਾ ਪਾਤਰਾਂ ਦੀ ਮਦਦ ਨਾਲ ਬੁਣਿਆ ਗਿਆ ਹੈ। ਇਸ ਨਾਟਕ ਦੀ ਸਫ਼ਲ ਪੇਸ਼ਕਾਰੀ ਗਗਨਦੀਪ ਦੇ ਨਾਟਕ-ਨਿਰਦੇਸ਼ਨ ਅਤੇ ਅਮਨਜੋਤ ਦੇ ਸਿਰਜਨਾਤਮਕ ਕਲਾ ਨਿਰਦੇਸ਼ਨ ਰਾਹੀਂ ਸੰਭਵ ਹੋ ਸਕੀ ਹੈ । ਨਾਟਕ ਦੇ ਮੁੱਖ ਕਿਰਦਾਰ ਅਮਰੀਕ ਦਾ ਰੋਲ ਗਗਨਦੀਪ ਸਿੰਘ ਬਾਛਲ ਨੇ ਬਾਖ਼ੂਬੀ ਨਿਭਾਇਆ ਹੈ।



ਇਸ ਨਾਟਕ ਦੇ ਹੋਰ ਕਲਾਕਾਰ-ਸੁਖ, ਰਮਨ, ਇੰਦਰ, ਹਰਜਸ, ਅਰਸ਼, ਮਨਵੀਰ, ਗੌਰਵ, ਸਿਧਾਰਥ, ਲੀਸਾ, ਕਾਇਰਾ, ਤਲਵੀਰ, ਜਸਵੀਨ, ਰੂਹਾਨ, ਜਸਮਨ ਹਨ। ਇਸ ਨਾਟਕ ਦੇ ਬਾਕੀ ਟੀਮ ਮੈਂਬਰਾਂ ਵਿਚੋਂ ਜਿਥੇ ਪ੍ਰਭਜੋਤ ਕੌਰ ਸੰਧੂ ਨੇ ਬੈਕਗਰਾਊਂਡ ਸਾਊਂਡ ਅਤੇ ਅਲਾਪ ਦੀ ਪੇਸ਼ਕਾਰੀ ਬਾਖ਼ੂਬੀ ਨਿਭਾਈ, ਉਥੇ ਤ੍ਰਿਭਵਨ ਸਿੰਘ ਸੰਧੂ ਨੇ 'ਡਾਲਰਾਂ ਦੀ ਬੁਘਨੀ' ਵਿਚ ਗ੍ਰਾਫ਼ਿਕ ਡਿਜ਼ਾਈਨਰ ਵਜੋਂ ਕਲਾਤਮਕ ਕੰਮ ਕੀਤਾ ਤੇ ਮਨੀਤ ਕੌਰ ਬੰਬਾਹ ਨੇ ਕਾਸਟਿਊਮ ਤੇ ਸੈਟ ਡਿਜ਼ਾਈਨ ਵਿਚ ਮਦਦ ਕੀਤੀ । ਨਾਟਕ ਦੇ ਕਲਾਕਾਰ ਛੇ ਸਾਲ ਦੀ ਉਮਰ ਤੋਂ ਲੈ ਕੇ 45 ਸਾਲ ਦੀ ਉਮਰ ਤਕ ਦੇ ਸਨ। 'ਡਾਲਰਾਂ ਦੀ ਬੁਘਨੀ' ਨਾਟਕ ਮੰਚਨ ਹਿੰਦੂ, ਮੁਸਲਿਮ, ਸਿੱਖ, ਈਸਾਈ ਸਮਾਜਾਂ ਦਾ ਸੰਗਮ ਹੋ ਨਿਬੜਿਆ । ਪੰਜਾਬੀ ਕਾਰੋਬਾਰੀਆਂ ਵੱਲੋਂ ਸਪੌਂਸਰ ਕਰਨ ਤੇ ਦਰਸ਼ਕਾਂ ਲਈ ਐਂਟਰੀ ਫਰੀ ਰੱਖੀ ਗਈ। ਅੰਗਰੇਜ਼ ਸਿੰਘ, ਪੈਨੀ ਸਿੱਧੂ, ਬੌਬੀ ਸੰਧੂ, ਜਗਜੀਤ ਮਾਂਗਟ, ਅਜਮੇਰ ਸਿੰਘ, ਦਵਿੰਦਰ ਸਿੰਘ, ਡੀ ਸੀ ਬੁੱਟਰ, ਅੰਮ੍ਰਿਤ ਵਿਰਕ, ਜੋਗਾ ਸੰਧੂ, ਪ੍ਰਦੀਪ ਸਿੰਘ, ਹਰਜੀਤ ਢੇਸੀ, ਸੁਰਿੰਦਰ ਬੇਕਰ, ਸ਼ੇਰਾ ਰੰਧਾਵਾ, ਮਨਵੀਰ ਸਿੰਘ, ਸੁਰਿੰਦਰ ਖਿੰਦ, ਰੋਹਿਤ ਅਤੇ ਕ੍ਰਿਸ ਓਲੀਘ ਇਸ ਦੇ ਸਪੌਂਸਰ ਸਨ। ਇਨ੍ਹਾਂ ਦੁਆਰਾ ਖੇਡੇ ਗਏ ਨਾਟਕ 'ਬੁੱਕਲ ਦੀ ਅੱਗ' ਨੇ ਯੂਨੀਵਰਸਿਟੀ ਵਿਚ ਪਹਿਲਾ ਸਥਾਨ ਹਾਸਿਲ ਕੀਤਾ।

# ਗੁਰਦੁਆਰਾ ਸਾਹਿਬ ਟਰੇਸੀ ਵਿਖੇ ਧਾਰਮਿਕ ਕਵੀ ਦਰਬਾਰ ਸਜਾਏ ਗਏ




**ਟਰੇਸੀ (ਕੈਲੇਫੋਰਨੀਆ), (ਬਿਊਰੋ)**- ਅਮਰੀਕੀ ਪੰਜਾਬੀ ਕਵੀਆਂ ਵੱਲੋਂ ਸਿੱਖ ਵਿਰਸਾ ਅਤੇ ਗੁਰ ਇਤਿਹਾਸ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਗੁਰਦੁਆਰਾ ਸਾਹਿਬ ਟਰੇਸੀ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਗੁਰਦੁਆਰਾ ਸਕੱਤਰ ਭਾਈ ਤਰਨਜੀਤ ਸਿੰਘ ਸੰਧੂ ਵੱਲੋਂ ਪੰਜਾਬੀ ਸ਼ਾਇਰ ਪ੍ਰਮਿੰਦਰ ਸਿੰਘ ਪ੍ਰਵਾਨਾ ਦੀ ਜਾਣ ਪਛਾਣ ਕਰਵਾਉਂਦੇ ਹੋਏ ਧਾਰਮਿਕ ਕਵੀ ਦਰਬਾਰ ਦੀ ਕਾਰਵਾਈ ਨਿਭਾਉਣ ਦਾ ਸੱਦਾ ਦਿੱਤਾ ਗਿਆ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਕਿਹਾ ਕਿ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਕਾਵਿ ਪ੍ਰਵਾਹ ਤੋਂ ਸੇਧ ਲੈਕੇ ਦੂਰ ਦਰਾਜ ਦੇ ਗੁਰਦੁਆਰਿਆਂ ਵਿਚ ਧਾਰਮਿਕ ਕਵੀ ਦਰਬਾਰ ਸਜਾਏ ਜਾਂਦੇ ਹਨ।

ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਮਾਸਟਰ ਸੁਰਜੀਤ ਸਿੰਘ ਟਰੇਸੀ, ਜਸਦੀਪ ਸਿੰਘ ਫਰੀਮਾਂਟ, ਪ੍ਰਮਿੰਦਰ ਸਿੰਘ ਪ੍ਰਵਾਨਾ, ਤਰਸੇਮ ਸਿੰਘ ਸੁੰਮਨ, ਮਹਿੰਦਰ ਸਿੰਘ ਰਾਜਪੂਤ ਆਦਿ ਸ਼ਾਮਲ ਹੋਏ।

# ਵਾਸ਼ਿੰਗਟਨ ਪੁਲ 'ਤੇ ਲੀਹੋਂ ਲੱਥੀ ਐਮ ਟਰੈਕ ਟਰੇਨ, 6 ਮੌਤਾਂ, 77 ਜ਼ਖਮੀ !

**ਟਕੋਮਾਂ (ਵਾਸ਼ਿੰਗਟਨ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ-** ਅਮਰੀਕਾ ਦੀ ਸਟੇਟ ਵਾਸ਼ਿੰਗਟਨ ਦੇ ਸ਼ਹਿਰ ਸਿਆਟਲ ਤੋਂ ਥੋੜ੍ਹਾ ਅਗਾਂਹ ਟਕੋਮਾਂ ਤੋਂ ਪੋਰਟਲੈਂਡ ਵੱਲ ਨਵੇਂ ਤੇਜ਼ ਰੂਟ 'ਤੇ ਜਾਂਦੀ ਐਮਟਰੈਕ ਟਰੇਨ ਹਾਈਵੇਅ ਆਈ-5 'ਤੇ ਬਣੇ ਇਕ ਪੁ.ਲ ਤੋਂ ਲੀਹੋਂ ਲਹਿ ਕੇ ਹਾਈਵੇਅ 'ਚ ਡਿਗ ਪਈ, ਜਿਸ ਕਾਰਨ 6 ਲੋਕਾਂ ਦੇ ਮਾਰੇ ਜਾਣ ਅਤੇ 77 ਲੋਕਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਟਰੇਨ 'ਚ 5 ਮੁਲਾਜ਼ਮਾਂ ਸਮੇਤ ਕੁੱਲ 83 ਜਣੇ ਸਵਾਰ ਸਨ। ਪ੍ਰਾਪਤ ਜਾਣਕਾਰੀ ਅਨੁਸਾਰ ਸਥਾਨਕ ਸਮੇਂ ਮੁਤਾਬਕ ਐਮਟਰੈਕ ਟਰੇਨ ਫਰੀਵੇਅ 'ਤੇ ਬਣੇ ਪੁਲ ਉਤੋਂ ਲੰਘ ਰਹੀ ਸੀ ਕਿ ਅਚਾਨਕ ਉਹ ਲੀਹੋਂ ਲੱਥ ਗਈ, ਜਿਸ ਕਾਰਨ ਗੱਡੀ



ਦੇ ਕਈ ਡੱਬੇ ਪੁਲ ਤੋਂ ਹੇਠਾਂ ਲਟਕ ਗਏ। ਇਸ ਹਾਦਸੇ ਕਾਰਨ ਘੱਟੋਂ-ਘੱਟ 6 ਲੋਕਾਂ ਦੇ ਮਾਰੇ ਜਾਣ ਦੀ ਖਬਰ ਹੈ, ਜਦੋਂਕਿ 77 ਲੋਕ ਜ਼ਖਮੀ ਹੋ ਗਏ ਹਨ। ਜਾਣਕਾਰੀ ਮੁਤਾਬਕ ਇਹ ਰੇਲ ਗੱਡੀ ਨਵੇਂ ਹਾਈ ਸਪੀਡ ਸਰਵਿਸ ਲਿੰਕ ਸੀਆਟਲ ਅਤੇ ਪੋਰਟਲੈਂਡ ਵਿਚਕਾਰ ਚਲਦੀ ਹੈ। ਜਦੋਂ ਇਹ ਟਰੇਨ ਸਵੇਰੇ ਡੁਪੌਂਟ ਦੇ ਇੰਟਰਸਟੇਟ 5 'ਤੇ ਬਣੇ ਪੁਲ ਲੰਘ ਰਹੀ ਸੀ ਤਾਂ ਅਚਾਨਕ ਲੀਹੋਂ ਲੱਥ ਗਈ। ਹਾਲਾਂਕਿ ਅਧਿਕਾਰਤ ਤੌਰ 'ਤੇ ਮੌਤਾਂ ਦੀ ਪੁਸ਼ਟੀ ਨਹੀਂ ਹੈ। ਯੂ. ਐਸ. ਆਫਿਸਲ ਦੇ ਅਧਿਕਾਰੀ ਮੁਤਾਬਕ ਮੁਤਾਬਕ ਘੱਟੋਂ-ਘੱਟੋਂ 6 ਲੋਕ ਮਾਰੇ ਗਏ ਹਨ।ਐਕਸੀਡੈਂਟ ਹੋਣ ਕਾਰਨ ਫਰੀਵੇਅ 5 ਕੰਮਾਂ ਸਮਾਂ ਬੰਦ ਰਿਹਾ ਜਿਸ ਕਰਕੇ ਯਾਤਰੀਆਂ ਨੂੰ ਭਾਰੀ ਦਿੱਕਤ ਦਾ ਸਾਹਮਣਾਂ ਕਰਨਾ ਪਿਆ।

'ਦੇਸ਼ ਦੁਆਬਾ'
ਹਰ ਹਫਤੇ ਛਪਣ ਵਾਲਾ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਵਿਆਹ-ਸ਼ਾਦੀਆਂ ਲਈ ਲੜਕੇ ਜਾਂ ਲੜਕੀ ਦੀ ਭਾਲ ਵਿਚ ਹੋ
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
1-916-947-8920 (ਫੋਨ), 1-916-238-1393 (ਫੈਕਸ)
E-mail : deshdoaba@yahoo.com
www.deshdoaba.com www.ambedkartimes.com

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਹਰ ਸ਼ਨੀਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।
ਜੇਕਰ ਕੋਈ ਖਬਰ ਜਾਂ ਲੇਖ ਨਹੀਂ ਛਪ ਸਕਿਆ ਤਾਂ ਹੋ ਸਕਦਾ ਹੈ ਉਹ ਸਾਡੇ ਤੱਕ ਨਹੀਂ ਪਹੁੰਚਿਆ,
ਦੁਬਾਰਾ ਯਾਦ ਕਰਵਾਏ ਜਾਣ ਲਈ ਧੰਨਵਾਦੀ ਹੋਵਾਂਗੇ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
1-916-947-8920 (ਫੋਨ), 1-916-238-1393 (ਫੈਕਸ)
E-mail : deshdoaba@yahoo.com
www.deshdoaba.com www.ambedkartimes.com

# ਸ਼੍ਰੀ ਗੁਰੂ ਰਵਿਦਾਸ ਘਰ ਕੈਲੇਗਰੀ ਵਿਖੇ ਮਨਾਇਆ ਬਾਬਾ ਸਾਹਿਬ ਦਾ ਪ੍ਰੀਨਿਰਵਾਨ ਦਿਵਸ

## ਬਾਬਾ ਸਾਹਿਬ ਨੇ ਜਾਤਪਾਤ ਖ਼ਤਮ ਕਰਨ ਤੇ ਮਨੁੱਖ਼ਤਾ ਦੀ ਭਲਾਈ ਲਈ ਸੰਘਰਸ਼ ਕੀਤਾ- ਬੁਲਾਰੇ



**ਫਗਵਾੜਾ (ਬੀ.ਕੇ. ਰੱਤੂ)** ਸ਼੍ਰੀ ਗੁਰੂ ਰਵਿਦਾਸ ਗੁਰੂ ਘਰ ਕੈਲੇਗਰੀ (ਕਨੇਡਾ) ਵਿਖੇ ਭਾਰਤੀ ਸੰਵਿਧਾਨ ਦੇ ਨਿਰਮਾਤਾ, ਸਮੁੱਚੀ ਮਾਨਵਤਾ ਦੇ ਮਸੀਹਾ, ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ ਪ੍ਰੀਨਿਰਵਾਣ ਦਿਵਸ ਬੜੀ ਸ਼ਰਧਾ ਪੂਰਵਕ ਮਨਾਇਆ ਗਿਆ। ਇਸ ਮੌਕੇ ਗੁਰੂ ਘਰ ਦੇ ਮੁੱਖ ਸੇਵਾਦਾਰ ਸੋਹਣ ਲਾਲ ਰੱਤੂ, ਕੈਸ਼ੀਅਰ ਹਰਬੰਸ ਮਹਿਮੀ, ਮਨੋਹਰ ਚੁੰਬਰ, ਦਿਆਲ ਕਕਰਾ, ਤੀਰਥ ਬੱਧਣ, ਰਾਜ ਨੌਰਾ, ਮੇਜਰ ਮੱਲ, ਰਾਜੇਸ਼ ਅੰਗਰਾਲ ਤੇ ਅੰਜੂ ਪਾਉਲ ਆਦਿ ਨੇ ਬਾਬਾ ਸਾਹਿਬ ਜੀ ਦੀ ਤਸਵੀਰ 'ਤੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਬਾਬਾ ਜੀ ਨੇ ਦੇਸ਼ ਵਿੱਚੋਂ ਜਾਤਪਾਤ ਨੂੰ ਖ਼ਤਮ ਕਰਨ ਅਤੇ ਦੱਬੇ ਕੁਚਲੇ ਵਰਗ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਸੰਘਰਸ਼ ਕੀਤਾ ਅਤੇ ਦੇਸ਼ ਦਾ ਸੰਵਿਧਾਨ ਲਿਖ ਕੇ ਭਾਰਤ ਦੇ ਹਰ ਨਾਗਰਿਕ ਨੂੰ ਕਾਨੂੰਨੀ ਹੱਕ ਲੈ ਕੇ ਦਿੱਤੇ। ਜਿਸ ਦੀ ਬਦੌਲਤ ਅੱਜ ਹਰ ਇੱਕ ਇਨਸਾਨ ਨੂੰ ਆਪਣੀ ਗੱਲ ਕਹਿਣ ਦਾ ਅਧਿਕਾਰ ਹੈ। ਉਕਤ ਆਗੂਆਂ ਨੇ ਕਿਹਾ ਕਿ ਭਾਰਤੀ ਸੰਵਿਧਾਨ ਦੁਨੀਆ ਵਿੱਚੋਂ ਸਭ ਤੋਂ ਵਧੀਆ ਸੰਵਿਧਾਨ ਮੰਨਿਆ ਜਾ ਰਿਹਾ ਹੈ। ਜੇਕਰ ਰਾਜ ਸੱਤ੍ਹਾ 'ਤੇ ਕਾਬਜ ਸਿਆਸੀ ਆਗੂ ਸੰਵਿਧਾਨ ਨੂੰ ਪੂਰੀ ਇਮਾਨਦਾਰੀ ਨਾਲ ਲਾਗੂ ਕਰਦੇ ਤਾਂ ਭਾਰਤ ਦੁਨੀਆ ਦੇ ਨਕਸ਼ੇ 'ਤੇ ਨੰਬਰ ਵੰਨ ਦੇਸ਼ ਹੋਣਾ ਸੀ। ਉਨ੍ਹਾਂ ਕਿਹਾ ਕਿ ਸਾਨੂੰ ਬਾਬਾ ਸਾਹਿਬ ਦੇ ਦੱਸੇ ਮਾਰਗ 'ਤੇ ਚੱਲਦਿਆਂ ਸਮਾਜ ਦੀ ਤਰੱਕੀ ਤੇ ਖ਼ੁਸ਼ਹਾਲੀ ਲਈ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਮੌਕੇ ਰਾਗੀ ਜਥੇ ਨੇ ਵੀ ਬਾਬਾ ਸਾਹਿਬ ਦੇ ਜੀਵਨ ਤੇ ਸੰਘਰਸ਼ 'ਤੇ ਚਾਨਣਾ ਪਾਇਆ। ਇਸ ਮੌਕੇ ਗੁਰੂ ਘਰ ਦੇ ਚੇਅਰਮੈਨ ਮਥਰਾ ਪ੍ਰਸ਼ਾਦ ਮਹੇ ਨੇ ਸਮਾਗਮ 'ਚ ਪਹੁੰਚੀਆਂ ਸੰਗਤਾਂ ਨੂੰ ਜੀ ਆਇਆ ਆਖਦਿਆਂ ਧੰਨਵਾਦ ਕੀਤਾ ਅਤੇ ਬਾਬਾ ਸਾਹਿਬ ਜੀ ਦੇ ਮਿਸ਼ਨ ਨੂੰ ਘਰ-ਘਰ, ਜਨ ਜਨ ਤੱਕ ਪਹੁੰਚਾਉਣ ਲਈ ਸਾਰਿਆਂ ਦਾ ਸਹਿਯੋਗ ਮੰਗਿਆ। ਇਸ ਮੌਕੇ ਰਾਕੇਸ਼ ਮੱਲ, ਆਨੀਸ਼ ਗਿੰਡਾ, ਹਰਬੰਸ ਮੱਲ, ਅਮਰਜੀਤ ਸੰਧੂ ਮੁੱਖ ਸਕੱਤਰ, ਸਕੱਤਰ ਅਮਰਜੀਤ ਲਾਲ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ। ਸਟੇਜ ਸਕੱਤਰ ਦੀ ਭੂਮਿਕਾ ਅਮਰਜੀਤ ਸੰਧੂ ਤੇ ਅਮਰਜੀਤ ਲਾਲ ਨੇ ਬਾਖ਼ੂਬੀ ਨਿਭਾਈ।

# ਡਾ.ਅੰਬੇਡਕਰ ਅਤੇ ਸਾਹਿਬ ਕਾਂਸ਼ੀ ਰਾਮ ਦਾ ਪ੍ਰੀਨਿਰਵਾਣ ਦਿਵਸ ਮਨਾਇਆ



**ਅਲਾਵਲਪੁਰ (ਮਦਨ ਬੰਗੜ)–** ਵਿਸ਼ਵ ਰਤਨ, ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮਰਾਓ ਅੰਬੇਦਕਰ ਜੀ ਅਤੇ ਬਹੁਜਨ ਸਮਾਜ ਦੇ ਮਸੀਹਾ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਪ੍ਰੀਨਿਰਵਾਣ ਦਿਵਸ ਸ੍ਰੀ ਗੁਰੂ ਰਵਿਦਾਸ ਸਭਾ ਅਤੇ ਸਮੂਹ ਸੰਗਤ ਪੈਰਿਸ ਵੱਲੋਂ ਸ਼ਰਧਾ ਨਾਲ ਮਨਾਇਆ। ਇਸ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਅਸ਼ੋਕ ਭੁੱਲਰ ਉਚੇਚੇ ਤੌਰ 'ਤੇ ਸ਼ਾਮਲ ਹੋਏ। ਵੱਖ ਵੱਖ ਬੁਲਾਰਿਆਂ, ਬੁੱਧੀਜੀਵੀਆ ਵੱਲੋਂ ਬਾਬਾ ਸਾਹਿਬ ਅਤੇ ਸਾਹਿਬ ਕਾਂਸ਼ੀ ਰਾਮ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਤੋਂ ਪਹਿਲਾਂ ਰੱਖੇ ਗਏ ਸ੍ਰੀ ਅਖੰਡ ਪਾਠਾਂ ਦੇ ਭੋਗ ਪਾਏ ਗਏ। ਸਮਾਗਮ ਵਿਚ ਵੱਖ ਵੱਖ ਬੁਲਾਰਿਆਂ ਨੇ ਦੋਵੇਂ ਸ਼ਖਸੀਅਤਾਂ ਦੇ ਜੀਵਨ ਅਤੇ ਸੰਘਰਸ਼ ਤੇ ਚਾਨਣਾ ਪਾਇਆ। ਸਮਾਗਮ ਸਮੇਂ ਚਮਨ ਲਾਲ, ਪਰਮਿੰਦਰ ਸਿੰਘ, ਰੋਸ਼ਨ ਗੁਰੂ ਅਤੇ ਗੁਰੂ ਰਵਿਦਾਸ ਸਭਾ ਪੈਰਿਸ ਫਰਾਂਸ ਵੱਲੋਂਸੇਵਾਵਾਂ ਬਾਖ਼ੂਬੀ ਨਿਭਾਈਆਂ। ਅਖੰਡ ਪਾਠਾਂ ਦੀ ਸੇਵਾ ਲਾਲ ਸਿੰਘ ਵੱਲੋਂ ਅਤੇ ਲੰਗਰ ਦੀ ਸੇਵਾ ਭਾਟੀਆ ਦਰਸ਼ਨ ਰਾਮ ਵੱਲੋਂ ਬਾਖ਼ੂਬੀ ਨਿਭਾਈ ਗਈ।

# ਰਹਿਬਰਾਂ ਦੀ ਵਿਚਾਰਧਾਰਾ ਨੇ ਦਿੱਤੀ ਸਮਾਜ ਸੇਵੀ ਕੰਮਾਂ ਦੀ ਪ੍ਰੇਰਨਾ- ਅਜੇ ਗਾਹਟ

**ਸ਼ਾਮਚੁਰਾਸੀ (ਚੁੰਬਰ)–** ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਅਤੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਨੇ ਸਾਨੂੰ ਅਧਿਆਤਮਿਕ ਕ੍ਰਾਂਤੀਕਾਰੀ ਵਿਚਾਰਧਾਰਾ ਦੇ ਨਾਲ - ਨਾਲ ਸਮਾਜ ਸੇਵੀ ਕੰਮਾਂ ਦੀ ਪਹਿਰੇਦਾਰੀ ਕਰਨ ਦੀ ਵੀ ਪ੍ਰੇਰਨਾ ਦਿੱਤੀ ਹੈ। ਇਹ ਸ਼ਬਦ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਅਤੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਮਿਸ਼ਨ ਨਾਲ ਪਿਆਰ ਕਰਨ ਵਾਲੇ ਪ੍ਰਵਾਸੀ ਭਾਰਤੀ ਅਜੇ ਕੁਮਾਰ ਗਾਹਟ ਨੇ ਇਕ ਫੋਨ ਮੁਲਾਕਾਤ ਦੌਰਾਨ ਕਹੇ। ਉਨ੍ਹਾਂ ਗੁਰੂ ਰਵਿਦਾਸ ਮਹਾਰਾਜ ਜੀ ਦੇ 31 ਜਨਵਰੀ ਨੂੰ ਆ ਰਹੇ 641ਵੇਂ ਆਗਮਨ ਪੁਰਬ ਦੀਆਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ 'ਅਲ-ਖੋਦਰ ਡਿਕੋਰ ਐਂਡ ਜਨਰਲ ਮੈਂਟੀਨੈਂਸ ਕੰਪਨੀ ਦੁਬਈ' ਵਲੋਂ ਬਹੁਤ ਸਾਰੀਆਂ ਵਧਾਈਆਂ ਦਿੱਤੀਆਂ। ਅਜੇ ਗਾਹਟ ਜਿੱਥੇ ਆਪਣੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਰਹਿਤ ਜ਼ਿੰਦਗੀ ਜਿਊਣ ਲਈ ਪ੍ਰੇਰਿਤ ਕਰਦੇ ਹਨ। ਉਥੇ ਹੀ ਉਹ ਸਮਾਜ ਸੇਵਾ ਦੇ ਕਾਰਜਾਂ ਦੇ ਪਹਿਰੇਦਾਰੀ ਕਰਦਿਆਂ ਗੁਰੂ ਕਿਰਪਾ ਇੰਟਰਨੈਸ਼ਨਲ ਕੰਨਿਆਂ ਦਾਨ ਸੰਸਥਾ ਦੁਬਈ ਦੇ ਵਾਈਸ ਚੇਅਰਮੈਨ ਵੀ ਹਨ। ਜੋ ਹਰ ਸਾਲ ਪੰਜਾਬ ਦੇ ਗਰੀਬ ਲੋੜਵੰਦ ਪਰਿਵਾਰਾਂ ਦੀਆਂ ਗਰੀਬ ਲੜਕੀਆਂ ਦੇ ਆਨੰਦ ਕਾਰਜ ਕਰਵਾਉਂਦੇ ਹਨ। ਅਜੇ ਗਾਹਟ ਸਤਿਗੁਰਾਂ ਦੇ ਮਿਸ਼ਨ ਬਾਣੀ ਨੂੰ ਦੁਬਈ ਤੋਂ ਇਲਾਵਾ ਅਮਰੀਕਾ ਅਤੇ ਕੈਨੇਡਾ ਆਦਿ ਵਿਚ ਵੀ ਪ੍ਰਚਾਰ ਰਹੇ ਹਨ। ਜਿਸ ਦੀ ਪ੍ਰੇਰਨਾ ਉਨ੍ਹਾਂ ਨੂੰ ਪਿਤਾ ਸ਼੍ਰੀ ਜੈ ਰਾਮ ਜੀ ਅਤੇ ਮਾਤਾ ਸ਼੍ਰੀਮਤੀ ਸਵਰਨ ਕੌਰ ਜੀ ਤੋਂ ਮਿਲੀ, ਜੋ ਸਟੋਕਟੌਨ ਇੰਡੀਆ ਬਜ਼ਾਰ ਯੂ ਐਸ ਏ ਵਿਚ ਇਕ ਗ੍ਰੋਸਰੀ ਸਟੋਰ ਚਲਾ ਰਹੇ ਹਨ। ਅਜੇ ਗਾਹਟ ਦੁਬਈ ਵਿਚ ਇਕ ਸਥਾਪਿਤ ਬਿਜਨੈਸਮੈਨ ਹਨ, ਜੋ ਆਪਣੀ ਪਤਨੀ ਸਰਬਜੀਤ ਕੌਰ ਅਤੇ ਬੱਚੀਆਂ ਦਾਨੀਸ਼ਾ ਗਾਹਟ, ਓਮੀਸ਼ਾ ਗਾਹਟ ਅਤੇ ਬਾਨੀ ਗਾਹਟ ਨਾਲ ਜ਼ਿੰਦਗੀ ਦਾ ਸਫ਼ਰ ਕਰ ਰਹੇ ਹਨ। ਉਹ ਆਪਣੇ ਬ੍ਰਦਰ ਹਰਜੀਤ ਕੁਮਾਰ, ਜਸਵੀਰ ਕੌਰ ਅਮਰੀਕਾ ਅਤੇ ਭੈਣ ਕੁਲਵਿੰਦਰ ਗੰਗੜ ਕੈਨੇਡਾ ਦਾ ਬੇਹੱਦ ਰਿਣੀ ਹੈ।



# ਵਿਦਿਅਕ ਖੇਤਰ ਵਿਚ ਵੀ ਮਾਰ ਰਹੇ ਨੇ ਪੰਜਾਬੀ ਮੱਲਾਂ, ਗ੍ਰੇਡ ਏ ਲੈ ਕੇ 'ਰਚਨਾ ਰੱਤੂ' ਨੇ ਸਿਰਜਿਆ ਇਤਿਹਾਸ



**ਸ਼ਾਮਚੁਰਾਸੀ (ਚੁੰਬਰ)–** ਵਿਦੇਸ਼ ਦੀ ਧਰਤੀ ਤੇ ਜਿੱਥੇ ਵੀ ਪੰਜਾਬੀ ਵਸਦੇ ਹਨ, ਉਹ ਉਥੇ ਹੀ ਆਪਣੀ ਮਿਹਨਤ ਅਤੇ ਦ੍ਰਿੜ ਇਰਾਦਿਆਂ ਕਰਕੇ ਹਰ ਔਖੀ ਤੋਂ ਔਖੀ ਮੰਜ਼ਿਲ ਨੂੰ ਪ੍ਰਾਪਤ ਕਰ ਲੈਂਦੇ ਹਨ। ਭਾਵੇਂ ਉਹ ਖੇਤਰ ਸਭਿਆਚਾਰ ਦਾ ਹੋਵੇ, ਭਾਵੇਂ ਸਮਾਜਿਕ ਹੋਵੇ ਤੇ ਭਾਵੇਂ ਐਜੂਕੇਸ਼ਨ ਦਾ। ਐਜੂਕੇਸ਼ਨ ਦੇ ਖੇਤਰ ਵਿਚ ਪੰਜਾਬ ਦੇ ਗੋਰਾਇਆਂ ਇਲਾਕੇ ਦੀ ਨੂੰਹ ਰਚਨਾ ਰੱਤੂ ਨੇ ਆਸਟ੍ਰੇਲੀਆ ਵਿਖੇ 'ਮਾਸਟਰ ਆਫ਼ ਪ੍ਰੋਫੈਸ਼ਨਲ ਅਕਾਂਊਟਿੰਗ ਐਂਡ ਮਾਸਟਰ ਆਫ਼ ਬਿਸਨੈਸ ਐਡਮਨਿਸਟ੍ਰੇਸ਼ਨ ਕੋਰਸ' ਵਿਚ ਗ੍ਰੇਡ ਏ ਲੈ ਕੇ ਪੰਜਾ-ਬੀਆਂ ਦਾ ਨਾਮ ਵਿਦਿਅਕ ਖੇਤਰ ਵਿਚ ਉੱਚਾ ਕੀਤਾ ਹੈ। ਇਸ ਸਬੰਧੀ ਰਚਨਾ ਰੱਤੂ ਤੇ ਉਸ ਦੇ ਪਤੀ ਤਜਿੰਦਰ ਰੱਤੂ ਨੇ ਦੱਸਿਆ ਕਿ ਉਹ ਹਾਲਮਿਸ ਇੰਸੀਚਿਊਟ ਬ੍ਰਿਸਬੇਨ ਕੈਂਪਸ ਆਸਟੇਲੀਆ ਦੀ ਸਟੂਡੈਂਟ ਹੈ, ਜਿੱਥੇ ਉਸ ਨੇ ਹਜ਼ਾਰਾਂ ਵਿਦਿਆਰਥੀਆਂ ਵਿਚ ਇਹ ਵਿਦਿਅਕ ਮਾਰਕਾ ਮਾਰਿਆ ਹੈ। ਜ਼ਿਕਰਯੋਗ ਹੈ ਕਿ ਰਚਨਾ ਰੱਤੂ ਪੰਜਾਬ ਦੇ ਨਾਮਵਰ ਗੀਤਕਾਰ ਰੱਤੂ ਰੰਧਾਵਾ ਦੀ ਨੂੰਹ ਅਤੇ ਤਜਿੰਦਰ ਰੱਤੂ ਉਸ ਦਾ ਵੱਡਾ ਸਪੁੱਤਰ ਹੈ। ਇਸ ਵਿਦਿਅਕ ਕਾਮਯਾਬੀ ਲਈ ਗੀਤਕਾਰ ਰੱਤੂ ਰੰਧਾਵਾ ਨੇ ਚੁਫੇਰਿਓ ਵਧਾਈ ਦੇ ਸੰਦੇਸ਼ ਮਿਲ ਰਹੇ ਹਨ। ਉਨ੍ਹਾਂ ਨੇ ਇਸ ਕਾਮਯਾਬੀ ਨੂੰ ਸਤਿਗੁਰੂ ਰਵਿਦਾਸ ਮਹਾਰਾਜ ਜੀ, ਬਾਬਾ ਸਾਹਿਬ ਡਾ. ਬੀ ਆਰ ਅੰਬੇਡਕਰ ਜੀ ਦਾ ਆਸ਼ੀਰਵਾਦ ਅਤੇ ਪ੍ਰੇਰਨਾ ਦੱਸੀ ਹੈ।

# ਧਰਮਪ੍ਰੀਤ ਸਿੰਘ ਜੱਸੜ ਦੇ ਕਤਲ ਵਿੱਚ ਗ੍ਰਿਫਤਾਰ ਕੀਤਾ ਦੂਸਰਾ ਮੁਲਜ਼ਮ ਵੀ ਪੰਜਾਬੀ!

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਪਿਛਲੇ ਦਿਨੀ ਫਰਿਜ਼ਨੋ ਦੇ ਲਾਗਲੇ ਸ਼ਹਿਰ ਮਡੇਰਾ ਦੇ ਟਾਕਲ ਬੌਕਸ ਗੈਸ ਸਟੇਸ਼ਨ ਤੇ ਰੌਬਰੀ ਦੌਰਾਂਨ ਪੰਜਾਬੀ ਨੌਜਵਾਨ ਧਰਮਪ੍ਰੀਤ ਸਿੰਘ ਜੱਸੜ (20) ਜਿਸ ਦਾ ਪਿਛਲਾ ਪਿੰਡ ਖੋਥੜਾ (ਫਗਵਾੜਾ) ਨੂੰ ਗੋਲੀਆਂ ਮਾਰਕੇ ਕਤਲ ਕਰ ਦਿੱਤਾ ਗਿਆ ਸੀ। ਮੰਡੇਰਾ ਕਾਊਂਟੀ ਸ਼ੈਰਫ ਡਿਪਾਰਟਮੈਂਟ ਨੇ ਮਡਿੱਸਟੋ ਨਿਵਾਸੀ ਅੰਮ੍ਰਿਤਰਾਜ ਸਿੰਘ ਅਟਵਾਲ (22) ਨੂੰ ਧਰਮਪ੍ਰੀਤ ਦੇ ਕਤਲ ਦੇ ਦੋਸ਼ ਹੇਠ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਿਆ ਸੀ ਅਤੇ ਹੁਣ ਅੰਮ੍ਰਿਤਰਾਜ ਦੇ ਹੀ ਚਚੇਰੇ ਭਰਾ ਸਾਭੀਰੰਤ ਸਿੰਘ ਅਟਵਾਲ (24) ਫਰਿਜ਼ਨੋ ਨਿਵਾਸੀ ਨੂੰ ਵੀ ਇਸੇ ਕੇਸ ਦੇ ਦੂਸਰੇ ਕਥਿਤ ਦੋਸ਼ੀ ਦੇ ਤੌਰ ਤੇ ਗ੍ਰਿਫਤਾਰ ਕਰ ਲਿਆ ਹੈ। ਇਸ ਪੂਰੇ ਘਟਨਾ ਕਰਮ ਦੌਰਾਨ ਪੰਜਾਬੀ ਭਾਈਚਾਰਾ ਡਾਢੇ ਸਦਮੇ ਵਿੱਚ ਹੈ ਕਿ ਇਹਨਾਂ ਨੌਜਵਾਨਾਂ ਨੇ ਇੱਕ ਨਹੀਂ ਬਲਕਿ ਤਿੰਨ ਘਰ ਉਜਾੜ ਦਿੱਤੇ ਹਨ। ਦੱਸਣਯੋਗ ਹੈ ਕਿ ਨੌਜਵਾਨ ਧਰਮਪ੍ਰੀਤ ਸਿੰਘ ਜੱਸੜ (20) ਮਾਪਿਆ ਦਾ ਇਕਲੌਤਾ ਪੁੱਤਰ ਸੀ, ਜੋ 2 ਸਾਲ ਪਹਿਲਾਂ ਹੀ ਪੜ੍ਹਾਈ ਕਰਨ ਲਈ ਅਮਰੀਕਾ ਆਇਆ ਸੀ।


ਧਰਮਪ੍ਰੀਤ ਸਿੰਘ ਜੱਸੜ

# ਫਰੀਮਾਂਟ ਵਿਖੇ 7 ਜਨਵਰੀ ਨੂੰ ਕਰਾਏ ਜਾ ਰਹੇ 'ਛਣਕਾਟਾ ਵੰਗਾਂ ਦਾ' ਵਿੱਚ ਐਤਕਾਂ ਉਚ ਕੋਟੀ ਦੇ ਗਾਇਕ, ਕਮੇਡੀ ਕਲਾਕਾਰ ਤੇ ਉਘੇ ਸਮਾਜਿਕ ਸ਼ਖਸੀਅਤਾਂ ਹਾਜਰੀ ਭਰਨਗੀਆਂ



**ਫਰੀਮਾਂਟ (ਹੁਸਨ ਲੜੋਆ ਬੰਗਾ)–** 'ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ' ਅਤੇ ਐਸ ਅਸ਼ੋਕ ਭੌਰਾ ਵਲੋਂ ਸ੍ਰੀ ਅਮੋਲਕ ਸਿੰਘ ਗਾਖਲ ਅਤੇ ਮੱਖਣ ਸਿੰਘ ਬੈਂਸ ਦੀ ਸਰਪ੍ਰਸਤੀ ਹੇਠ 7 ਜਨਵਰੀ 2018 ਸਦਨ ਐਤਵਾਰ ਨੂੰ ਪੈਰਾਡਾਈਜ਼ ਬਾਲਰੂਮਸ 4100 ਪਰਿਆਲਟਾ ਬੁਲੇਵਾਰਡ ਫਰੀਮਾਂਟ (ਕੈਲੇਫੋਰਨੀਆਂ) ਵਿਖੇ ਕਰਵਾਏ ਜਾ ਰਹੇ ਪੰਜਵੇਂ 'ਛਣਕਾਟਾ ਵੰਗਾਂ ਦਾ' ਪ੍ਰੋਗਰਾਮ ਦੇ ਮੁੱਖ ਮਹਿਮਾਨ ਸਰੀ (ਕੈਨੇਡਾ) ਦੇ ਪੰਜਾਬ ਭਵਨ ਦੇ ਸੰਚਾਲਕ ਤੇ ਨਾਮੀ ਸ਼ਖਸੀਅਤ ਸੁੱਖੀ ਬਾਠ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਣਗੇ। ਇੱਥੇ ਰਾਜਾ ਸਵੀਟਸ ਵਿਖੇ ਇੱਕੀ ਐਂਟਰਟੇਨਮੈਂਟ ਦੀ ਮੀਟਿੰਗ ਸ੍ਰੀ ਅਮੋਲਕ ਸਿੰਘ ਗਾਖਲ ਤੇ ਮੱਖਣ ਸਿੰਘ ਬੈਂਸ ਦੀ ਸਰਪ੍ਰਸਤੀ ਹੇਠ ਹੋਈ ਸਜਸ ਸਵਚ ਪ੍ਰੋਗਰਾਮ ਦੀ ਰੂਪ ਰੇਖਾ ਸੰਚਾਲਨਾ ਅਤੇ ਪ੍ਰਬੰਧਾਂ ਦਾ ਸਵਸ਼ਲੇਸ਼ਣ ਕੀਤਾ ਗਿਆ। ਮੀਟਿੰਗ ਸਵਚ ਇਸ ਪ੍ਰੋਗਰਾਮ ਲਈ ਸਵਸ਼ੇਸ਼ ਮਹਿਮਾਨ ਵਜੋਂ ਪੁੱਜਣ ਵਾਲੇ ਉੱਘੇ ਕਾਰੋਬਾਰੀ ਅਮਰੀਕ ਸਿੰਘ ਸ਼ਿਕਾਗੋ, ਅਵਤਾਰ ਸਿੰਘ ਓਹਾਇਓ, ਰਜਿੰਦਰ ਕੁਮਾਰ ਪਹਿਲਵਾਨ ਹਿਊਸਟਨ, ਨਛੱਤਰ ਸਿੰਘ ਗੋਸਲ ਰੀਨੋ ਦੀ ਹਾਜ਼ਰੀ ਦਾ ਧੰਨਵਾਦ ਕਰਦਿਆਂ ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਅਮਰੀਕਾ ਅਤੇ ਕੈਨੇਡਾ ਤੋਂ ਗੀਤ, ਸੰਗੀਤ ਅਤੇ ਸੱਭਿਆਚਾਰ ਨੂੰ ਪਿਆਰ ਕਰਨ ਵਾਲੀਆਂ ਹੋਰ ਸ਼ਖਸੀਅਤਾਂ ਦੇ ਪੁੱਜਣ ਦੀ ਵੀ ਉਮੀਦ ਹੈ। ਪ੍ਰੋਗਰਾਮ ਬਾਅਦ ਦੁਪਹਿਰ 1 ਵਜੇ ਸ਼ੁਰੂ ਹੋਵੇਗਾ ਜੋ ਦੇਰ ਸ਼ਾਮ ਤੱਕ ਚੱਲੇਗਾ। ਯਾਦ ਰਹੇ ਕਿ ਇਸ ਪ੍ਰੋਗਰਾਮ ਵਿਚ ਉੱਘੀ ਲੋਕ ਗਾਇਕਾ ਅੰਮਰਿਤਾ ਵਿਰਕ, 'ਪਿੰਡਾਂ ਵਾਲੇ ਜੱਟ' ਫੇਮ ਸੋਨਾ ਵਾਲੀਆ, 'ਵਾਇਸ ਆਫ ਪੰਜਾਬ' ਹਰਗੁਣ, 'ਸ਼ੋਰਾ ਹਰਿਆਣੇ ਕਾ ਫੇਮ' ਸੱਤੀ ਸਤਵਿੰਦਰ ਅਤੇ ਕਮੇਡੀ ਕਿੰਗ ਭਜਨਾ ਅਮਲੀ ਤੋਂ ਸਿਵਾ ਤਰਲੋਕ ਸਿੰਘ, ਅਨੂਪ ਚੀਮਾ ਤੇ ਸੱਤੀ ਪਾਬਲਾ ਵੀ ਪ੍ਰੋਗਰਾਮ ਦੀ ਸ਼ਾਨ ਬਣਨਗੇ। ਅਜੇ ਭੰਗੜਾ ਅਕੈਡਮੀ ਦਾ ਗਿੱਧਾ, ਜਯਾ ਸ਼ਰਮਾ ਦੀ ਕੋਰੀਓਗਰਾਫੀ ਅਤੇ ਮਲਵਈ ਬਾਬਿਆਂ ਦਾ ਗਿੱਧਾ ਵਿਸ਼ੇਸ਼ ਆਕਰਸ਼ਣ ਹੋਵੇਗਾ। ਮੁੱਖ ਪ੍ਰਬੰਧਕ ਐਸ ਅਸ਼ੋਕ ਭੌਰਾ ਨੇ ਕਿਹਾ ਕਿ ਸਿਹਤਮੰਦ ਤੇ ਮਿਆਰੀ ਪੰਜਾਬੀ ਗੀਤ ਸੰਗੀਤ ਵਾਲੇ ਇਸ ਪ੍ਰੋਗਰਾਮ ਵਿਚ ਸਮੂਹ ਪੰਜਾਬੀਆਂ ਨੂੰ ਸ਼ਾਮਲ ਹੋਣ ਦਾ ਖੁੱਲਾ ਸੱਦਾ ਹੈ ਅਤੇ ਪ੍ਰੋਗਰਾਮ 'ਚ ਚਾਹ ਪਾਣੀ ਦੇ ਨਾਲ ਨਾਲ ਐਂਟਰੀ ਮੁਫਤ ਹੋਵੇਗੀ।

ਦੇਸ਼ ਦੁਆਬਾ

# ਹਾਲ ਦੀਆਂ ਚੋਣਾਂ ਦੇ ਸੰਦੇਸ਼

ਭਾਰਤ ਵਿਚ ਹਾਲ ਹੀ ਵਿਚ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਦੋ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਹੋ ਕੇ ਹਟੀਆਂ ਹਨ ਅਤੇ ਇਸ ਦੇ ਨਾਲ ਹੀ ਪੰਜਾਬ ਵਿਚ ਨਗਰ ਪੰਚਾਇਤਾਂ ਦੀਆਂ ਚੋਣਾਂ ਹੋਈਆਂ ਹਨ। ਇਹਨਾਂ ਚੋਣਾਂ ਵਿਚ ਗੁਜਰਾਤ ਸਭ ਤੋਂ ਵੱਧ ਅਹਿਮ ਇਸ ਕਰਕੇ ਰਿਹਾ ਕਿਉਂਕਿ ਇਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਗ੍ਰਹਿ ਰਾਜ ਹੈ ਅਤੇ ਇੱਥੇ ਪਿਛਲੇ 22 ਸਾਲਾਂ ਤੋਂ ਨਿਰੰਤਰ ਭਾਜਪਾ ਦਾ ਸ਼ਾਸਨ ਹੈ। ਇਸ ਵਾਰ ਕਾਂਗਰਸ ਨੇ ਪੂਰਾ ਜੋਰ ਲਗਾ ਕੇ ਗੁਜਰਾਤ ਜਿੱਤਣ ਦੀ ਕੋਸ਼ਿਸ਼ ਕੀਤੀ ਪਰ ਜਿੱਤ ਨਹੀਂ ਸਕੇ। ਹਾਲਾਂਕਿ ਇਸ ਜਿੱਤ ਨੂੰ ਇਸ ਵਾਰ ਭਾਜਪਾ ਦੀ ਵੀ ਜਿੱਤ ਨਹੀਂ ਕਿਹਾ ਜਾ ਸਕਦਾ ਕਿਉਂਕਿ ਦੋਵੇਂ ਪਾਰਟੀਆਂ ਦਾ ਵੋਟ ਪ੍ਰਤੀਸ਼ਤ ਸਿਰਫ 8 ਫੀਸਦੀ ਦੇ ਫਰਕ ਨਾਲ ਰਿਹਾ ਹੈ। ਹਿਮਾਚਲ ਵਿਚ ਕਾਂਗਰਸ ਦੀ ਸਰਕਾਰ ਸੀ ਅਤੇ ਉਥੇ ਸਰਕਾਰ ਵਿਰੋਧੀ ਲਹਿਰ ਨੇ ਭਾਜਪਾ ਨੂੰ ਵੱਡਾ ਫਾਇਦਾ ਪਹੁੰਚਾਇਆ ਹੈ। ਇਹਨਾਂ ਦੋਵੇਂ ਸੂਬਿਆਂ ਦੀਆਂ ਚੋਣਾਂ ਨੇ ਭਾਜਪਾ ਖਾਸ ਕਰਕੇ ਨਰਿੰਦਰ ਮੋਦੀ ਨੂੰ 2019 ਦੀਆਂ ਚੋਣਾਂ ਵਿਚ ਪੂਰੀ ਤਾਕਤ ਨਾਲ ਉਤਰਨ ਦਾ ਮੌਕਾ ਜ਼ਰੂਰ ਦੇ ਦਿੱਤਾ ਹੈ।

ਜਿੱਥੋਂ ਤੱਕ ਪੰਜਾਬ ਦੀਆਂ ਨਗਰ ਪੰਚਾਇਤ ਚੋਣਾਂ ਦਾ ਸਬੰਧ ਹੈ, ਆਮ ਤੌਰ ਤੇ ਰੁਝਾਨ ਇਹੀ ਹੁੰਦਾ ਹੈ ਕਿ ਸਥਾਨਕ ਚੋਣਾਂ ਵਿਚ ਸੱਤਾਧਾਰੀ ਪਾਰਟੀ ਹੀ ਜਿੱਤਦੀ ਹੈ। ਇਸ ਦਾ ਕਾਰਨ ਇਹ ਹੈ ਕਿ ਪੂਰੀ ਸਰਕਾਰੀ ਮਸ਼ੀਨਰੀ ਸਟੇਟ ਸਰਕਾਰ ਦੇ ਵੱਸ ਵਿਚ ਹੁੰਦੀ ਹੈ। ਪਰ ਇਸ ਵਾਰ ਦੀਆਂ ਚੋਣਾਂ ਵਿਚ ਜੋ ਅਹਿਮ ਮੁੱਦਾ ਉਭਰ ਕੇ ਸਾਹਮਣੇ ਆਇਆ, ਉਹ ਇਹ ਹੈ ਕਿ ਜਨਤਕ ਪੱਧਰ ਤੇ ਆਵਾਜ਼ ਉਠੀ ਹੈ ਕਿ ਸਿਆਸੀ ਪਾਰਟੀਆਂ ਸਥਾਨਕ ਚੋਣਾਂ ਵਿਚ ਭਾਗ ਨਾ ਲੈਣ।

ਪਿੰਡਾਂ ਅਤੇ ਸ਼ਹਿਰਾਂ ਦੀਆਂ ਪੰਚਾਇਤਾਂ ਇਕ ਘਰੇਲੂ ਕਿਸਮ ਦੀ ਰਾਜਨੀਤੀ ਹੈ ਅਤੇ ਇਹਨਾਂ ਚੋਣਾਂ ਵਿਚ ਆਮ ਲੋਕੀ ਸਭ ਤੋਂ ਜ਼ਿਆਦਾ ਉਤਸ਼ਾਹ ਨਾਲ ਭਾਗ ਲੈਂਦੇ ਹਨ ਪਰ ਜਦੋਂ ਸਰਕਾਰੀ ਮਸ਼ੀਨਰੀ ਦਾ ਦਖਲ ਆ ਜਾਂਦਾ ਹੈ ਤਾਂ ਆਮ ਵੋਟਰ ਨਿਰਾਸ਼ ਹੋ ਜਾਂਦਾ ਹੈ। ਇਹਨਾਂ ਚੋਣਾਂ ਨੂੰ ਜੇਕਰ ਸਿਆਸਤ ਤੋਂ ਦੂਰ ਆਮ ਲੋਕਾਂ ਦੀ ਚੋਣ ਬਣਾਇਆ ਜਾਵੇ ਤਾਂ ਸਥਾਨਕ ਮੁੱਦਿਆਂ ਤੇ ਜ਼ਿਆਦਾ ਧਿਆਨ ਕੇਂਦਰਿਤ ਹੋ ਸਕਦਾ ਹੈ। ਪੰਜਾਬ ਵਿਚ ਰੁਝਾਨ ਹੁਣ ਅਜਿਹਾ ਬਣ ਗਿਆ ਹੈ ਕਿ ਸਿਆਸਤਦਾਨ ਆਪਣੀ ਪਾਰਟੀ ਦੇ ਸਮਰਥਕ ਲੋਕਾਂ ਤੋਂ ਇਹ ਵੀ ਆਸ ਰੱਖਦੇ ਹਨ ਕਿ ਪਿੰਡਾਂ ਦੇ ਪੰਚ-ਸਰਪੰਚ ਵੀ ਉਹਨਾਂ ਦੀ ਪਾਰਟੀ ਦੇ ਬਣਨ। ਇਸ ਕਾਰਨ ਪਿੰਡਾਂ ਵਿਚ ਧੜੇਬੰਦੀਆਂ ਅਤੇ ਹਿੰਸਾ ਵੱਧ ਰਹੀ ਹੈ। ਜੇਕਰ ਸਿਆਸੀ ਪਾਰਟੀਆਂ ਇਹਨਾਂ ਚੋਣਾਂ ਵਿਚ ਦਖਲ ਨਾ ਦੇਣ ਤਾਂ ਇਹ ਚੋਣਾਂ ਸਥਾਨਕ ਮੁੱਦਿਆਂ ਤੇ ਲੜੀਆਂ ਜਾ ਸਕਦੀਆਂ ਹਨ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖ਼ਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖ਼ਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-53

## ਗੁਰਬਾਣੀ ਚਾਨਣ ਵਿੱਚ ਸਮਾਧ ਤੇ ਸਮਾਧੀ ਦੀ ਵਿਆਖਿਆ



ਅਵਤਾਰ ਸਿੰਘ ਮਿਸ਼ਨਰੀ
510-432-5827

ਸਮਾਧ, ਸਮਾਧੀ ਤੇ ਸਮਾਧਿ ਸੰਸਕ੍ਰਿਤ ਦੇ ਸ਼ਬਦ ਹਨ। ਸਮਾਧ-ਮੜੀ, ਮੁਰਦੇ ਦੀ ਮਰਨ ਥਾਂ, ਮੱਠ। ਸਮਾਧੀ-ਚੰਗੀ ਤਰਾਂ ਚਿੱਤ ਠਹਿਰਾਉਣ ਦੀ ਕ੍ਰਿਆ, ਲਿਵਲੀਣਤਾ (ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ॥(੬) ਸਮਾਧਿ-ਧਿਆਨ ਦੀ ਲੀਨਤਾ, ਚਿਤ ਦੀਆਂ ਬਿਰਤੀਆਂ ਨੂੰ ਜੋੜ ਕੇ, ਆਤਮ ਧਿਆਨ ਵਿੱਚ ਜੁੜਨਾ, ਮਨ ਦਾ ਪੂਰਨ ਟਿਕਾਉ (ਮਾਇਆ ਭੂਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ॥(੬੭) ਸਹਿਜ ਸਮਾਧਿ ਅਨੰਦ॥(੮੦੭)

ਗੁਰਮਤਿ-ਗੁਰਮਤਿ ਮੜੀ ਮੱਠਾਂ (ਸਮਾਧਾਂ) ਬਣਾ ਕੇ ਪੂਜਣ ਦੀ ਹਾਮੀ ਨਹੀਂ ਸਗੋਂ ਇਹ ਸਨਾਤਨ, ਜੋਗੀ ਤੇ ਸਾਧ ਮੱਤ ਦੀ ਮਨੌਤ ਹੈ-ਦੂਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ॥(੬੩੪) ਜਿਨਿ ਜੀਉ ਪਿੰਡ ਦਿਤਾ ਤਿਸੁ ਚੇਤਹਿ ਨਾਹਿ॥ਮੜੀ ਮਸਾਣੀ ਮੂੜੇ ਜੋਗੁ ਨਾਹਿ॥੯॥(੧੧੯੦)ਕਿਸੇ ਪੁਜਾਈ ਸਿਲਾ ਸੁੰਨ ਕੋਈ ਗੋਰੀ ਮੜ੍ਹੀ ਪੁਜਾਵੈ। ਫੋਕਟ ਧਰਮੀ ਭਰਮ ਭੁਲਾਵੈ॥੧੮॥ (ਵਾਰ-੧ ਭਾ. ਗੁ) ਅਤੇ ਸਿੱਖ ਰਹਿਤ ਮਰਯਾਦਾ ਵਿੱਚ ਵੀ ਮੜੀ, ਮੱਠ, ਮਸਾਣੀ ਪੂਜਨ ਦਾ ਸਖਤ ਵਿਰੋਧ ਹੈ। ਸੋ ਥਾਂ ਥਾਂ ਮੁਰਦਿਆਂ ਦੀਆਂ ਬਣਾਉਣੀਆਂ ਗਲਤ ਹਨ ਪਰ ਡੇਰੇਦਾਰ, ਸੰਪ੍ਰਦਾਈ ਟਕਸਾਲੀ ਆਪਣੇ ਮਰ ਚੁੱਕੇ ਸਾਧਾਂ ਸੰਤਾਂ ਮਹੰਤਾਂ ਦੀਆਂ ਸਮਾਧੀਆਂ ਬਣਾਉਂਦੇ ਹਨ। ਇਨ੍ਹਾਂ ਭੱਦਰਪੁਰਸ਼ਾਂ ਦੀ ਬਦੌਲਤ ਹੀ ਪੰਜਾਬ ਬਲਕਿ ਭਾਰਤ ਦੇ ਕੋਨੇ ਕੋਨੇ ਵਿੱਚ ਸਮਾਧੀਆਂ (ਮੜੀਆਂ) ਬਣੀਆਂ ਹੋਈਆਂ ਹਨ। ਹਾਂ ਰੱਬੀ ਭਗਤਾਂ, ਸਿੱਖ ਗੁਰੂਆਂ ਅਤੇ ਸ਼ਹੀਦਾਂ ਦੇ ਇਤਿਹਾਸਕ ਥਾਵਾਂ ਤੇ ਪ੍ਰਚਾਰ ਨੂੰ ਮੁੱਖ ਰੱਖ ਕੇ ਯਾਦਗਾਰੀ ਗੁਰਦੁਆਰੇ (ਧਰਮ ਪ੍ਰਚਾਰ ਕੇਂਦਰ) ਬਣਾਏ ਜਾ ਸਕਦੇ ਹਨ।

ਡਾ. ਹਰਜਿੰਦਰ ਸਿੰਘ ਦਿਲਗੀਰ ਵੀ ਸਿੱਖ ਫਿਲਾਸਫੀ ਵਿੱਚ ਲਿਖਦੇ ਹਨ ਕਿ ਕਿਸੇ ਮਰੇ ਹੋਏ ਇਨਸਾਨ ਦੀਆਂ ਹੱਡੀਆਂ ਦੱਬ ਕੇ ਜਾਂ ਉਸ ਦੇ ਸਸਕਾਰ ਵਾਲੀ ਜਗ੍ਹਾ ਉਪਰ ਬਣਾਏ ਗਏ ਢਾਂਚੇKਚਬੂਤਰੇKਗੁੰਬਦ ਨੂੰ ਸਮਾਧ ਕਿਹਾ ਜਾਂਦਾ ਹੈ (ਹਿੰਦੂਆਂ ਮੁਤਾਬਿਕ ਇਸ ਦਾ ਮਕਸਦ ਹੈ ਕਿ ਉਹ ਸ਼ਕਸ ਮਰਿਆ ਨਹੀਂ ਬਲਕਿ ਉਸ ਥਾਂ ਤੇ ਸਮਾਧੀ ਲਾ ਅਰਾਮ ਕਰ ਰਿਹਾ ਹੈ) ਜਿਵੇਂ ਮੁਸਲਮਾਨਾਂ ਲਈ ਕਬਰ ਇਵੇਂ ਹੀ ਹਿੰਦੀਆਂ ਲਈ ਸਮਾਧ ਹੈ। ਸਿੱਖ ਧਰਮ ਵਿੱਚ ਅਜਿਹਾ ਢਾਂਚਾ ਸਮਾਧ ਵਗੈਰਾ ਬਣੌਣ ਦੀ ਸਖਤ ਮਨਾਹੀ ਹੈ। ਉਂਝ ਕਿਸੇ ਸ਼ਹੀਦ , ਵਿਦਵਾਨ, ਆਗੂ ਜਾਂ ਕਿਸੇ ਹੋਰ ਅਹਿਮ ਸਿੱਖ ਦੀ ਯਾਦ ਵਿੱਚ ਯਾਦਗਾਰ ਮੰਜੀ ਸਾਹਿਬ ਜਾਂ ਗੁਰਦਵਾਰਾ ਬਣਾਉਣ ਦੀ ਮਨਾਹੀ ਨਹੀਂ (ਪਰ ਸਸਕਾਰ ਜਾਂ ਹੱਡੀਆਂ ਦੀ ਜਗਾ ਤੇ ਇਸ ਦੀ ਇਜ਼ਾਜ਼ਤ ਨਹੀਂ ਹੈ) ਜੇ ਕਦੇ ਕਿਸੇ ਸਿੱਖ ਵਾਸਤੇ ਕੋਈ ਸਮਾਧ ਜਾਂ (ਅਖੌਤੀ ਅੰਗੀਠਾ) ਬਣਾਈ ਹੈ ਉਹ ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਦੇ ਉਲਟ ਹੈ।

ਸਮਾਧੀ ਜਾਂ ਸਮਾਧਿ-ਇਹ ਵੀ ਸਨਾਤਨ ਸਾਧਾਂ ਸੰਤਾਂ ਤੇ ਸਿੱਧ ਜੋਗੀਆਂ ਨਾਲ ਸਬੰਧਤ ਹੈ। ਇਨ੍ਹਾਂ ਵੱਲੋਂ ਮਿਥੇ ਪ੍ਰਾਣਾਯਾਮ ਦੇ ਅੱਠ ਪ੍ਰਕਾਰ ਹਨ ਸਮਾਧੀ ਉਨ੍ਹਾਂ ਚੋਂ ਇੱਕ ਹੈ। ਇਹ ਲੋਕ ਘਰ ਬਾਰ ਛੱਡ ਕੇ ਜੰਗਲਾਂ ਜਾਂ ਪਹਾੜੀ ਮੱਠਾਂ ਜਾਂ ਕੰਦਰਾਂ ਵਿੱਚ ਅੱਖਾਂ ਮੀਟ ਸਮਾਧੀ ਲਾ ਕੇ ਸਰੀਰ ਨੂੰ ਗੈਰ ਕੁਦਰਤੀ ਕਸ਼ਟ ਦਿੰਦੇ ਪਰ ਪੰਜ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ, ਨਾਲ ਹੀ ਲੈ ਜਾਂਦੇ ਹਨ-ਦੇਸੁ ਛੋਡਿ ਪਰਦੇਸਹਿ ਧਾਇਆ॥ ਪੰਚ ਚੰਡਾਲ ਨਾਲੇ ਲੈ ਆਇਆ॥(੧੩੪੮) ਭਾਈ ਗੁਰਦਾਸ ਜੀ ਵੀ ਲਿਖਦੇ ਹਨ ਕਿ-ਗਾਏਂ ਸੁਨੇ ਆਂਖੇਂ ਮੀਚੈਂ ਪਾਈਐ ਨਾਂ ਪਰਮਪਦ ਗੁਰ ਉਪਦੇਸ਼ ਗਹਿ ਜਉ ਲਉ ਨਾ ਕਮਾਈਐ॥ ਅਜੋਕੇ ਸਾਧ ਸੰਤ ਡੇਰੇਦਾਰ ਸੰਪ੍ਰਦਾਈ ਅੱਖਾਂ ਮੀਚ ਸਮਾਧੀਆਂ ਵਾਂਗ ਹੀ ਅੱਖ ਮੀਚੇ ਸਿਮਰਨ, ਮਾਲਾ ਫੇਰਨੀਆਂ ਅਤੇ ਆਲਤੀ ਪਾਲਤੀ ਆਸਨ ਕਰਵਾ ਰਹੇ ਹਨ। ਰੱਬੀ ਸਿਸਟਮ ਨੂੰ ਸਮਝ ਉਸ ਨਾਲ ਜੁੜਨਾ, ਰੰਗ ਚ ਰੰਗੇ ਰਹਿਣਾ ਅਤੇ ਭਾਣੇ ਵਿੱਚ ਰਹਿਣਾ ਹੀ ਸਹਿਜ ਸਮਾਧਿ ਹੈ-ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸ ਸੋਈ ਜਾਣੈ ਜੀਉ॥ (੧੦੬) ਰੱਬੀ ਗੁਣਾਂ ਨੂੰ ਧਾਰਨ ਕਰਕੇ, ਗੁਰੂ ਦੀ ਕ੍ਰਿਪਾ ਨਾਲ ਉਸ ਦੇ ਗੁਣ ਗਾਉਣੇ ਸਹਜ ਸਮਾਧੀ ਵਿੱਚ ਸਮਾਉਣਾ ਭਾਵ ਮਨ ਇਕਾਗਰ ਕਰਕੇ, ਸ਼ੁੱਧ ਮਨ ਨਾਲ ਮਨੁੱਖਤਾ ਦੀ ਸੇਵਾ ਕਰਨੀ ਸਹਜ ਸਮਾਧਿ ਹੈ ਨਾਂ ਕਿ ਘਰ ਬਾਰ ਛੱਡ ਜੰਗਲਾਂ, ਪਹਾੜਾਂ ਜਾਂ ਮੱਠਾਂ ਵਿੱਚ ਅੱਖਾਂ ਮੀਟ ਬੈਠ ਕੇ ਭੀਖ ਜਾਂ ਲੋਕਾਂ ਦੀ ਦਾਨ ਦਸ਼ਣਾ ਸੇਵਾ ਤੇ ਆਸ ਰੱਖ ਸੰਸਾਰਕ ਜੁਮੇਵਾਰੀਆਂ ਤੋਂ ਭੱਜਣਾ ਸਹਜ ਸਮਾਧੀ ਹੈ- ਗੁਰ ਪ੍ਰਸਾਦਿ ਗਾਵੈ ਗੁਣ ਨਾਨਕ ਸਹਜਿ ਸਮਾਧਿ ਸਮਾਹਿਓ॥(੧੨੯੯)

# ਪੁਰਾਤਨ ਵਸਤਾਂ ਸਾਂਭੀ ਬੈਠਾ 'ਮਿਸਤਰੀ ਜਗਸੀਰ ਸਿੰਘ'



ਤਸਵਿੰਦਰ ਸਿੰਘ ਬੜੈਚ
98763-22677

ਸਮੇਂ ਦੇ ਬਦਲਾਅ ਨਾਲ ਅਮੀਰ ਵਿਰਸੇ, ਸੱਭਿਆਚਾਰ ਤੇ ਇਤਿਹਾਸ ਨਾਲ ਜੁੜੀਆਂ ਚੀਜ਼ਾਂ ਸਾਥੋਂ ਦੂਰ ਜਾ ਰਹੀਆਂ ਨੇ, ਪਰ ਕਈ ਲੋਕ ਅੱਜ ਵੀ ਅਜਿਹੀਆਂ ਵਿਰਾਸਤੀ ਚੀਜ਼ਾਂ ਸਾਂਭਣ ਦੇ ਸ਼ੌਕੀਨ ਹਨ। ਅਜਿਹੇ ਸ਼ੌਕੀਨਾਂ ਵਿਚੋਂ ਇਕ ਹੈ ਮੋਗਾ ਜ਼ਿਲ੍ਹੇ ਦੇ ਕਸਬਾ ਬੱਧਨੀ ਕਲਾਂ ਦਾ ਵਸਨੀਕ ਮਿਸਤਰੀ ਜਗਸੀਰ ਸਿੰਘ ਉਸਨੇ ਆਪਣੇ ਘਰ ਵਿਚ ਹੀ ਇਕ ਅਜਾਇਬ ਘਰ ਬਣਾਇਆ ਹੋਇਆ ਹੈ, ਜਿਸ ਵਿਚ ਉਸ ਨੇ ਪੰਜਾਬ 'ਚੋਂ ਲੋਪ ਹੋ ਰਹੀਆਂ ਵਿਰਾਸਤੀ ਵਸਤਾਂ, ਜਿਹੜੀਆਂ ਕਿਤੇ ਨਹੀਂ ਮਿਲਦੀਆਂ, ਰੱਖੀਆਂ ਹੋਈਆਂ ਹਨ, ਜਿਨ੍ਹਾਂ ਨੂੰ ਲੋਕੀਂ ਦੂਰੋਂ-ਦੂਰੋਂ ਵੇਖਣ ਆਉਂਦੇ ਹਨ। ਉਸਦੇ ਅਜਾਇਬ ਘਰ ਵਿਚ ਪਾਣੀ ਭਰਨ ਵਾਲੀ ਡੋਲ, ਦੇਸੀ ਸੇਰ ਵਾਲੇ ਵੱਟੇ, ਪੁਰਾਣਾ ਗੱਡਾ, ਉਠ ਹਲ, ਤੱਕੜੀ, ਉਲਟਾਵਾਂ ਹਲ, ਬਾਲਟੀ, ਨਿਉਲੇ ਜਿੰਦਰੇ, ਗਾਗਰ, ਭੜੋਲੇ, ਸੁਰਮੇਦਾਨੀਆਂ, ਰੱਥ, ਖਰਖਰੇ, ਪੰਜੇ, ਕੁੰਡੀਆਂ, ਮਧਾਣੀਆਂ, ਕੱਦੂਕਸ, ਮੂੜਾ, ਬੋਹੀਏ, ਉਰੀਆਂ, ਬਲਦਾਂ ਦੀਆਂ ਟੱਲੀਆਂ, ਕੱਤਣੀ, ਮਕਸੂਦ, ਘੋਟਣਾ, ਕੰਗਣੀ ਵਾਲੇ ਗਲਾਸ, ਫੁਲਕਾਰੀ, ਝੂਲਾ, ਗੜਬੀਆਂ, ਨਾਲੇ ਬੁਣਨ ਵਾਲਾ ਅੱਡਾ, ਉਠ ਦੇ ਪੈਰਾਂ ਵਾਲੀ ਨਿਉਲ, ਥਾਲ, ਹੱਥ ਪੱਖੇ-ਪੱਖੀਆਂ, ਵਲਟੋਹੀਆਂ, ਟਿੰਡਾਂ, ਉਠ ਦੀ ਕਾਠੀ, ਗੜਬਾ, ਕਪਾਹ ਵੇਲਣਾ, ਜੱਗ, ਕੋਠੇ ਉੱਪਰ ਵੱਜਣ ਵਾਲਾ ਸਪੀਕਰ, ਕੋਲੀਆਂ, ਛਾਬਾ, ਛੰਨੇ, ਹੱਥ ਖੱਡੀਆਂ ਦਾ ਸਮਾਨ, ਫੁੱਲਦਾਨ, ਅਟੇਰਨ, ਕੜਛੀਆਂ, ਛਿੱਕੂ, ਡੋਲੂ, ਰਕਾਬਾਂ, ਰੋਟੀ ਰੱਖਣ ਵਾਲੇ ਡੱਬੇ, ਤੂੰਬਾ, ਬਲਦਾਂ ਦੀਆਂ ਛਿਕਲੀਆਂ, ਗਰਾਮੋਫੋਨ ਮਸ਼ੀਨਾਂ, ਐਲ ਪੀ ਯਾਨੀ ਕੁੱਤੇ ਮਾਰਕਾ ਤਵੇ, ਪੁਰਾਤਨ ਕ੍ਰਿਪਾਨਾ, ਕੈਸਟਾਂ, ਚੱਕੀ, ਤਰਫਾਲੀ, ਉੱਖਲੀ, ਸੰਦੂਕ, ਸਿਆਹੀ ਦੀਆਂ ਦਵਾਤਾਂ, ਚਰਖਾ, ਪੀੜ੍ਹਾ, ਮੰਜੀ, ਟੇਪਾਂ,ਪਲੇਟਾਂ, ਪਿੱਤਲ ਦਾ ਛਾਬਾ, ਪੰਜਾਲੀ, ਰੇਡੀਓ, ਪੁਰਾਣੇ ਗੇਟ, ਲੈਂਪ, ਸਾਗ ਚੀਰਨ ਵਾਲੀ ਦਾਤੀ, ਲੋਟਾ, ਲਾਲਟੈਣ, ਬੱਤੀਆਂ ਵਾਲੇ ਦੀਵੇ, ਚਰਖੇ ਅਤੇ ਹੋਰ ਪਤਾ ਨਹੀਂ ਕਿੰਨੀਆਂ ਛੋਟੀਆਂ ਵੱਡੀਆਂ ਚੀਜ਼ਾਂ ਸਾਂਭੀਆਂ ਹੋਈਆਂ ਹਨ। ਨਸ਼ਿਆਂ ਤੋਂ ਕੋਹਾਂ ਦੂਰ ਤੇ ਵਿਰਾਸਤੀ ਵਸਤੂਆਂ ਨੂੰ ਸੰਭਾਲਣ ਦਾ ਯਤਨ ਕਰ ਰਹੇ ਇਸ ਸ਼ਖਸ ਦੇ ਹੱਥਾਂ ਵਿਚ ਐਨਾ ਹੁਨਰ ਹੈ ਕਿ ਉਸ ਨੇ ਪੰਜਾਬੀ ਵਿਰਸੇ ਨਾਲ ਸੰਬੰਧਿਤ ਟਿੰਡਾਂ ਵਾਲੇ ਖੂਹ, ਰੱਥ, ਗੱਡੇ, ਖਰਾਸ, ਚਰਖੇ, ਪੀਹੜੀਆਂ, ਸਾਈਕਲ, ਤ੍ਰਿਫਾਲੀ, ਬਘਿਆੜ, ਸੰਲਘ, ਤੰਗਲੀ, ਵੱਟ ਪਾਉਣ ਵਾਲਾ ਜਿੰਦਰਾ, ਸੁਹਾਗਾ, ਪਰਾਣੀ, ਜੱਟ, ਉਲਟਾਵਾਂ ਹਲ, ਕਾਠ ਦਾ ਹਲ, ਕੁਹਾੜਾ, ਦਮੋਲਾ, ਸੁਹਾਗੀ, ਸੱਬਰ ਕੱਤਾ, ਕੱਡੂ ਹਲ, ਬੀਜਣ ਵਾਲੀ ਹਲੀਰੀ, ਉਠ ਦੀ ਘੋੜੀ, ਉਠ ਦੀ ਬੀੜੀ, ਪ੍ਰੋਲੀ ਵੱਡਣ ਵਾਲਾ ਰੰਦਾ, ਖੁਰਪਾ, ਦਾਹ, ਟੋਕਾ, ਦਾਤੀ, ਕਰਾਹੀ, ਕਰਾਹਾ, ਫਲ੍ਹਾ, ਧੂਹ, ਪੰਜਾਲੀ, ਗੱਡਾ, ਡੋਲ ਵਾਲਾ ਖੂਹ ਆਦਿ ਚੀਜ਼ਾਂ ਦੇ 40-50 ਦੇ ਕਰੀਬ ਮਾਡਲ ਖੁਦ ਭਰਪੂਰ ਮੀਨਾਕਾਰੀ ਕੀਤੀ ਹੋਈ ਹੈ, ਨੂੰ ਆਮ ਨਹੀਂ ਵਰਤਦੇ, ਜਦੋਂ ਕੋਈ ਵਿਸ਼ੇਸ਼ ਮਹਿਮਾਨ ਜਾਂ ਪੰਜਾਬੀ ਸੱਭਿਆਚਾਰ ਤੇ ਵਿਰਸੇ ਤੋਂ ਅਣਜਾਣ ਬੰਦਾ ਆਉਂਦਾ ਹੈ ਤਾਂ ਉਹ ਉਸ ਨੂੰ ਵਿਖਾਉਂਦੇ ਹਨ ਤਾਂ ਜੋ ਉਨ੍ਹਾਂ ਨੂੰ ਇਨ੍ਹਾਂ ਭਾਂਡਿਆਂ ਦੀ ਇਤਿਹਾਸਕਤਾ ਤੋਂ ਜਾਣੂ ਕਰਵਾਇਆ ਜਾ ਸਕੇ। ਇਨ੍ਹਾਂ ਭਾਂਡਿਆਂ ਨੂੰ ਸਾਫ ਕਰਨ ਲਈ ਜਿਆਦਾਤਰ ਉਹ ਨਿੰਬੂ ਅਤੇ ਸਵਾਹ ਦੀ ਹੀ ਵਰਤੋਂ ਕਰਦਾ ਹੈ। ਜਗਸੀਰ ਸਿੰਘ ਨੇ ਕਿਹਾ ਕਿ ਉਸ ਨੂੰ ਆਪਣੇ ਪਰਿਵਾਰ 'ਤੇ ਮਾਣ ਹੈ ਜਿਸ ਤੋਂ ਮਿਲਦੇ ਸਹਿਯੋਗ ਸਦਕਾ ਉਹ ਆਪਣੇ ਹਰ ਕੰਮ ਨੂੰ ਬਿਹਤਰ ਤਰੀਕੇ ਨਾਲ ਕਰ ਰਿਹਾ ਹੈ। ਅੱਜ ਦੀ ਨੌਜਵਾਨ ਪੀੜ੍ਹੀ ਨੂੰ ਵੀ ਮੇਰਾ ਸੁਨੇਹਾ ਹੈ ਕਿ ਆਪਣੇ ਪੰਜਾਬ ਦੀਆਂ ਅਲੋਪ ਹੋ ਰਹੀਆਂ ਵਿਰਾਸਤੀ ਵਸਤੂਆਂ ਦੀ ਸਾਂਭ-ਸੰਭਾਲ ਕਰਨ ਤਾਂ ਕਿ ਤਿਆਰ ਕੀਤੇ ਹੋਏ ਹਨ। ਜਿਨ੍ਹਾਂ ਨੂੰ ਉਸ ਨੇ ਆਪਣੇ ਘਰ ਦੇ ਨਿੱਜੀ ਅਜਾਇਬ ਘਰ ਵਿਚ ਖ਼ੂਬਸੂਰਤ ਢੰਗ ਨਾਲ ਸਜਾਇਆ ਹੋਇਆ ਹੈ। ਭਾਂਵੇਂ ਉਸਦਾ ਅਜਾਇਬ ਘਰ ਸਰਕਾਰੀ ਅਜਾਇਬ ਘਰਾਂ ਜਿੰਨੇ ਥਾਂ ਵਿਚ ਨਹੀਂ ਹੈ ਪ੍ਰੰਤੂ ਇਸ ਵੱਡੇ ਦਿਲ ਵਾਲੇ ਸ਼ਖਸ ਨੇ ਥੋੜ੍ਹੀ ਜਗ੍ਹਾ ਹੋਣ ਦੇ ਬਾਵਜੂਦ ਇਨ੍ਹਾਂ ਸਾਰੀਆਂ ਵਸਤਾਂ ਨੂੰ ਬੜੇ ਸਲੀਕੇ ਨਾਲ ਸਾਂਭ ਕੇ ਰੱਖਿਆ ਹੋਇਆ ਹੈ। ਉਸ ਨੇ ਪੰਜਾਬੀ ਵਿਰਸੇ ਤੇ ਸੱਭਿਆਚਾਰ ਦੀਆਂ ਲੋਪ ਹੋ ਰਹੀਆਂ ਤੇ ਲੋਪ ਹੋ ਚੁੱਕੀਆਂ ਇਹ ਚੀਜ਼ਾਂ ਪੰਜਾਬ ਦੇ ਕੋਨੇ-ਕੋਨੇ ਵਿਚ ਘੁੰਮ ਕੇ ਪੱਲਿਉਂ ਪੈਸੇ ਖਰਚ ਕਰ ਕੇ ਆਪਣੇ ਦਿਹਾੜੀ ਛੱਡ ਕੇ ਘਰੇਲੂ ਤੰਗੀਆਂ ਤਰੁਟੀਆਂ ਝਲ ਕੇ ਇਕੱਤਰ ਕੀਤੀਆਂ ਹਨ। ਉਹ ਪਿੱਤਲ ਤੇ ਕਾਂਸੀ ਦੇ ਭਾਂਡਿਆਂ, ਜਿਨ੍ਹਾਂ 'ਤੇ ਬਹੁਤ ਹੀ ਬਰੀਕ ਅਰਥ ਅਸੀਂ ਅਗਲੀਆਂ ਸੰਤਾਨਾਂ ਨੂੰ ਪੰਜਾਬ ਦੇ ਅਮੀਰ ਵਿਰਸੇ ਤੋਂ ਜਾਣੂ ਕਰਵਾਉਂਦੇ ਰਹੀਏ। ਮੈਂ ਪੰਜਾਬ ਸਰਕਾਰ ਨੂੰ ਵੀ ਅਪੀਲ ਕਰਦਾ ਹਾਂ ਕਿ ਉਹ ਅਜਿਹੀਆਂ ਵਸਤਾਂ ਦੀ ਸੰਭਾਲ ਕਰਨ ਲਈ ਲੋਕਾਂ ਨੂੰ ਉਤਸਾਹਿਤ ਕਰੇ। ਪੁਰਾਤਨ ਵਿਰਸੇ ਨੂੰ ਸਾਂਭਣ ਲਈ ਜੀ ਜਾਨ ਲਾ ਰਹੇ ਅਜਿਹੇ ਕਲਾ ਪ੍ਰੇਮੀ, ਜੋ ਕਿ ਏਨਾ ਮਿਹਨਤੀ ਹੋਣ ਦੇ ਬਾਵਜੂਦ ਵੀ ਗਰੀਬੀ ਦੀ ਦਲਦਲ ਵਿਚੋਂ ਬਾਹਰ ਨਹੀਂ ਨਿਕਲ ਸਕਿਆ, ਦੇ ਲਈ ਸੱਭਿਆਚਾਰਕ ਕਲੱਬਾਂ ਅਤੇ ਸਰਕਾਰ ਦਾ ਫ਼ਰਜ਼ ਬਣਦਾ ਹੈ ਕਿ ਇਸ ਉੱਦਮੀ ਇਨਸਾਨ ਦੀ ਵਿੱਤੀ ਮਦਦ ਕਰੇ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਉਸ ਵੱਲੋਂ ਸੰਭਾਲੇ ਪੁਰਾਤਨ ਵਿਰਸੇ ਨਾਲ ਸਬੰਧਿਤ ਵਸਤਾਂ ਨੂੰ ਵੇਖ ਸਕਣ।



Postal Address of Desh Doaba : 5101 Doe Hollow Pl, Antelope, CA. 95843

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਅਤੇ ਭਾਰਤ ਰਤਨ ਬਾਬਾ ਸਾਹਿਬ ਡਾ.ਅੰਬੇਦਕਰ ਜੀ ਦਾ ਪ੍ਰੀਨਿਰਵਾਣ ਦਿਵਸ ਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਸਮਾਗਮ ਕਰਵਾਏ ਗਏ



















**ਫਰਿਜ਼ਨੋ (ਡੀ. ਡੀ. ਬੀ.)–** ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ (ਕੈਲੇਫੋਰਨੀਆ) ਵਿਖੇ ਬੀਤੇ ਐਤਵਾਰ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਅਤੇ ਸੰਗਤਾਂ ਦੇ ਸਹਿਯੋਗ ਨਾਲ ਨੌਵੀਂ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਅਤੇ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਦਕਰ ਜੀ ਦੇ 61ਵੇਂ ਪ੍ਰੀਨਿਰਵਾਣ ਦਿਵਸ ਨੂੰ ਮੁੱਖ ਰੱਖਦਿਆਂ ਕੀਰਤਨ ਦੀਵਾਨ ਸਜਾਏ ਗਏ, ਪਾਠ ਪੜ੍ਹੇ ਗਏ ਤੇ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਸਾਹਿਬ ਭਾਈ ਰਾਮ ਸਿੰਘ ਜੀ ਅਤੇ ਭਾਈ ਹਰਬਲਾਸ ਸਿੰਘ ਜੀ ਨੇ ਸ਼ਬਦ ਗਾਇਨ ਕੀਤਾ ਅਤੇ ਗੁਰੂ ਜੀ ਦੀ ਸ਼ਹਾਦਤ ਸਬੰਧਤ ਸੰਗਤਾਂ ਨੂੰ ਜਾਣੂ ਕਰਵਾਉਂਦਿਆਂ ਡਾ. ਅੰਬੇਦਕਰ ਜੀ ਦੇ ਜੀਵਨ 'ਤੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਸ੍ਰੀ ਰਾਜ ਬਰਾੜ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੇ ਸਿੱਖ ਇਤਿਹਾਸ ਸਬੰਧਤ ਗੀਤਾਂ ਰਾਹੀਂ ਆਪਣੀ ਹਾਜ਼ਰੀ ਭਰੀ।

ਸਟੇਜ ਦੀ ਸੇਵਾ ਨਿਭਾਉਂਦਿਆਂ ਸ੍ਰੀ ਅਮਰ ਦੜੌਚ ਨੇ ਜਿੱਥੇ ਸਤਿਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ ਕਿ ਕਿਹੜੇ-ਕਿਹੜੇ ਕਾਰਨਾਂ ਕਰਕੇ ਗੁਰੂ ਜੀ ਨੂੰ ਸ਼ਹਾਦਤ ਦੇਣੀ ਪਈ ਤੇ ਮਗਰੋਂ ਉਹਨਾਂ ਦੇ ਸਮੂਹ ਪਰਿਵਾਰ ਨੂੰ ਸ਼ਹਾਦਤ ਦੇਣੀ ਪਈ, ਇਹ ਆਪਣੇ ਆਪ 'ਚ ਇਕ ਬਹੁਤ ਵੱਡੀ ਲਾਸਾਨੀ ਕੁਰਬਾਨੀ ਦੀ ਮਿਸਾਲ ਹੈ। ਇਸੇ ਲਈ ਤਾਂ ਸਾਹਿਬ-ਏ-ਕਮਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਰਬੰਸ ਦਾਨੀ ਕਿਹਾ ਜਾਂਦਾ ਹੈ, ਜਿਹਨਾਂ ਆਪਣਾ ਸਾਰਾ ਸਰਬੰਸ ਦੇਸ਼ ਕੌਮ ਲਈ ਕੁਰਬਾਨ ਕਰ ਦਿੱਤਾ।

ਇਸ ਉਪਰੰਤ ਸ੍ਰੀ ਦੜੌਚ ਨੇ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦੇ ਪ੍ਰੀਨਿਰਵਾਣ ਦਿਵਸ ਸਬੰਧਤ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਕਿਹਾ ਕਿ ਉਹਨਾਂ ਪੜ੍ਹੋ ਲਿਖ ਕੇ, ਉਚ ਵਿੱਦਿਆ ਹਾਸਲ ਕਰਨ ਤੱਕ, ਉਸ ਸਮੇਂ ਦੇ ਮਨੂਵਾਦੀਆਂ ਦੇ ਅਸਹਿ ਮਾਨਸਿਕ ਤਸੀਹਿਆਂ ਦੀ ਪਰਵਾਹ ਨਾ ਕਰਦਿਆਂ ਇਹ ਤਹੱਈਆ ਕਰ ਲਿਆ ਸੀ ਕਿ ਜੇਕਰ ਮੈਂ ਭਾਰਤ ਦੇ ਗੁਲਾਮਾਂ ਦੇ ਗੁਲਾਮਾਂ ਨੂੰ ਆਜ਼ਾਦ ਕਰਵਾ ਕੇ ਬਰਾਬਰ ਦੇ ਹੱਕ ਨਾ ਦਿਵਾ ਸਕਿਆ ਤਾਂ ਆਪਣੇ ਆਪ ਨੂੰ ਗੋਲੀ ਮਾਰ ਕੇ ਮੁਕਾ ਲਵਾਂਗਾ। ਡਾ. ਅੰਬੇਦਕਰ ਜੀ ਨੇ ਆਪਣੀ ਜ਼ਿੰਦਗੀ ਦਾ ਹਰ ਪਲ ਦੇਸ਼ ਦੀ ਬਿਹਤਰੀ ਅਤੇ ਮਜ਼ਲੂਮਾਂ ਅਤੇ ਸਮੂਹ ਔਰਤ ਵਰਗ ਦੇ ਸਵੈਮਾਣ ਲਈ ਸਿਰ ਤੋੜ ਸਫਲ ਯਤਨ ਕੀਤੇ। ਉਹਨਾਂ ਦਲਿਤ ਸਮਾਜ ਦੇ ਨਾਲ ਸਮੂਹ ਔਰਤ ਵਰਗ ਨੂੰ ਉਸ ਦੇ ਬਣਦੇ ਹੱਕਾਂ ਨੂੰ ਕਾਨੂੰਨੀ ਪ੍ਰਕਿਰਿਆ 'ਚ ਲਿਆਉਣ ਲਈ ਸੰਵਿਧਾਨ ਰਾਹੀਂ ਸੁਰੱਖਿਅਤ ਕਰਕੇ ਮਨੂਵਾਦੀਆਂ ਦੇ ਮੁੜ ਬਹਿਕਾਵੇ 'ਚ ਨਾ ਆਉਣ ਦਿੱਤਾ। ਇਹ ਵੱਖਰੀ ਗੱਲ ਹੈ ਕਿ ਉਹਨਾਂ ਦੁਆਰਾ ਦਿਵਾਏ ਗਏ ਸੰਵਿਧਾਨਕ ਹੱਕਾਂ ਦਾ ਆਨੰਦ ਤਾਂ ਲੋਕੀ ਮਾਣ ਰਹੇ ਹਨ ਪਰ ਬਾਬਾ ਸਾਹਿਬ ਨੂੰ ਸਦਾ ਯਾਦ ਰੱਖਣਾ ਸ਼ਾਇਦ ਉਹਨਾਂ ਦੀ ਫਿਤਰਤ ਵਿਚ ਨਹੀਂ ਹੈ।

ਸ੍ਰੀ ਅਮਰ ਦੜੌਚ ਤੋਂ ਇਲਾਵਾ ਮਿਸਿਜ਼ ਮਨਦੀਪ ਕੌਰ ਤੋਂ ਇਲਾਵ ਸ੍ਰੀ ਮਲਕੀਤ ਸਿੰਘ ਬੰਗੜ ਅਤੇ ਸ੍ਰੀ ਰਾਜ ਗੁਰੂ ਆਦਿ ਬੁਲਾਰਿਆਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਨਤਮਸਤਕ ਹੁੰਦੇ ਹੋਏ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦੇ 61ਵੇਂ ਪ੍ਰੀਨਿਰਵਾਣ ਦਿਵਸ ਨੂੰ ਯਾਦ ਕਰਦਿਆਂ ਆਪੋ-ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ। ਸ੍ਰੀ ਮਲਕੀਤ ਸਿੰਘ ਬੰਗੜ ਨੇ ਕਿਹਾ ਕਿ ਅੱਜ ਜੋ ਬਹੁਤ ਸਾਰੇ ਵੱਡੇ-ਵੱਡੇ ਪ੍ਰਾਜੈਕਟ ਜਾਂ ਪੰਜ ਸਾਲਾ ਯੋਜਨਾਵਾਂ ਆਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਨਹਿਰੂ ਦੇ ਵਕਤ ਤੋਂ ਚਲਾਈਆਂ ਜਾ ਰਹੀਆਂ ਹਨ, ਇਹ ਸਭ ਭਾਰਤ ਰਤਨ ਡਾ. ਅੰਬੇਦਕਰ ਜੀ ਦੀ ਦੇਣ ਹੈ ਪਰ ਸਮੇਂ ਦੀਆਂ ਸਰਕਾਰਾਂ ਡਾ. ਅੰਬੇਦਕਰ ਜੀ ਨੂੰ ਬਣਦਾ ਮਾਣ-ਸਤਿਕਾਰ ਅਜੇ ਵੀ ਨਹੀ ਦੇ ਰਹੀਆਂ, ਜਿੰਨਾ ਦੇਣਾ ਬਣਦਾ ਹੈ।

ਨੌਜਵਾਨ ਨਿਧੜਕ ਬੁਲਾਰੇ ਸ੍ਰੀ ਰਾਜ ਗੁਰੂ ਤੇ ਡਾ. ਅੰਬੇਦਕਰ ਜੀ ਦੇ ਜੀਵਨ ਤੇ ਮਿਸ਼ਨ ਪ੍ਰਤੀ ਚਾਨਣਾ ਪਾਉਂਦਿਆਂ ਕਿਹਾ ਕਿ ਅੱਜ ਜੋ ਅਸੀਂ ਹਾਂ, ਬਾਬਾ ਸਾਹਿਬ ਦੀ ਬਦੌਲਤ ਹਾਂ। ਇਸ ਦੇ ਨਾਲ ਹੀ ਮਨਦੀਪ ਕੌਰ ਜੀ ਨੇ ਸ਼ਰਧਾ ਦੇ ਫੁੱਲ ਅਰਪਿਤ ਕਰਦਿਆਂ ਬਾਬਾ ਸਾਹਿਬ ਦਾ ਕੋਟਿਨ ਕੋਟਿ ਧੰਨਵਾਦ ਕੀਤਾ, ਜਿਹਨਾਂ ਸਮੂਹ ਮਾਨਵਤਾ ਖਾਸ ਕਰਕੇ ਹਾਸ਼ੀਏ 'ਤੇ ਕੀਤੇ ਦੱਬੇ-ਕੁਚਲੇ ਵਰਗ ਤੇ ਸਮੂਹ ਔਰਤ ਵਰਗ ਨੂੰ ਬਰਾਬਰ ਦੇ ਹੱਕ ਸੰਵਿਧਾਨ ਰਾਹੀਂ ਸੁਰੱਖਿਅਤ ਕਰਕੇ ਬਹੁਤ ਵੱਡਾ ਪਰਉਪਕਾਰ ਕੀਤਾ, ਪ੍ਰੰਤੂ ਭਾਰਤ ਅੰਦਰ ਦਲਿਤ ਸਮਾਜ ਤੇ ਔਰਤਾਂ, ਛੋਟੀਆਂ-ਛੋਟੀਆਂ ਧੀਆਂ-ਭੈਣਾਂ, ਮਾਸੂਮ ਬੱਚੀਆਂ ਨਾਲ ਹੋ ਰਹੇ ਬਲਾਤਕਾਰ ਅਤੇ ਜ਼ੁਲਮੋ-ਤਸ਼ੱਦਦ ਬੜੀ ਹੀ ਸ਼ਰਮ ਵਾਲੀ ਗੱਲ ਹੈ ਕਿ ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰੀ ਦੇਸ਼ ਹੋਣ ਦੇ ਬਾਵਜੂਦ ਭਾਰਤ ਦਾ ਦਲਿਤ ਸਮਾਜ ਅਤੇ ਔਰਤਾਂ ਅੱਜ ਵੀ ਅਸੁਰੱਖਿਅਤ ਮਾਹੌਲ ਵਿਚ ਜੀਵਨ ਬਿਤਾ ਰਹੇ ਹਨ। ਭਾਰਤ ਸਰਕਾਰ ਨੂੰ ਇਸ ਵੱਲ ਧਿਆਨ ਦੇਣ ਦੀ ਸਖਤ ਜ਼ਰੂਰਤ ਹੈ, ਤਦ ਹੀ ਸਰਕਾਰ ਵੱਲੋਂ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਦਕਰ ਜੀ ਨੂੰ ਦਿੱਤੀਆਂ ਜਾ ਰਹੀਆਂ ਸ਼ਰਧਾਂਜਲੀਆਂ ਸੱਚੀ ਸ਼ਰਧਾਂਜਲੀ ਵਜੋਂ ਲਿਆ ਜਾ ਸਕਦਾ ਹੈ।

ਇਸ ਦੇ ਨਾਲ ਹੀ ਛੋਟੇ ਪਰਦੇ 'ਤੇ ਡਾ. ਅੰਬੇਦਕਰ ਪ੍ਰਤੀ ਸਲਾਈਡ ਵੀ ਦਿਖਾਈ ਗਈ। ਇਸ ਮੌਕੇ ਗੁਰੂ ਘਰ 'ਚ ਪਾਠ ਅਤੇ ਲੰਗਰ ਦੀ ਸੇਵਾ ਕਰਨ ਲਈ ਦਾਨੀ ਪਰਿਵਾਰਾਂ ਦਾ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਮੁੱਖ ਗ੍ਰੰਥੀ ਭਾਈ ਰਾਮ ਸਿੰਘ ਜੀ ਨੇ ਸਿਰੋਪਾਓ ਨਾਲ ਸਨਮਾਨ ਕੀਤਾ। ਸਮੂਹ ਸੰਗਤਾਂ, ਰਾਗੀ ਜਥੇ ਤੇ ਸਮੂਹ ਬੁਲਾਰਿਆਂ ਦਾ ਪ੍ਰਬੰਧਕ ਕਮੇਟੀ ਵੱਲੋਂ ਧੰਨਵਾਦ ਕੀਤਾ ਗਿਆਤੇ ਗੁਰੂ ਤੇ ਅਤੁੱਟ ਲੰਗਰ ਵਰਤਾਏ ਗਏ।

ਸੰਗਤਾਂ ਨੂੰ ਬੇਨਤੀ ਕੀਤੀ ਗਈ ਕਿ ਅਗਲੇ ਐਤਵਾਰ 24 ਦਸੰਬਰ ਨੂੰ ਛੋਟੇ ਅਤੇ ਵੱਡੇ ਸਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਅਤੇ ਬਾਬਾ ਸੰਗਤ ਸਿੰਘ ਜੀ ਦੀ ਸ਼ਹਾਦਤ ਸਬੰਧਤ ਸਮਾਗਮ ਕਰਵਾਏ ਜਾ ਰਹੇ ਹਨ, 'ਚ ਪਰਿਵਾਰਾਂ ਸਮੇਤ ਹਾਜ਼ਰੀਆਂ ਭਰਨੀਆਂ ਜੀ।

# 14ਵਾਂ ਵਿਸ਼ਵ ਕਬੱਡੀ ਕੱਪ 15 ਸਤੰਬਰ 2018 ਨੂੰ ਕਰਵਾਉਣ ਦਾ ਫੈਸਲਾ

## ਮਾਈਕ ਬੋਪਾਰਾਏ ਹੋਣਗੇ ਮੁੱਖ ਮਹਿਮਾਨ, ਜਸਪ੍ਰੀਤ ਅਟਾਰਨੀ ਕਰਨਗੇ ਉਦਘਾਟਨ

**ਸਾਨਫਰਾਂਸਿਸਕੋ (ਬਿਓਰੋ) –** ਯੂਨਾਈਟਡ ਸਪੋਰਟਸ ਕਲੱਬ ਕੈਲੇਫੋਰਨੀਆਂ ਵਲੋਂ ਆਪਣਾ 14ਵਾਂ ਵਿਸ਼ਵ ਕਬੱਡੀ ਕੱਪ ਅਗਲੇ ਵਰ੍ਹੇ 15 ਸਤੰਬਰ 2018 ਦਿਨ ਸ਼ਨਿੱਚਰਵਾਰ ਨੂੰ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ। ਇੱਥੇ ਕਲੱਬ ਦੇ ਮੁੱਖ ਸਰਪ੍ਰਸਤ ਸ੍ਰ. ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਇਕਲਾਬ ਸਿੰਘ ਗਾਖਲ, ਮੱਖਣ ਸਿੰਘ ਬੈਂਸ, ਤੀਰਥ ਸਿੰਘ ਗਾਖਲ ਅਤੇ ਕੈਲੇਫੋਰਨੀਆਂ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਅਟਵਾਲ (ਸ਼ਿੰਦਾ ਬਹਿਰਾਮੀਆ) ਨੇ ਕਿਹਾ ਕਿ ਇਸ ਵਾਰ ਇਹ ਕਬੱਡੀ ਐਤਵਾਰ ਦੀ ਬਜਾਏ ਸ਼ਨਿੱਚਰਵਾਰ ਨੂੰ ਹੋਵੇਗਾ ਕਿਉਂਕਿ ਕਬੱਡੀ ਕੱਪ ਦੇਰ ਸ਼ਾਮ ਤੱਕ ਚੱਲਦਾ ਹੈ ਅਤੇ ਇਸ ਲਈ ਦੂਰ ਦੁਰਾਡੇ ਦੇ ਲੋਕਾਂ ਨੂੰ ਅਗਲੇ ਦਿਨ ਸੋਮਵਾਰ ਨੂੰ ਕੰਮਾਂ ਤੇ ਜਾਣ ਲਈ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।

ਸ੍ਰ. ਗਾਖਲ ਤੇ ਅਟਵਾਲ ਨੇ ਇਹ ਗੱਲ ਵੀ ਮਾਣ ਨਾਲ ਕਹੀ ਕਿ ਅਗਲੇ ਵਰ੍ਹੇ ਤਰਲੋਚਨ ਸਿੰਘ ਲੱਛਰ ਦੀ ਸ਼ੇਰੇ ਪੰਜਾਬ ਲਾਸ ਵੈਨਿਸ ਦੀ ਟੀਮ ਸਮੇਤ ਚਾਰ ਵੱਡੀਆਂ ਕਲੱਬਾਂ ਦੀ ਥਾਂ ਹੁਣ ਛੇ ਵੱਡੀਆਂ ਵੱਡੀਆਂ ਕਲੱਬਾਂ ਇਸ 14ਵੇਂ ਵਿਸ਼ਵ ਕਬੱਡੀ ਕੱਪ ਦੀ ਸ਼ਾਨ ਬਣਨਗੀਆਂ। ਉਨ੍ਹਾਂ ਇਹ ਵੀ ਕਿਹਾ ਕਿ ਦਰਸ਼ਕਾਂ ਦਾ ਰੱਜ ਕੇ ਮਿਲਿਆ ਪਿਆਰ ਤੇ ਉਤਸ਼ਾਹ ਹੀ ਉਨ੍ਹਾਂ ਨੂੰ ਅਗਲੇ ਸਾਲ 14ਵਾਂ ਵਿਸ਼ਵ ਕਬੱਡੀ ਕੱਪ ਕਰਵਾਉਣ ਲਈ ਹੁਣ ਤੋਂ ਹੀ ਹੱਲਾਸ਼ੇਰੀ ਦੇ ਰਿਹਾ ਹੈ।



ਮਾਈਕ ਬੋਪਾਰਾਏ



ਮੁੱਖ ਸਰਪ੍ਰਸਤ ਅਮੋਲਕ ਸਿੰਘ ਗਾਖਲ ਨਾਲ ਵਿਸ਼ਵ ਕਬੱਡੀ ਕੱਪ ਦੇ ਸਮੱਰਥਕ।



ਜਸਪ੍ਰੀਤ ਸਿੰਘ ਅਟਾਰਨੀ

ਇਸ ਵਾਰ ਕਬੱਡੀ ਕੱਪ ਦੇ ਮੁੱਖ ਮਹਿਮਾਨ ਮਲਕੀਤ ਸਿੰਘ ਜਿਨ੍ਹਾਂ ਨੂੰ ਮਾਈਕ ਬੋਪਾਰਾਏ ਵਜੋਂ ਸਮੁੱਚਾ ਭਾਈਚਾਰਾ ਬੜੇ ਸਤਿਕਾਰ ਨਾਲ ਜਾਣਦਾ ਹੈ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਣਗੇ ਤੇ ਬੋਪਾਰਾਏ ਪਰਿਵਾਰ ਦੀ ਅਮਰੀਕਾ 'ਚ ਪੰਜਾਬੀ ਭਾਈਚਾਰੇ ਦੀਆਂ ਸਮਾਜਿਕ ਤੇ ਖੇਡ ਗਤੀਵਿਧੀਆਂ 'ਚ ਵਧ ਚੜ੍ਹ ਕੇ ਯੋਗਦਾਨ ਪਾਇਆ ਜਾਂਦਾ ਹੈ। ਇਸ ਵਾਰ ਉੱਘੇ ਇੰਮੀਗ੍ਰੇਸ਼ਨ ਵਕੀਲ ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਕਬੱਡੀ ਕੱਪ ਦਾ ਉਦਘਾਟਨ ਕਰਨਗੇ। ਸ੍ਰ. ਗਾਖਲ ਨੇ ਕਿਹਾ ਕਿ ਜਸਪ੍ਰੀਤ ਸਿੰਘ ਇਸ ਖੇਡ ਮੇਲੇ ਨਾਲ ਬਹੁਤ ਨੇੜੇ ਤੋਂ ਜੁੜੇ ਵੀ ਹੋਏ ਹਨ। ਖੇਡ ਮੇਲੇ ਦੀ ਤਿਆਰੀ ਦੀਆਂ ਹੋਰ ਗਤੀਵਿਧੀਆਂ ਨੂੰ ਸਮੇਂ ਸਮੇਂ ਤੇ ਭਾਈਚਾਰੇ ਨਾਲ ਮੀਡੀਆ ਰਾਹੀ ਸਾਂਝਾ ਕੀਤਾ ਜਾਂਦਾ ਰਹੇਗਾ।

ਉਨ੍ਹਾਂ ਇਹ ਵੀ ਕਿਹਾ ਕਿ ਇਸ ਵਾਰ ਵੀ ਗੁਰੂਘਰ ਫਰੀਮਾਂਟ, ਸੈਨਹੋਜ਼ੇ ਅਤੇ ਸਟਾਕਟਨ ਅਤੇ ਰਾਜਾ ਸਵੀਟਸ ਦੇ ਮੱਖਣ ਸਿੰਘ ਬੈਂਸ ਅਤੇ ਗਿਆਨੀ ਰਵਿੰਦਰ ਸਿੰਘ ਖੇਡ ਪ੍ਰੇਮੀਆਂ ਲਈ ਗੁਰੂ ਕੇ ਲੰਗਰ ਦੀ ਸੇਵਾ ਕਰਨਗੇ।

ਸ੍ਰ. ਅਟਵਾਲ ਤੇ ਗਾਖਲ ਨੇ ਸਮੂਹ ਪੰਜਾਬੀਆਂ ਤੋਂ ਪਹਿਲਾਂ ਵਾਂਗ ਇਸ ਖੇਡ ਮੇਲੇ ਦੀ ਸਫਲਤਾ ਲਈ ਆਸ ਪ੍ਰਗਟਾਉਂਦਿਆਂ ਪ੍ਰਾਪਤੀਆਂ ਦਾ ਸਾਰਾ ਸਿਹਰਾ ਹੀ ਕਬੱਡੀ ਕੱਪ ਦੇ ਸਪਾਂਸਰਾਂ, ਸਹਿਯੋਗੀਆਂ, ਖਿਡਾਰੀਆਂ ਅਤੇ ਦਰਸ਼ਕਾਂ ਸਹਿਬਾਨ ਸਿਰ ਬੰਨ੍ਹਿਆ। ਇਹ ਐਲਾਨ ਕਰਨ ਵੇਲੇ ਸਹੋਤਾ ਬ੍ਰਦਰਜ਼ ਜੁਗਰਾਜ ਸਿੰਘ ਤੇ ਨਰਿੰਦਰ ਸਿੰਘ, ਤਰਲੋਚਨ ਸਿੰਘ ਲੱਛਰ, ਮੰਨਾ ਲੱਛਰ, ਸੈਮ ਪੰਨੂੰ, ਅਮਰਜੀਤ ਸਿੰਘ ਸੰਘਾ ਸਮੇਤ ਕਬੱਡੀ ਦੇ ਅਨੇਕਾਂ ਸਮਰਥਕ ਹਾਜ਼ਰ ਸਨ। ਕਬੱਡੀ ਕੱਪ ਸਬੰਧੀ ਵਧੇਰੇ ਜਾਣਕਾਰੀ ਲਈ ਜਨਰਲ ਸਕੱਤਰ ਐੱਸ ਅਸ਼ੋਕ ਭੌਰਾ ਨਾਲ ਫੋਨ ਨੰਬਰ 510-415-3315 ਤੇ ਕੀਤਾ ਜਾ ਸਕਦਾ ਹੈ।

# ਆਮ ਆਦਮੀ ਪਾਰਟੀ ਨੇ ਸਿਸੋਦੀਆ ਨੂੰ ਬਣਾਇਆ ਪੰਜਾਬ ਦਾ ਇੰਚਾਰਜ

**ਚੰਡੀਗੜ੍ਹ–** ਆਮ ਆਦਮੀ ਪਾਰਟੀ (ਆਪ) ਪੰਜਾਬ ਦੀ ਕਮਾਨ ਕੇਂਦਰੀ ਹਾਈ ਕਮਾਂਡ ਨੇ ਮੁੜ ਆਪਣੇ ਹੱਥ ਲੈ ਲਈ ਹੈ। ਸੀਨੀਅਰ ਆਗੂ ਮਨੀਸ਼ ਸਿਸੋਦੀਆ ਨੂੰ 'ਆਪ' ਦੀ ਪੰਜਾਬ ਇਕਾਈ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਇਹ ਫ਼ੈਸਲਾ ਕੌਂਸਲ ਚੋਣਾਂ ਵਿੱਚ ਪਾਰਟੀ ਦੀ ਵੱਡੀ ਹਾਰ ਤੋਂ ਬਾਅਦ ਲਿਆ ਗਿਆ ਹੈ, ਜਿਸ ਨਾਲ ਪੰਜਾਬੀ ਆਗੂਆਂ ਦੀ ਖ਼ੁਦਮੁਖ਼ਤਾਰੀ ਖ਼ਤਮ ਹੋ ਗਈ ਹੈ। ਸਿਆਸੀ ਮਾਮਲਿਆਂ ਬਾਰੇ ਕਮੇਟੀ ਵੱਲੋਂ ਉਨ੍ਹਾਂ ਦੀ ਨਿਯੁਕਤੀ ਕੀਤੀ ਗਈ ਹੈ। ਪੰਜਾਬ ਵਿੱਚ ਕੌਂਸਲ ਚੋਣਾਂ ਵਿੱਚ 'ਆਪ' ਨੂੰ ਕਾਫ਼ੀ ਨਿਰਾਸ਼ਾ ਦਾ ਸਾਹਮਣਾ ਕਰਨਾ ਪਿਆ ਹੈ ਅਤੇ 'ਆਪ' ਦਾ ਸਿਰਫ਼ ਇੱਕ ਉਮੀਦਵਾਰ ਹੀ ਜਿੱਤਿਆ ਹੈ। ਇਹ ਸੀਟ ਖਹਿਰਾ ਦੇ ਹਲਕੇ ਭੁਲੱਥ ਨਾਲ ਸਬੰਧਤ ਹੈ। ਇਸ ਮੌਕੇ ਸ੍ਰੀ ਅਰੋੜਾ ਨੇ ਕਿਹਾ ਕਿ ਪਾਰਟੀ ਦੇ ਵੱਡੀ ਗਿਣਤੀ ਉਮੀਦਵਾਰਾਂ ਨੇ ਆਜ਼ਾਦ ਤੌਰ 'ਤੇ ਚੋਣ ਲੜੀ ਸੀ ਅਤੇ ਉਨ੍ਹਾਂ ਪਾਰਟੀ ਚੋਣ ਨਿਸ਼ਾਨ ਨਹੀਂ ਲਿਆ ਸੀ। ਉਨ੍ਹਾਂ ਕਿਹਾ ਕਿ ਪਾਰਟੀ ਚੋਣ ਨਿਸ਼ਾਨ 'ਤੇ ਚੋਣ ਲੜਨ ਦੀ ਸੂਰਤ ਵਿੱਚ ਸਰਕਾਰੀ ਅਫ਼ਸਰਾਂ ਨੇ ਇੱਕ ਨਾ ਦੂਜੇ ਬਹਾਨੇ ਪੇਪਰ ਰੱਦ ਕਰ ਦੇਣੇ ਸਨ।

# ਗੁਜਰਾਤ 'ਚ ਸੁਸਤ ਰਿਹਾ ਕਮਲ ਪਰ ਹਿਮਾਚਲ ਵਿੱਚ ਫੜੀ ਰਫ਼ਤਾਰ

## ਛੇਵੀਂ ਵਾਰ ਗੁਜਰਾਤ ਹਾਰਨ ਦੇ ਬਾਵਜੂਦ ਕਾਂਗਰਸ ਦੇ ਪ੍ਰਦਰਸ਼ਨ ਵਿੱਚ ਭਰਵਾਂ ਸੁਧਾਰ

**ਅਹਿਮਦਾਬਾਦ/ਸ਼ਿਮਲਾ–** ਆਮ ਚੋਣਾਂ ਤੋਂ ਸਿਰਫ਼ 18 ਮਹੀਨੇ ਪਹਿਲਾਂ ਦੇਸ਼ ਦੀ ਸਿਆਸਤ ਉਤੇ ਪਕੜ ਮਜ਼ਬੂਤ ਕਰਦਿਆਂ ਭਾਜਪਾ ਨੇ ਗੁਜਰਾਤ ਵਿਧਾਨ ਸਭਾ ਚੋਣਾਂ ਵਿੱਚ ਅੱਜ ਰਿਕਾਰਡ ਲਗਾਤਾਰ ਛੇਵੀਂ ਵਾਰ ਜਿੱਤ ਦਰਜ ਕੀਤੀ ਅਤੇ ਹਿਮਾਚਲ ਪ੍ਰਦੇਸ਼ ਵਿੱਚ ਕਾਂਗਰਸ ਤੋਂ ਸੱਤਾ ਹਥਿਆ ਲਈ।

ਸਵੇਰੇ ਆਏ ਰੁਝਾਨਾਂ ਵਿੱਚ ਭਾਜਪਾ ਤੇ ਕਾਂਗਰਸ ਵਿਚਾਲੇ ਫਸਵੀਂ ਟੱਕਰ ਸੀ ਅਤੇ ਗੁਜਰਾਤ ਦਾ ਨਤੀਜਾ ਉਤਰਾਅ-ਚੜ੍ਹਾਅ ਵਾਲਾ ਲੱਗਿਆ। ਦੁਪਹਿਰ ਬਾਅਦ ਭਾਜਪਾ ਅੱਗੇ ਹੋ ਗਈ ਅਤੇ ਅੰਤ ਵਿੱਚ ਪਾਰਟੀ ਨੇ ਕੁੱਲ 182 ਮੈਂਬਰੀ ਵਿਧਾਨ ਸਭਾ ਵਿੱਚ 99 ਸੀਟਾਂ ਜਿੱਤੀਆਂ।

ਹਾਲਾਂਕਿ ਇਹ ਅੰਕੜਾ ਇਸ ਭਗਵਾ ਭਾਰਤੀ ਦੇ ਕਿਆਸ ਤੋਂ ਕਾਫ਼ੀ ਘੱਟ ਹੈ। ਪਾਰਟੀ ਆਗੂਆਂ ਦਾ 150 ਤੋਂ ਵੱਧ ਸੀਟਾਂ ਜਿੱਤਣ ਦਾ ਟੀਚਾ ਸੀ ਪਰ ਰਾਹੁਲ ਗਾਂਧੀ ਦੀ ਅਗਵਾਈ ਹੇਠ ਉਭਰੀ ਕਾਂਗਰਸ ਦੇ ਨਾਲ ਨਾਲ ਪਾਟੀਦਾਰ ਤੇ ਦਲਿਤ ਆਗੂਆਂ ਹਾਰਦਿਕ ਪਟੇਲ, ਅਲਪੇਸ਼ ਠਾਕੁਰ ਤੇ ਜਿਗਨੇਸ਼ ਮੇਵਾਨੀ ਤੋਂ ਭਾਜਪਾ ਨੂੰ ਤਕੜੀ ਚੁਣੌਤੀ ਦਾ ਸਾਹਮਣਾ ਕਰਨਾ ਪਿਆ। ਕਾਂਗਰਸ ਨੂੰ ਕੁੱਲ 80 ਸੀਟਾਂ ਮਿਲੀਆਂ। 2012 ਦੀਆਂ ਚੋਣਾਂ ਵਿੱਚ ਉਸ ਕੋਲ 61 ਸੀਟਾਂ ਸਨ। ਹੋਰਾਂ ਦੇ ਖਾਤੇ ਵਿੱਚ ਤਿੰਨ ਸੀਟਾਂ ਗਈਆਂ। ਭਾਜਪਾ ਨੇ ਇਨ੍ਹਾਂ ਨਤੀਜਿਆਂ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਕਾਸ ਏਜੰਡੇ ਦੀ ਜਿੱਤ ਦੱਸਿਆ। ਕਾਂਗਰਸ ਨੂੰ ਸਿਰਫ਼ ਇਸੇ ਤੱਥ ਨਾਲ ਢਾਰਸ ਮਿਲੀ ਕਿ ਉਸ ਨੇ ਸ੍ਰੀ ਮੋਦੀ ਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਦੇ ਗ੍ਰਹਿ ਰਾਜ ਵਿੱਚ ਆਪਣੀ ਸੂਚੀ ਵਿੱਚ ਵਾਧਾ ਕੀਤਾ ਹੈ। ਸ੍ਰੀ ਸ਼ਾਹ ਨੇ ਇਸ ਨਤੀਜੇ ਉਤੇ ਤਸੱਲੀ ਜ਼ਾਹਰ ਕਰਦਿਆਂ ਕਿਹਾ ਕਿ ਗੁਜਰਾਤ ਵਿੱਚ ਪਾਰਟੀ ਦਾ ਵੋਟ ਫੀਸਦ ਪਿਛਲੀ ਵਾਰ ਦੇ 47.85 ਫੀਸਦੀ ਤੋਂ ਵਧ ਕੇ 49.10 ਫੀਸਦੀ ਰਿਹਾ। ਕਾਂਗਰਸ ਦਾ ਵੋਟ ਫੀਸਦ ਵੀ 38.93 ਤੋਂ ਵਧ ਕੇ 41.5 ਫੀਸਦੀ ਰਿਹਾ।

ਇਸ ਦੌਰਾਨ ਪ੍ਰਧਾਨ ਮੰਤਰੀ ਦੇ ਗ੍ਰਹਿ ਜ਼ਿਲ੍ਹੇ ਵਡਨਗਰ ਵਿੱਚ ਪੈਂਦੇ ਉਂਝਾ ਹਲਕੇ ਵਿੱਚ ਭਾਜਪਾ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਕਾਂਗਰਸ ਦੀ ਆਸ਼ਾਬੇਨ ਪਟੇਲ ਨੇ ਭਾਜਪਾ ਦੇ ਪੰਜ ਵਾਰ ਤੋਂ ਵਿਧਾਇਕ ਰਹੇ ਨਰਾਇਣਭਾਈ ਪਟੇਲ ਤੋਂ ਇਹ ਸੀਟ ਜਿੱਤੀ। ਆਸ਼ਾਬੇਨ ਨੇ ਨਰਾਇਣਭਾਈ ਨੂੰ 19,529 ਵੋਟਾਂ ਦੇ ਫਰਕ ਨਾਲ ਹਰਾਇਆ। ਘੱਟੋ ਘੱਟ 16 ਹਲਕਿਆਂ ਵਿੱਚ ਮੁਕਾਬਲਾ ਕਾਫ਼ੀ ਸਖ਼ਤ ਰਿਹਾ। ਕਈ ਥਾਈਂ ਦੋ ਹਜ਼ਾਰ ਤੋਂ ਵੀ ਘੱਟ ਵੋਟਾਂ ਨਾਲ ਜਿੱਤ-ਹਾਰ ਹੋਈ ਅਤੇ ਕੁੱਝ ਥਾਈਂ ਤਾਂ ਜਿੱਤ-ਹਾਰ ਦਾ ਅੰਤਰ ਸਿਰਫ਼ ਦੋ ਸੌ ਵੋਟਾਂ ਸੀ।

ਗੋਧਰਾ ਵਿੱਚ ਭਾਜਪਾ ਦੇ ਸੀ.ਕੇ. ਰੌਲਜੀ ਸਿਰਫ਼ 258 ਵੋਟਾਂ ਦੇ ਫਰਕ ਨਾਲ ਜਿੱਤੇ। ਕੋਪਰਾੜਾ ਵਿੱਚ ਕਾਂਗਰਸ ਨੂੰ ਸਿਰਫ਼ 170 ਵੋਟਾਂ ਨਾਲ ਜਿੱਤ ਮਿਲੀ। ਢੋਲਕਾ ਸੀਟ ਕਾਂਗਰਸ ਨੇ 327 ਵੋਟਾਂ ਨਾਲ ਹਾਰੀ। ਫਤੇਪੁਰਾ ਵਿੱਚ ਭਾਜਪਾ ਨੂੰ 2711 ਵੋਟਾਂ ਦੇ ਫਰਕ ਨਾਲ ਜਿੱਤ ਮਿਲੀ। ਕਾਂਗਰਸ ਨੇ ਬੋਤਾਤ ਸੀਟ 906 ਵੋਟਾਂ ਦੇ ਫਰਕ ਨਾਲ ਗੁਆਈ। ਭਾਜਪਾ ਨੇ ਮਾਨਸਾ ਸੀਟ 524 ਅਤੇ ਦਿਓਦਾਰ ਸੀਟ 972 ਵੋਟਾਂ ਦੇ ਫਰਕ ਨਾਲ ਹਾਰੀ।

ਗੁਜਰਾਤ ਸਰਕਾਰ ਦੇ ਪੰਜ ਮੰਤਰੀਆਂ ਨੂੰ ਹਾਰ ਸਾਹਮਣਾ ਕਰਨਾ ਪਿਆ। ਇਨ੍ਹਾਂ ਵਿੱਚ ਕੈਬਨਿਟ ਮੰਤਰੀ ਆਤਮਾਰਾਮ ਪਰਮਾਰ ਤੇ ਚਿਮਨਭਾਈ ਸਪਾਰੀਆ ਸ਼ਾਮਲ ਹਨ। ਰਾਜ ਮੰਤਰੀਆਂ ਸ਼ੰਕਰ ਚੌਧਰੀ, ਕੇਸ਼ਾਜੀ ਚੌਹਾਨ ਤੇ ਸ਼ਬਦਸ਼ਰਨ ਤਾਡਵੀ ਨੂੰ ਵੀ ਹਾਰ ਦਾ ਮੂੰਹ ਦੇਖਣਾ ਪਿਆ। ਕਾਂਗਰਸ ਦੇ ਵੀ ਕਈ ਸੀਨੀਅਰ ਆਗੂ ਵਿਧਾਨ ਸਭਾ ਵਿੱਚ ਪੁੱਜਣ ਵਿੱਚ ਨਾਕਾਮ ਰਹੇ। ਇਨ੍ਹਾਂ ਵਿੱਚ ਅਰਜੁਨ ਮੋਧਵਾੜੀਆ, ਸ਼ਕਤੀਸਿੰਹ ਗੋਹਿਲ, ਸਿਧਾਰਥ ਪਟੇਲ ਤੇ ਤੁਸ਼ਾਰ ਚੌਧਰੀ ਸ਼ਾਮਲ ਹਨ। ਗੁਜਰਾਤ ਵਿੱਚ 5.5 ਲੱਖ ਵੋਟਰਾਂ ਨੇ ਨੋਟਾ (ਕਿਸੇ ਨੂੰ ਵੀ ਵੋਟ ਨਹੀਂ) ਦਾ ਬਟਨ ਦਬਾਇਆ, ਜਦੋਂ ਕਿ ਹਿਮਾਚਲ ਵਿੱਚ 33 ਹਜ਼ਾਰ ਵੋਟਰਾਂ ਨੇ ਨੋਟਾ ਦਾ ਬਟਨ ਨੱਪਿਆ।

ਭਾਜਪਾ ਦੇ ਮੀਤ ਪ੍ਰਧਾਨ ਸ਼ਿਆਮ ਜਾਜੂ ਨੇ ਕਿਹਾ ਕਿ ''ਅਸੀਂ ਲਗਾਤਾਰ ਵਿਧਾਨ ਸਭਾ ਚੋਣਾਂ ਜਿੱਤ ਕੇ ਰਿਕਾਰਡ ਕਾਇਮ ਕੀਤਾ ਹੈ। ਸਰਕਾਰ ਵਿਰੋਧੀ ਲਹਿਰ ਨਹੀਂ ਚੱਲੀ। ਪ੍ਰਧਾਨ ਮੰਤਰੀ ਦੀ ਮਕਬੂਲੀਅਤ ਕਾਇਮ ਹੈ। ਅਮਿਤ ਸ਼ਾਹ ਦੀ ਰਣਨੀਤੀ ਕਾਰਗਰ ਰਹੀ।'' ਜਿੱਤ ਸਪੱਸ਼ਟ ਹੋਣ ਮਗਰੋਂ ਪਾਰਟੀ ਵਰਕਰ ਗਲੀਆਂ ਤੇ ਪਾਰਟੀ ਦਫ਼ਤਰਾਂ ਵਿੱਚ ਇਕੱਤਰ ਹੋ ਗਏ ਅਤੇ ਉਨ੍ਹਾਂ ਮਠਿਆਈਆਂ ਵੰਡੀਆਂ ਤੇ ਪਟਾਕੇ ਚਲਾਏ।

**ਗੁਜਰਾਤ 'ਚ 2014 ਬਾਅਦ ਭਾਜਪਾ ਦੀ ਵੋਟ ਫ਼ੀਸਦੀ ਘਟੀ**

2014 ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ 60 ਫ਼ੀਸਦ ਵੋਟਾਂ ਪਈਆਂ ਸਨ ਜਦੋਂ ਕਿ ਮੌਜੂਦਾ ਵਿਧਾਨ ਸਭਾ ਚੋਣਾਂ 'ਚ ਇਸ ਪਾਰਟੀ ਹਿੱਸੇ 49.1 ਫ਼ੀਸਦ ਵੋਟਾਂ ਆਈਆਂ ਹਨ। ਦੱਸਣਯੋਗ ਹੈ ਕਿ 2012 ਵਿਧਾਨ ਸਭਾ ਚੋਣਾਂ 'ਚ ਭਾਜਪਾ ਨੂੰ ਤਕਰੀਬਨ 48 ਫ਼ੀਸਦ ਵੋਟਾਂ ਪਈਆਂ ਸਨ। ਮੌਜੂਦਾ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਦਾ ਵੋਟ ਹਿੱਸਾ ਵਧ ਕੇ 41.4 ਫ਼ੀਸਦ ਹੋ ਗਿਆ ਹੈ, ਜੋ 2014 ਲੋਕ ਸਭਾ ਚੋਣਾਂ ਵਿੱਚ 33 ਫ਼ੀਸਦ ਸੀ। 2012 ਵਿਧਾਨ ਸਭਾ ਚੋਣਾਂ 'ਚ ਕਾਂਗਰਸ ਨੂੰ ਤਕਰੀਬਨ 39 ਫ਼ੀਸਦ ਵੋਟਾਂ ਪਈਆਂ ਸਨ।

# ਇਸ ਵਾਰ ਗੁਜਰਾਤ ਵਿਚ ਭਾਜਪਾ ਤੇ ਕਾਂਗਰਸ ਦੇ ਧੁਨੰਤਰਾਂ ਨੂੰ ਮਿਲੀ ਮਾਤ

**ਅਹਿਮਦਾਬਾਦ–** ਹਾਲ ਹੀ ਵਿੱਚ ਨੇਪਰੇ ਚੜ੍ਹੀਆਂ ਗੁਜਰਾਤ ਚੋਣਾਂ ਵਿੱਚ 16 ਸੀਨੀਅਰ ਆਗੂਆਂ ਨੂੰ ਸ਼ਿਕਸਤ ਮਿਲੀ ਹੈ। ਇਨ੍ਹਾਂ ਵਿੱਚ ਭਾਜਪਾ ਅਤੇ ਕਾਂਗਰਸ ਦੋਵਾਂ ਪਾਰਟੀਆਂ ਦੇ ਮੌਜੂਦਾ ਤੇ ਸਾਬਕਾ ਆਗੂ ਸ਼ਾਮਲ ਹਨ।

ਜ਼ਿਕਰਯੋਗ ਹੈ ਕਿ ਭਾਜਪਾ ਸੂਬੇ ਵਿੱਚ ਲਗਾਤਾਰ ਛੇਵੀਂ ਵਾਰ ਸਰਕਾਰ ਬਣਾ ਰਹੀ ਹੈ। ਚੋਣਾਂ ਵਿੱਚ ਭਾਜਪਾ ਦੇ ਛੇ ਮੰਤਰੀ ਅਤੇ ਵਿਧਾਨ ਸਭਾ ਸਪੀਕਰ ਰਮਨਲਾਲ ਵੋਰਾ ਕਾਂਗਰਸੀ ਉਮੀਦਵਾਰ ਤੋਂ ਹਾਰ ਗਏ ਹਨ। ਇਸ ਨਾਲ ਪਾਰਟੀ ਨੂੰ ਵੱਡਾ ਝਟਕਾ ਲੱਗਾ ਹੈ। ਦੂਜੇ ਪਾਸੇ ਕਾਂਗਰਸ ਦੇ ਧੁਨੰਤਰਾਂ ਨੂੰ ਵੀ ਧੂੜ ਚੱਟਣੀ ਪਈ ਹੈ, ਪਰ ਇਸ ਦੇ ਬਾਵਜੂਦ ਗੁਜਰਾਤ ਚੋਣਾਂ ਵਿੱਚ ਕਾਂਗਰਸ ਦਾ ਪ੍ਰਦਰਸ਼ਨ 2012 ਦੇ ਮੁਕਾਬਲੇ ਵਧੀਆ ਰਿਹਾ ਹੈ। ਕਾਂਗਰਸ ਨੇ 77 ਸੀਟਾਂ 'ਤੇ ਜਿੱਤ ਦਰਜ ਕੀਤੀ ਹੈ ਜਦੋਂ ਕਿ ਇਸ ਤੋਂ ਪਹਿਲਾਂ ਉਸ ਨੇ 61 ਸੀਟਾਂ ਜਿੱਤੀਆਂ ਸਨ। ਕਾਂਗਰਸ ਦੇ ਹਾਰਨ ਵਾਲੇ ਸੀਨੀਅਰ ਆਗੂਆਂ ਵਿੱਚ ਅਰਜੁਨ ਮੋਧ-ਵਾੜੀਆ, ਸ਼ਕਤੀਸਿੰਘ ਗੋਹਿਲ, ਸਿਧਾਰਥ ਪਟੇਲ ਤੇ ਤੁਸ਼ਾਰ ਚੌਧਰੀ ਸ਼ਾਮਲ ਹਨ।

ਮੋਧਵਾੜੀਆ 2004-07 ਵਿਚਾਲੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਹਿ ਚੁੱਕੇ ਹਨ। ਇਸ ਤੋਂ ਇਲਾਵਾ ਭਾਜਪਾ ਦੇ ਕਈ ਆਗੂਆਂ, ਵਿਧਾਇਕਾਂ ਅਤੇ ਮੰਤਰੀਆਂ ਨੂੰ ਵੀ ਸ਼ਿਕਸਤ ਝੱਲਣੀ ਪਈ। ਇਨ੍ਹਾਂ ਵਿੱਚ ਸ਼ਹਿਰੀ ਵਿਕਾਸ ਤੇ ਸਿਹਤ ਰਾਜ ਮੰਤਰੀ ਸ਼ੰਕਰ ਚੌਧਰੀ, ਕੈਬਨਿਟ ਰੈਂਕ ਦੇ ਮੰਤਰੀ ਭਾਜਪਾ ਦੇ ਦਲਿਤ ਆਗੂ ਆਤਮਾ ਰਾਮ ਪਰਮਾਰ, ਕੈਬਨਿਟ ਮੰਤਰੀ ਚਿਮਨਭਾਈ ਸਪਾਰੀਆ, ਪੱਛੜੀ ਜਾਤੀ ਭਲਾਈ ਮੰਤਰੀ ਕੇਸ਼ਾਜੀ ਚੌਹਾਨ, ਸ਼ਬਦਸ਼ਰਨ ਟਾਡਵੀ, ਜਲਸਪਲਾਈ ਮੰਤਰੀ ਜਸ਼ਾ ਬਰਾੜ ਆਦਿ ਸ਼ਾਮਲ ਹਨ।

**ਤਿੰਨ ਮੁਸਲਿਮ ਉਮੀਦਵਾਰ ਜੇਤੂ**

ਗੁਜਰਾਤ ਚੋਣਾਂ ਦੌਰਾਨ ਕਾਂਗਰਸ ਵੱਲੋਂ ਮੈਦਾਨ ਵਿੱਚ ਉਤਾਰੇ ਤਿੰਨ ਮੁਸਲਿਮ ਉਮੀਦਵਾਰ ਵੀ ਜੇਤੂ ਰਹੇ ਹਨ। ਭਾਜਪਾ ਨੇ ਕਿਸੇ ਮੁਸਲਿਮ ਉਮੀਦਵਾਰ ਨੂੰ ਟਿਕਟ ਨਹੀਂ ਦਿੱਤੀ ਸੀ, ਜਦੋਂ ਕਿ ਕਾਂਗਰਸ ਨੇ ਪੰਜ ਮੁਸਲਿਮ ਉਮੀਦਵਾਰ ਮੈਦਾਨ ਵਿੱਚ ਉਤਾਰੇ ਸੀ ਜਿਨ੍ਹਾਂ ਵਿੱਚੋਂ ਤਿੰਨ ਸ਼ਹਿਰੀ ਖੇਤਰ ਵਿੱਚ ਸੀ। ਜੇਤੂ ਰਹੇ ਉਮੀਦਵਾਰਾਂ ਵਿੱਚ ਜਾਵੇਦ ਪੀਰਜ਼ਾਦਾ (ਵਨਕਨੇਰ), ਗਿਆਸੁਦੀਨ ਸ਼ੇਖ(ਦਰੀਆਪੁਰ) ਅਤੇ ਇਮਰਾਨ ਖੇੜਾਵਾਲਾ (ਜਮਾਲਪੁਰ- ਖੇਡੀਆ)। ਇਸ ਤੋਂ ਇਲਾਵਾ 'ਆਪ', ਜਨਤਾ ਦਲ(ਯੂ) ਅਤੇ ਭਾਜਪਾ ਤੇ ਐਨਸੀਪੀ ਨੇ ਵੀ ਮੁਸਲਿਮ ਉਮੀਦਵਾਰ ਉਤਾਰੇ ਸੀ ਜੋ ਵਧੀਆ ਪ੍ਰਦਰਸ਼ਨ ਨਹੀਂ ਕਰ ਸਕੇ।

# ਕਾਂਗਰਸ ਨੇ ਗੁਜਰਾਤ ਚੋਣ ਨਤੀਜਿਆਂ ਨੂੰ ਭਾਜਪਾ ਲਈ ਖਤਰੇ ਦੀ ਘੰਟੀ ਦੱਸਿਆ

**ਨਵੀਂ ਦਿੱਲੀ–** ਗੁਜਰਾਤ ਨਤੀਜਿਆਂ ਤੋਂ ਬਾਅਦ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਭਾਜਪਾ 'ਤੇ ਸ਼ਬਦੀ ਹਮਲੇ ਕਰਦਿਆਂ ਗੁਜਰਾਤ ਚੋਣ ਨਤੀਜਿਆਂ ਨੂੰ ਹਾਕਮ ਪਾਰਟੀ ਲਈ ਵੱਡਾ ਝਟਕਾ ਦੱਸਿਆ ਤੇ ਕਿਹਾ ਕਿ ਭਾਜਪਾ ਆਪਣੀ ਹਾਰ ਨੂੰ ਜਿੱਤ ਵਜੋਂ ਲੈ ਰਹੀ ਹੈ। ਭਾਜਪਾ ਦੀ ਭਾਈਵਾਲ ਪਾਰਟੀ ਸ਼ਿਵ ਸੈਨਾ ਨੇ ਵੀ ਇਨ੍ਹਾਂ ਚੋਣ ਨਤੀਜਿਆਂ ਨੂੰ ਭਾਜਪਾ ਲਈ ਖਤਰੇ ਦੀ ਘੰਟੀ ਦੱਸਿਆ ਸੀ।

ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਦੇ ਘਰੇਲੂ ਸੂਬੇ ਗੁਜਰਾਤ 'ਚ ਭਾਜਪਾ ਦੀ ਬਹੁਤ ਘੱਟ ਫਰਕ ਨਾਲ ਜਿੱਤ ਹੋਣ ਮਗਰੋਂ ਨਰਿੰਦਰ ਮੋਦੀ ਦੀ ਭਰੋਸੇਯੋਗਤਾ 'ਤੇ ਵੀ ਸਵਾਲ ਖੜ੍ਹਾ ਕੀਤਾ। ਉਨ੍ਹਾਂ ਦਾਅਵਾ ਕੀਤਾ ਕਿ ਦੇਸ਼ ਦੇ ਲੋਕ ਹੁਣ ਮੋਦੀ ਦੀਆਂ ਗੱਲਾਂ ਨਹੀਂ ਸੁਣ ਰਹੇ ਤੇ ਗੁਜਰਾਤ ਦੇ ਵਿਕਾਸ ਮਾਡਲ ਨੂੰ ਵੀ ਨਕਾਰ ਰਹੇ ਹਨ। ਸ੍ਰੀ ਗਾਂਧੀ ਨੇ ਦਿੱਲੀ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, 'ਮੈਨੂੰ ਪਤਾ ਲੱਗਾ ਹੈ ਕਿ ਉੱਥੇ (ਗੁ-ਜਰਾਤ 'ਚ) ਲੋਕਾਂ ਨੇ ਅਸਲ 'ਚ ਮੋਦੀ ਜੀ ਦਾ ਗੁਜਰਾਤ ਮਾਡਲ ਪ੍ਰਵਾਨ ਨਹੀਂ ਕੀਤਾ।

ਇਹ ਮੰਨਿਆ ਜਾ ਰਿਹਾ ਸੀ ਕਾਂਗਰਸ ਗੁਜਰਾਤ 'ਚ ਭਾਜਪਾ ਦਾ ਮੁਕਾਬਲਾ ਨਹੀਂ ਕਰ ਸਕੇਗੀ, ਪਰ ਚੋਣ ਨਤੀ-ਜਿਆਂ 'ਚ ਭਾਜਪਾ ਨੂੰ ਜ਼ਬਰਦਸਤ ਝਟਕਾ ਲੱਗਾ ਹੈ।' ਕਾਂਗਰਸ ਪ੍ਰਧਾਨ ਨੇ ਇਨ੍ਹਾਂ ਚੋਣ ਨਤੀਜਿਆਂ ਨੂੰ ਬਹੁਤ ਵਧੀਆ ਤੇ ਪਾਰਟੀ ਦੀ ਨੈਤਿਕ ਜਿੱਤ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਸ੍ਰੀ ਮੋਦੀ ਲਗਾਤਾਰ ਭ੍ਰਿਸ਼ਟਾਚਾਰ ਖ਼ਿਲਾਫ਼ ਬੋਲਦੇ ਰਹਿੰਦੇ ਹਨ, ਪਰ ਉਨ੍ਹਾਂ ਕਦੀ ਵੀ ਅਮਿਤ ਸ਼ਾਹ ਦੇ ਬੇਟੇ ਜਯ ਸ਼ਾਹ ਤੇ ਰਾਫੇ ਜੈਟ ਸਮਝੌਤੇ ਬਾਰੇ ਕੋਈ ਗੱਲ ਨਹੀਂ ਕੀਤੀ।

ਰਾਹੁਲ ਗਾਂਧੀ ਨੂੰ ਜਵਾਬ ਦਿੰਦਿਆਂ ਭਾਜਪਾ ਆਗੂ ਪ੍ਰਕਾਸ਼ ਜਾਵੜੇਕਰ ਨੇ ਦਾਅਵਾ ਕੀਤਾ ਕਿ ਗੁਜਰਾਤ ਚੋਣਾਂ ਦੇ ਨਤੀਜਿਆਂ ਨੇ ਅਸਲ ਵਿੱਚ ਕਾਂਗਰਸ ਨੂੰ ਝਟਕਾ ਦਿੱਤਾ ਹੈ। ਉਨ੍ਹਾਂ ਕਿਹਾ, 'ਅਸੀਂ ਦੋਵੇਂ ਸੂਬਈ ਵਿਧਾਨ ਸਭਾ ਚੋਣਾਂ ਤੇ ਗੁਜਰਾਤ 'ਚ ਛੇਵੀਂ ਵਾਰ ਚੋਣ ਜਿੱਤੀ ਹੈ। ਅਸਲ ਵਿੱਚ ਇਹ ਝਟਕਾ ਕਾਂਗਰਸ ਲਈ ਹੈ।' ਉਨ੍ਹਾਂ ਕਿਹਾ ਕਿ ਗੁਜਰਾਤ ਵਿੱਚ ਲੋਕਾਂ ਨੇ ਮੋਦੀ ਤੇ ਉਨ੍ਹਾਂ ਵਿਕਾਸ ਏਜੰਡੇ 'ਤੇ ਪੂਰਾ ਭਰੋਸਾ ਦਿਖਾਇਆ ਹੈ।

ਦੂਜੇ ਪਾਸੇ ਨੇ ਆਪਣੇ ਰਸਾਲੇ 'ਸਾਮਨਾ' ਦੀ ਸੰਪਾਦਕੀ 'ਚ ਸੈਨਾ ਨੇ ਭਾਜਪਾ 'ਤੇ ਤਿੱਖੇ ਹਮਲੇ ਕੀਤੇ ਹਨ। ਸੈਨਾ ਨੇ ਕਿਹਾ ਕਿ ਭਾਜਪਾ ਗੁਜਰਾਤ ਚੋਣਾਂ 'ਚ ਆਸਾਨੀ ਨਾਲ ਜਿੱਤਣ ਦੇ ਦਾਅਵੇ ਕਰ ਰਹੀ ਹੈ, ਪਰ ਉਹ ਬਹੁਤ ਮੁਸ਼ਕਿਲ ਨਾਲ ਜਿੱਤੀ ਹੈ। ਭਾਜਪਾ ਨੇ ਗੁਜਰਾਤ ਤੇ ਹਿਮਾਚਲ ਪ੍ਰਦੇਸ਼ ਚੋਣਾਂ ਜਿੱਤੀਆਂ ਜ਼ਰੂਰ ਹਨ, ਪਰ ਕਾਂਗਰਸ ਵੀ ਹਾਰੀ ਨਹੀਂ ਹੈ। ਉਨ੍ਹਾਂ ਕਿਹਾ ਕਿ ਇਹ ਚੋਣ ਨਤੀਜੇ ਉਨ੍ਹਾਂ ਲਈ ਚਿਤਾਵਨੀ ਹਨ ਜੋ ਤਾਨਾਸ਼ਾਹੀ ਵਾਲੇ ਰਾਜ 'ਚ ਯਕੀਨ ਰੱਖਦੇ ਹਨ।

# ਪੰਜਾਬ ਵਿਚ ਮਿਉਂਸਪਲ ਚੋਣਾਂ 'ਚ ਸੱਤਾਧਾਰੀ ਪਾਰਟੀ ਦੀ ਜਿੱਤ

**ਚੰਡੀਗੜ੍ਹ–** ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਨਮੋਸ਼ੀ ਭਰੀ ਹਾਰ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੂੰ ਲਗਾਤਾਰ ਅਸਫਲਤਾ ਦਾ ਮੂੰਹ ਦੇਖਣਾ ਪੈ ਰਿਹਾ ਹੈ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਕਾਂਗਰਸ ਸਰਕਾਰ ਵੱਲੋਂ ਜਨਤਾ ਨਾਲ ਕੀਤੇ ਵਾਅਦੇ ਪੂਰੇ ਨਾ ਕਰਨ ਕਰਕੇ ਲੋਕਾਂ ਵਿੱਚ ਉਪਜੀ ਨਿਰਾਸ਼ਾ ਦੇ ਬਾਵਜੂਦ ਅਕਾਲੀ-ਭਾਜਪਾ ਗੱਠਜੋੜ ਦੇ ਪੈਰ ਨਹੀਂ ਲੱਗ ਰਹੇ।

ਗੁਰਦਾਸਪੁਰ ਸੰਸਦੀ ਹਲਕੇ ਦੀ ਜ਼ਿਮਨੀ ਚੋਣ ਤੋਂ ਬਾਅਦ ਨਿਗਮ ਤੇ ਮਿਉਂਸਿਪਲ ਚੋਣਾਂ ਹੀ ਅਜਿਹਾ ਮੈਦਾਨ ਸੀ, ਜਿੱਥੇ ਅਕਾਲੀ ਦਲ ਚੰਗੀ ਕਾਰਗੁਜ਼ਾਰੀ ਦਿਖਾਉਣਾ ਚਾਹੁੰਦਾ ਸੀ, ਪਰ ਅਕਾਲੀ ਦਲ ਪੱਲੇ ਨਿਰਾਸ਼ਾ ਹੀ ਪਈ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਉਨ੍ਹਾਂ ਦੇ ਕਰੀਬੀ ਰਿਸ਼ਤੇਦਾਰ ਬਿਕਰਮ ਸਿੰਘ ਮਜੀਠੀਆ ਤੇ ਹੋਰ ਸੀਨੀਅਰ ਆਗੂਆਂ ਨੇ ਇਨ੍ਹਾਂ ਚੋਣਾਂ ਨੂੰ ਵੱਕਾਰ ਦਾ ਸਵਾਲ ਬਣਾਇਆ ਤੇ ਚੋਣ ਅਮਲ ਸ਼ੁਰੂ ਹੁੰਦਿਆਂ ਹੀ ਆਵਾਜਾਈ ਠੱਪ ਕਰਕੇ ਲੋਕਾਂ ਦੀ ਹਮਦਰਦੀ ਜੁਟਾਉਣ ਦੀ ਕੋਸ਼ਿਸ਼ ਕੀਤੀ। ਇਸ ਦੇ ਬਾਵਜੂਦ ਅਕਾਲੀ ਦਲ ਪੱਲੇ ਨਿਰਾਸ਼ਾ ਪਈ ਹੈ। ਇਨ੍ਹਾਂ ਚੋਣਾਂ ਦੌਰਾਨ ਦੇਖਿਆ ਗਿਆ ਹੈ ਕਿ ਪੰਜਾਬ ਪੁਲੀਸ ਦੇ ਜਿਹੜੇ ਮੁਲਾਜ਼ਮ ਜਾਂ ਅਫ਼ਸਰ ਅਕਾਲੀਆਂ ਦੀ ਚੌਕੀ ਭਰਦੇ ਸਨ, ਉਨ੍ਹਾਂ ਪੁਲੀਸ ਅਫ਼ਸਰਾਂ 'ਤੇ ਹੀ ਵਿਰੋਧੀ ਧਿਰ ਦੇ ਆਗੂਆਂ ਨੇ ਕਾਂਗਰਸ ਦੀ ਸ਼ਹਿ 'ਤੇ ਧੱਕੇਸ਼ਾਹੀ ਦੇ ਦੋਸ਼ ਲਾਏ। ਪੰਜਾਬ ਦੀ ਸੱਤਾ 'ਤੇ ਲਗਾਤਾਰ ਇੱਕ ਦਹਾਕਾ ਰਾਜ ਕਰਨ ਤੋਂ ਬਾਅਦ ਅਕਾਲੀ ਦਲ ਨੂੰ ਅਣਕਿਆਸੀਆਂ ਹਾਰਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮਿਉਂਸਿਪਲ ਚੋਣਾਂ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਇਹ ਤੱਥ ਸਾਹਮਣੇ ਆਉਂਦੇ ਹਨ ਕਿ ਇਸ ਪਾਰਟੀ ਨੇ ਜ ਲ ਧ ਰ, ਅੰਮ੍ਰਿਤਸਰ ਤੇ ਪਟਿਆਲਾ ਨਿਗਮ ਦੀਆਂ ਚੋਣਾਂ ਦੀ ਰਣਨੀਤੀ ਘੜਨ ਲਈ ਸਾਬਕਾ ਮੰਤਰੀਆਂ ਤੇ ਹੋਰ ਸੀਨੀਅਰ ਆਗੂਆਂ ਦੀਆਂ ਡਿਊਟੀਆਂ ਲਾਈਆਂ ਸਨ। ਇਸ ਦੇ ਬਾਵਜੂਦ ਤਿੰਨਾਂ ਵੱਡੇ ਸ਼ਹਿਰਾਂ ਵਿੱਚ ਪਾਰਟੀ ਦੀ ਨਮੋਸ਼ੀ ਭਰੀ ਹਾਰ ਹੋਈ ਤੇ ਛੋਟੇ ਸ਼ਹਿਰਾਂ ਵਿੱਚ ਵੀ ਲੋਕਾਂ ਨੇ ਖ਼ਾਸ ਹੁੰਗਾਰਾ ਨਹੀਂ ਦਿੱਤਾ। ਹਾਲਾਂਕਿ ਅਕਾਲੀ ਦਲ ਨੇ ਸੱਤਾਕਾਲ ਦੇ ਪਿਛਲੇ 5 ਸਾਲਾਂ ਦੇ ਵਕਫ਼ੇ ਦੌਰਾਨ 'ਪੰਥਕ' ਏਜੰਡਾ ਛੱਡ ਕੇ ਸ਼ਹਿਰੀ ਵੋਟਰਾਂ 'ਤੇ ਧਿਆਨ ਕੇਂਦਰਿਤ ਕੀਤਾ ਹੋਇਆ ਸੀ ਤਾਂ ਜੋ ਸ਼ਹਿਰੀ ਵੋਟਰਾਂ ਨੂੰ ਪਾਰਟੀ ਨਾਲ ਜੋੜਿਆ ਜਾ ਸਕੇ। 9 ਮਹੀਨੇ ਪਹਿਲਾਂ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਵੀ ਅਕਾਲੀ ਦਲ ਨੂੰ ਸ਼ਹਿਰੀ ਖੇਤਰਾਂ ਵਿੱਚੋਂ ਵੱਡੀ ਮਾਰ ਪਈ ਸੀ ਤੇ ਹੁਣ ਮਿਉਂਸਿਪਲ ਚੋਣਾਂ ਦੌਰਾਨ ਵੀ ਪਹਿਲਾਂ ਵਾਲੀ ਸਥਿਤੀ ਬਰਕਰਾਰ ਰਹੀ। ਅਕਾਲੀ ਦਲ ਨੂੰ ਭਵਿੱਖੀ ਚੋਣਾਂ ਵਿੱਚ ਬਿਹਤਰ ਕਾਰਗੁਜ਼ਾਰੀ ਦਿਖਾਉਣ ਲਈ ਰਣਨੀਤੀ ਬਦਲਣੀ ਪਵੇਗੀ। ਲੋਕਾਂ ਦੇ ਦਿਲ ਜਿੱਤਣ ਲਈ 'ਪੰਥਕ' ਪਾਰਟੀ ਨੇ ਵਿਧਾਨ ਸਭਾ ਚੋਣਾਂ ਦੀ ਨਮੋਸ਼ੀ ਭਰੀ ਹਾਰ ਤੋਂ ਬਾਅਦ ਕੋਈ ਨੀਤੀਗਤ ਤਬਦੀਲੀ ਨਹੀਂ ਲਿਆਂਦੀ ਤੇ ਫਿਲਹਾਲ ਅਕਾਲੀ ਦਲ ਵੱਲੋਂ ਸੱਤਾ ਵਿਰੋਧੀ ਰੁਖ਼ ਦਾ ਲਾਭ ਲੈਣ 'ਤੇ ਹੀ ਜ਼ਿਆਦਾ ਟੇਕ ਰੱਖੀ ਜਾਪਦੀ ਹੈ।



ਸੀਨੀਅਰ ਲੀਡਰਸ਼ਿਪ ਦਾ ਮੰਨਣਾ ਹੈ ਕਿ ਪਾਰਟੀ ਦਾ ਸਮੁੱਚਾ ਦਾਰੋਮਦਾਰ ਅੱਜ ਵੀ ਬਾਦਲਾਂ ਦੁਆਲੇ ਹੀ ਹੈ। ਇਹ ਅਕਸਰ ਦੇਖਿਆ ਗਿਆ ਹੈ ਕਿ ਦੂਜੀ ਕਤਾਰ ਦੇ ਸੀਨੀਅਰ ਆਗੂਆਂ ਨੂੰ ਕਿਸੇ ਸੰਕਟ ਦੀ ਘੜੀ ਦੌਰਾਨ ਹੀ ਮੈਦਾਨ ਵਿੱਚ ਲਿਆਂਦਾ ਜਾਂਦਾ ਹੈ। ਅਕਾਲੀਆਂ ਦੀ ਭਾਈਵਾਲ ਪਾਰਟੀ ਭਾਜਪਾ ਦੀ ਸਥਿਤੀ ਅਕਾਲੀ ਦਲ ਨਾਲੋਂ ਵੀ ਮਾੜੀ ਨਜ਼ਰ ਆ ਰਹੀ ਹੈ। ਦੇਸ਼ ਦੇ ਹੋਰ ਸੂਬਿਆਂ ਵਿੱਚ ਬਿਹਤਰ ਕਾਰਗੁਜ਼ਾਰੀ ਦੇ ਬਾਵਜੂਦ ਭਾਜਪਾ ਦਾ ਪੰਜਾਬ ਵਿੱਚ ਆਧਾਰ ਲਗਾਤਾਰ ਖੁੱਸ ਰਿਹਾ ਹੈ। ਇਸ ਪਾਰਟੀ ਨੂੰ ਆਮ ਤੌਰ 'ਤੇ ਸ਼ਹਿਰੀਆਂ ਦੀ ਪਾਰਟੀ ਮੰਨਿਆ ਜਾਂਦਾ ਹੈ, ਪਰ ਸ਼ਹਿਰੀ ਖੇਤਰ ਦੀਆਂ ਚੋਣਾਂ ਨੇ ਵੀ ਭਾਜਪਾ ਦੇ ਪੱਲੇ ਨਿਰਾਸ਼ਾ ਹੀ ਪਾਈ ਹੈ।

# ਬਾਬਾ ਸਾਹਿਬ ਡਾ.ਅੰਬੇਦਕਰ ਦੇ ਪ੍ਰੀਨਿਰਵਾਣ ਦਿਵਸ 'ਤੇ ਸ਼ਰਧਾਂਜਲੀਆਂ

**ਜਲੰਧਰ (ਬਿਊਰੋ)–** ਬੁੱਧ ਵਿਹਾਰ ਟਰੱਸਟ (ਰਜਿ.) ਸੋਫੀ ਪਿੰਡ ਵੱਲੋਂ ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੂੰ ਉਹਨਾਂ ਦੇ 61ਵੇਂ ਪ੍ਰੀਨਿਰਵਾਣ ਦਿਵਸ 'ਤੇ ਸ਼ਰਧਾਂਜਲੀਆਂ ਭੇਂਟ ਕੀਤੀਆਂ। ਸ੍ਰੀ ਹਰਭਜਨ ਦਾਸ ਸਾਂਪਲਾ ਐਡਵੋਕੇਟ, ਸ੍ਰੀ ਚਮਨ ਦਾਸ ਸਾਂਪਲਾ, ਗੁਰਮੀਤ ਸਾਂਪਲਾ, ਮਾਸਟਰ ਰਾਮਲਾਲ, ਸ੍ਰੀ ਲੈਮਬਰ ਰਾਮ ਬੰਗੜ, ਹੁਸਨ ਲਾਲ ਬੋਧ ਪ੍ਰਧਾਨ ਭਾਰਤੀ ਬੋਧ ਮਹਾਂਸਭਾ ਪੰਜਾਬ, ਚੰਚਲ ਬੋਧ, ਹਰਭਜਨ ਨਿੰਮਤਾ, ਪ੍ਰਿੰਸੀਪਲ



ਪਰਮਜੀਤ ਜੱਸਲ, ਕੁਲਵੰਤ ਕੌਰ ਜੱਸਲ ਅਤੇ ਹੋਰ ਸ਼ਰਧਾਲੂਆਂ ਵੱਲੋਂ ਡਾ. ਅੰਬੇਡਕਰ ਚੌਂਕ ਜਲੰਧਰ ਪਹੁੰਚ ਕੇ ਬਾਬਾ ਸਾਹਿਬ ਡਾ. ਅੰਬੇਡਕਰ ਦੇ ਬੁੱਤ ਨੂੰ ਫੁੱਲ ਮਾਲਾਵਾਂ ਪਹਿਨਾ ਕੇ ਸ਼ਰਧਾ ਸੁਮਨ ਭੇਂਟ ਕੀਤੇ ਗਏ।

ਸ੍ਰੀ ਹਰਭਜਨ ਦਾਸ ਸਾਂਪਲਾ ਸਕੱਤਰ ਬੁੱਧ ਵਿਹਾਰ ਟਰੱਸਟ ਨੇ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਡਕਰ ਦੀਆਂ ਸਿੱਖਿਆਵਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਤਨਦੇਹੀ ਨਾਲ ਮਿਹਨਤ ਕਰਨੀ ਚਾਹੀਦੀ ਹੈ।

# ਏਸ਼ੀਆਂ 'ਚ ਹੋ ਰਹੇ ਮਨੁੱਖੀ ਤਸ਼ੱਦਦ ਤੇ ਅਤਿਆਚਾਰ 'ਤੇ ਕੀਤੀ ਵਿਚਾਰ-ਚਰਚਾ

**ਮਿਲਪੀਟਸ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** ਸੈਨ ਫਰ੍ਹਾਂਸਿਸਕੋ ਬੇਅ ਏਰੀਏ ਸ਼ਹਿਰ ਮਿਲ-ਪੀਟਸ ਵਿਚ ਅਮਰੀਕਨ ਸਿੱਖ ਕਾਕਸ ਕਮੇਟੀ ਵੱਲੋਂ ਅੰਤਰ-ਰਾਸ਼ਟਰੀ ਮਨੁੱਖੀ ਅਧਿਕਾਰ ਦਿਵਸ ਮਨਾਇਆ ਗਿਆ, ਜਿਸ ਵਿਚ ਏਸ਼ੀਅਨ ਲੋਕਾਂ ਦੇ ਮਨੁੱਖੀ ਹੱਕਾਂ 'ਤੇ ਪੈ ਰਹੇ ਵੱਡੇ ਡਾਕੇ ਅਤੇ ਹੋ ਰਹੇ ਜ਼ੁਲਮੋ-ਸਿਤਮ ਅਤੇ ਅੱਤਿਆਚਾਰਾਂ ਬਾਰੇ ਗਹਿਰੀ ਵਿਚਾਰ ਚਰਚਾ ਕੀਤੀ ਗਈ। ਅਮਰੀਕੀ ਕਾਂਗਰਸਵੂਮੈਨ ਜੋ ਲੋਫ਼ਗਰੇਨ (ਡੈਮੋਕਰਮਿਟਕ ਪਾਰਟੀ), ਨੇ ਉਚੇਚੇ ਤੌਰ ਤੇ ਇਸ ਸਮਾਗਮ 'ਚ ਸ਼ਿਰਕਤ ਕੀਤੀ। ਉਨਾ ਮੁੱਖ ਬੁਲਾਰੇ ਵਜੋਂ ਆਪਣੇ ਭਾਸ਼ਣ 'ਚ ਮਿਆਮਾਂਰ-ਬਰਮਾ, ਭਾਰਤ ਤੇ ਹੋਰ ਦੇਸ਼ਾਂ 'ਚ ਹੋ ਰਹੇ ਮਨੁੱਖੀ ਘਾਣ ਬਾਰੇ ਸੰਬੋਧਨ ਕੀਤਾ। ਉੁਨਾਂ ਕਿਹਾ ਕਿ ਭਾਰਤ, ਪਾਕਿ, ਕੰਬੋਡੀਆ ਅਤੇ ਮਿਆਮਾਂਰ ਤੇ ਹੋਰਨਾਂ ਏਸ਼ੀਆਈ ਮੁਲਕਾਂ 'ਚ ਘੱਟ ਗਿਣਤੀ ਲੋਕਾਂ 'ਤੇ ਰਹੇ ਹਮਲੇ ਅਤਿ ਮੰਦਭਾਗੀਆਂ



ਘਟਨਾਵਾਂ ਹਨ। ਉੁਨਾਂ ਕਿਹਾ ਕਿ ਘੱਟ ਗਿਣਤੀ ਲੋਕਾਂ 'ਤੇ ਹੋ ਰਹੇ ਅਤਿਆਚਾਰਾਂ ਲਈ ਉਹ ਉੁਨਾਂ ਨਾਲ ਹਨ ਅਤੇ ਇਸ ਸਬੰਧੀ ਉਹ ਹਮੇਸ਼ਾਂ ਅਵਾਜ਼ ਉਠਾਉਂਦੇਂ ਰਹਿਣਗੇ। ਉੁਨਾਂ ਮੀਟਿੰਗ 'ਚ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਉਹ ਏਸ਼ੀਆਈ ਦੇਸ਼ਾਂ 'ਚ ਹੋ ਰਹੇ ਮਨੁੱਖੀ ਹੱਕਾਂ ਦੇ ਘਾਣ ਦੀ ਰਾਖੀ ਤੇ ਅਤੇ ਉਹਨਾਂ ਦੀ ਸੁਰੱਕਿਆ ਨੂੰ ਯਕੀਨੀ ਬਣਾਉਣ ਲਈ ਅਮਰੀਕਨ ਸੰਸਦ 'ਚ ਉਠਾਉਣਗੇ। ਸਮਾਗਮ ਵਿਚ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਅਤੇ ਹੋਰਨਾਂ ਸਿੱਖਾਂ ਵੱਲੋਂ ਜੋ ਲੋਫਗ੍ਰੇਨ ਨਾਲ ਮੁਲਾਕਾਤ ਦੌਰਾਨ ਸਿੱਖ ਕੌਮ ਨੂੰ ਦਰਪੇਸ਼ ਮੁਸ਼ਕਿਲਾਂ'ਤੇ ਅਹਿਮ ਵਿਚਾਰਾਂ ਵੀ ਸਾਂਝੀਆਂ ਕੀਤੀਆਂ। ਏ. ਜੀ. ਪੀ. ਸੀ. ਪ੍ਰਧਾਨ ਸ. ਜਸਵੰਤ ਸਿੰਘ ਹੋਠੀ ਅਤੇ ਕੋਆਰਡੀਨੇਟਰ ਸ. ਪ੍ਰਿਤਪਾਲ ਸਿੰਘ ਅਤੇ ਅਮਰੀਕਨ ਸਿੱਖ ਕਾਂਗਰੇਸ਼ਨਲ ਕਾਕਸ ਕਮੇਟੀ ਦੇ ਮੁੱਖ ਬੁਲਾਰੇ ਸ. ਹਰਪ੍ਰੀਤ ਸਿੰਘ ਸੰਧੂ ਨੇ ਏਸ਼ੀਆ ਦੇ ਉਕਤ ਮੁਲਕਾਂ ਵਿਚ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਘਾਣ ਤੋਂ ਇਲਾਵਾ ਸਿੱਖ ਕਾਕਸ ਦੁਆਰਾ ਸਿੱਖਾਂ ਖਿਲਾਫ ਹੋਈਆਂ ਹਿੰਸਕ ਘਟਨਾਵਾਂ ਵਿਰੋਧਆਪਣੀ ਗੱਲਬਾਤ ਲੋਡਗਰੇਨ ਸਾਹਮਣੇ ਰੱਖੀ।

# ਪੜ੍ਹੋ, ਸੰਘਰਸ਼ ਕਰੋ, ਇਕੱਠੇ ਹੋਵੋ : ਭੀਮ ਕ੍ਰਾਂਤੀ ਦਲ ਹੁਸ਼ਿਆਰਪੁਰ

**ਹੁਸ਼ਿਆਰਪੁਰ (ਬਿਊਰੋ)–** ਭਾਰਤੀ ਸੰਵਿਧਾਨ ਦੇ ਨਿਰਮਾਤਾ ਭਾਰਤ ਮੂਲ ਨਿਵਾਸੀਆਂ ਦੇ ਮਹਾਨ ਵਿਦਵਾਨਾਂ 'ਚ ਇਕ ਅਣਖੀ ਯੋਧਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦਾ ਪ੍ਰੀਨਿਰਵਾਣ ਦਿਵਸ ਹੁਸ਼ਿਆਰਪੁਰ ਸੀ. ਟੀ. ਵਿਖੇ ਮਨਾਇਆ ਗਿਆ। ਜਿਸ ਦੀ ਪ੍ਰਧਾਨਗੀ ਅਮਰਜੀਤ ਕੁਮਾਰ ਭੱਟੀ ਜ਼ਿਲ੍ਹਾ ਪ੍ਰਧਾਨ ਭੀਮ ਕ੍ਰਾਂਤੀ ਦਲ ਹੁਸ਼ਿਆਪਰ ਤੇ ਬੱਚਿਆਂ ਨੂੰ ਮੁਫਤ ਸਿੱਖਿਆ ਦੇਣ ਵਾਲੇ ਕਮਲਜੀਤ ਦਰਦੀ ਅੰਬੇਡਕਰੀ, ਹਰਜਿੰਦਰ ਕੁਮਾਰ ਲਾਡੀ ਸੀਨੀਅਰ ਆਗੂ ਭੀਮ ਕ੍ਰਾਂਤੀ ਦਲ ਆਦਿ ਵੱਲੋਂ ਬਾਬਾਸਾਹਿਬ ਡਾ. ਭੀਮ ਰਾਓ ਅੰ-ਬੇਡਕਰ ਜੀ ਦੀ ਤਸਵੀਰ ਅੱਗੇ ਫੁੱਲ ਭੇਂਟ ਕਰਦੇ ਹੋਏ ਤੇ ਬੱਚਿਆਂ ਨੇ ਵੀ ਵੱਧ ਚੜ੍ਹ ਕੇ ਮੋਮਬੱਤੀਆਂ ਚਲਾ ਕੇ ਪ੍ਰਣਾਮ ਕੀਤਾ ਤੇ ਅਮਰਜੀਤ ਕੁਮਾਰ ਭੱਟੀ ਜ਼ਿਲ੍ਹਾ ਪ੍ਰਧਾਨ ਭੀਮ ਕ੍ਰਾਂਤੀ ਦਲ ਨੇ ਕਿਹਾ ਕਿ ਭਾਰਤ ਦੇ ਮੂਲ ਨਿਵਾਸੀਆਂ ਨੂੰ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਹਮੇਸ਼ਾ ਰਿਣੀ ਰਹਿਣਾ ਚਾਹੀਦਾ ਹੈ ਤੇ ਬਾਬਾ ਸਾਹਿਬ ਕਰਕੇ ਸਾਡਾ ਸਮਾਜ



ਇੱਜਤ ਮਾਣ ਦੀ ਜ਼ਿੰਦਗੀ ਜੀ ਰਿਹਾ ਹੈ। ਅੱਜ ਦੇ ਸਮੇਂ ਵਿਚ ਜੇਕਰ ਸਾਡੇ ਲੋਕ ਵੱਖ-ਵੱਖ ਧਰਮਾਂ ਜਾਂ ਵੱਖ ਵੱਖ ਰਾਜਨੀਤਿਕ ਪਾਰਟੀਆਂ ਵਿਚ ਬੈਠੇ ਹਨ, ਉਹ ਬਾਬਾ ਸਾਹਿਬ ਜੀ ਦੀ ਮਿਹਨਤ ਦਾ ਫਲ ਹੈ ਤੇ ਭਾਰਤ ਦੇ ਮੂਲ ਨਿਵਾਸੀ ਨੂੰ ਸਦਾ-ਸਦਾ ਲਈ 6 ਦਸੰਬਰ 1956 ਨੂੰ ਸਰੀਰ ਛੋਡਤੇ ਸਾਡੇ ਸਮਾਜ ਨੂੰ ਛੱਡ ਕੇ ਚਲੇ ਗਏ। ਕਮਲਜੀਤ ਦਰਦੀ ਅੰਬੇਡਕਰੀ ਨੇ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਡਕਰ ਜੀ ਬਹੁਤ ਲੰਮਾ ਸੰਘਰਸ਼ ਕਰਕੇ ਦੱਬੇ-ਕੁਚਲੇ ਲੋਕਾਂ ਲਈ ਸੰਵਿਧਾਨ ਲਿਖ ਕੇ ਬਰਾਬਰਤਾ ਦਾ ਹੱਕ ਲੈ ਕੇ ਦਿੰਤਾ ਤੇ ਬਾਬਾ ਸਾਹਿਬ ਦੀ ਬਦੌਲਤ ਹੀ ਔਰਤਾਂ ਅੱਜ ਪੜ੍ਹ ਰਹੀਆਂ ਹਨ ਤੇ ਅੱਜ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹੋ ਤੇ ਸਮਾਜ ਦਾ ਨਾਮ ਰੋਸ਼ਨ ਕਰਨਾ ਚਾਹੀਦਾ ਹੈ ਤਾਂ ਹੀ ਸਮਾਜ ਬਾਬਾ ਸਾਹਿਬ ਜੀ ਦਾ ਸੁਪਨਾ ਪੂਰਾ ਹੋ ਸਕਦਾ ਹੈ। ਤੇ ਭੀਮ ਕ੍ਰਾਂਤੀ ਦਲ ਦੇ ਆਗੂਆਂ ਨੇ ਕਿਹਾ ਕਿ ਸਰਕਾਰਾਂ ਨੂੰ ਵੀ ਚਾਹੀਦਾ ਹੈ ਕਿ ਬੱਚਿਆਂ ਨੂੰ ਮੁਫਤ ਸਕੂਲਾਂ ਵਿਚ ਸਿੱਖਿਆ ਦਿੱਤੀ ਜਾਵੇ ਤੇ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਵੱਧ ਤੋਂ ਵੱਧ ਸਰਕਾਰੀ ਸਕੂਲ ਖੋਲ੍ਹੇ ਜਾਣ ਨਾ ਕਿ ਸਰਕਾਰੀ ਸਕੂਲ ਬੰਦ ਕੀਤੇ ਜਾਣ ਤੇ ਪੰਜਾਬ ਦਾ ਹਰ ਬੱਚਾ ਪੜ੍ਹ ਲਿਖ ਕੇ ਪੰਜਾਬ ਦਾ ਨਾਂ ਰੌਸ਼ਨ ਕਰੇ।

# ਤਕਸ਼ਿਲਾ ਮਹਾਂ ਬੁੱਧ ਵਿਹਾਰ ਕਾਦੀਆਂ ਵਿਖੇ ਬਾਬਾ ਸਾਹਿਬ ਡਾ.ਅੰਬੇਦਕਰ ਨੂੰ ਸ਼ਰਧਾਂਜਲੀਆਂ





**ਲੁਧਿਆਣਾ (ਬਿਊਰੋ)–** ਪੰਜਾਬ ਬੁੱਧਿਸਟ ਸੁਸਾਇਟੀ (ਰਜਿ.) ਪੰਜਾਬ ਵੱਲੋਂ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦਾ 61ਵਾਂ ਪ੍ਰੀਨਿਰਵਾਣ ਦਿਵਸ 6 ਦਸੰਬਰ ਨੂੰ ਸਵੇਰੇ 11 ਵਜੇ ਤਕਸ਼ਿਲਾ ਮਹਾਂ ਬੁੱਧ ਵਿਹਾਰ ਕਾਦੀਆਂ ਲੁਧਿਆਣਾ ਵਿਖੇ ਬਹੁਤ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਭਿਖਸ਼ੂਆਂ ਵੱਲੋਂ ਵਿਸ਼ਵ ਸ਼ਾਂਤੀ ਲਈ ਪ੍ਰਾਰਥਨਾਵਾਂ ਕੀਤੀਆਂ ਗਈਆਂ ਅਤੇ ਉਪਾਸਕਾਂ ਵੱਲੋਂ ਬਾਬਾ ਸਾਹਿਬ ਡਾ. ਅੰਬੇਦਕਰ ਜੀ ਨੂੰ ਫੁੱਲ ਮਾਲਾਵਾਂ ਪਹਿਨਾ ਕੇ ਸ਼ਰਧਾ ਸੁਮਨ ਭੇਂਟ ਕੀਤੇ। ਮੁੱਖ ਬੁਲਾਰੇ ਸ੍ਰੀ ਹਰਬੰਸ ਲਾਲ ਵਿਰਦੀ ਕੋਆਰਡੀਨੇਟਰ ਫੈਡਰੇਸ਼ਨ ਆਫ ਅੰਬੇਡਕ ਰਾਈਸਟ ਆਰਗੇਨਾਈਜੇਸ਼ਨ ਅਤੇ ਬੁੱਧਿਸਟ ਐਸੋਸੀਏਸ਼ਨ ਇੰਗਲੈਂਡ, ਸ੍ਰੀ ਸੋਹਣ ਲਾਲ ਸਹਿਜਲ, ਸ੍ਰੀ ਹਰਭਜਨ ਦਾਸ ਸਾਂਪਲਾ ਪ੍ਰਧਾਨ ਪੰਜਾਬ ਬੁੱਧਿਸਟ ਸੁਸਾਇਟੀ (ਰਜਿ.) ਪੰਜਾਬ, ਸ੍ਰੀ ਦੇਸ ਰਾਜ ਚੌਹਾਨ, ਸ੍ਰੀ ਰਾਮ ਦਾਸ ਗੁਰੂ ਅਤੇ ਸ੍ਰੀ ਦਲਬੀਰ ਸਿੰਘ ਸਰੋਆ ਜੀ ਤੋਂ ਇਲਾਵਾ ਹੋਰ ਬਹੁਤ ਸਾਰੇ ਉਪਾਸਕਾਂ ਨੇ ਸ਼ਰਧਾਂਜਲੀਆਂ ਭੇਂਟ ਕੀਤੀਆਂ। ਇਸ ਮੌਕੇ ਭਿਖਸ਼ੂ ਪ੍ਰਗਿਆਨੰਦ (ਸ੍ਰੀਲੰਕਾ) ਜੀ ਨੂੰ ਵੀ ਸ਼ਰਧਾਂਜਲੀ ਭੇਂਟ ਕੀਤੀ ਗਈ।

# ਦੋਸ਼ੀਆਂ ਨੂੰ ਬਿਨ੍ਹਾਂ ਹੋਰ ਵਕਤ ਗੁਆਇਆ ਤੁਰੰਤ ਗ੍ਰਿਫਤਾਰੀ ਕੀਤੀ ਜਾਵੇ- ਕੈਂਥ

ਪਟਿਆਲਾ- ਸਮਾਜਿਕ ਰਾਜਨੀਤਕ ਸੰਗਠਨ, ਨੈਸਨਲ ਸਡਿਊਲਡ ਕਾਸਟ ਅਲਾਇੰਸ (ਐਨ. ਐਸ. ਸੀ. ਏ) ਦੇ ਕੋਮੀ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਅੱਜ ਇਥੇ ਦੋਸ਼ ਲਗਾਇਆ ਕਿ ਮੋਜੂਦਾ ਸਰਕਾਰ ਦੇ ਅਧੀਨ ਪੁਲਿਸ ਤੇ ਸਿਵਲ ਪ੍ਰਸਾਸ਼ਨ ਪੂਰੀ ਤਰ੍ਹਾਂ ਨਾਲ ਕਾਂਗਰਸੀ ਐਮ. ਐਲ. ਏਜ਼ ਦੇ ਹੱਥ ਦੀ ਕੱਠਪੁੱਤਲੀ ਬਣ ਕੇ ਰਹਿ ਗਿਆ ਹੈ ਤੇ ਇਸ ਕਾਰਨ ਲੋਕਾਂ ਨੂੰ ਨਿਆਂ ਨਹੀਂ ਮਿਲ ਰਿਹਾ ਤੇ ਲੋਕ ਸਰਕਾਰੀ ਦਹਿਸ਼ਤ ਅਧੀਨ ਜੀਣ ਲਈ ਮਜਬੂਰ ਹੋ ਕੇ ਰਹਿ ਗਏ ਹਨ।

ਇਥੇ ਪੱਤਰਕਾਰਾਂ ਦੇ ਨਾਲ ਗੱਬਲਾਤ ਕਰਦੇ ਹੋਇਆ ਉਨ੍ਹਾਂ ਨੇ ਕਿਹਾ ਕਿ ਪਟਿਆਲਾ ਜਿਲ੍ਹੇ ਅੰਦਰ ਕਈ ਮਸਲਿਆਂ 'ਚ ਇਸ ਦੀਆਂ ਉਦਹਾਰਣਾਂ ਮਿਲਦੀਆਂ ਹਨ ਤੇ ਇਹਨ੍ਹਾਂ 'ਚੋ ਇੱਕ ਉਦਹਾਰਣ ਅਧੀਨ ਪਾਤੜਾਂ ਵਿਖੇ ਸੰਦੀਪ ਕੁਮਾਰ ਦੇ ਖੁਦਕੁਸ਼ੀ ਦੇ ਮਾਮਲੇ ਵਿੱਚ ਮਿਲਦੀ ਹੈ। ਜਿਸ ਅੰਦਰ ਉਕਤ ਵਿਅਕਤੀ ਨੇ ਆਪਣੀ ਘਰਵਾਲੀ ਦੇ ਨਾਲ ਇੱਕ ਸਕੂਲ ਪ੍ਰਬੰਧਕ ਵੱਲੋ ਨਜ਼ਾਇਜ਼ ਸਬੰਧਾਂ ਦੇ ਮਾਮਲੇ ਨੂੰ ਲੈ ਕੇ ਗੱਲ ਕੀਤੀ ਤਾਂ ਉਸ ਨੂੰ ਪ੍ਰੇਸ਼ਾਨ ਕਰਵਾਇਆ ਗਿਆ ਤੇ ਆਖੀਰ ਤੰਗ ਆ ਕੇ ਉਸ ਨੇ ਖੁਦਕੁਸ਼ੀ ਕਰ ਲਈ ਤੇ ਇਸ ਦੌਰਾਨ ਉਸ ਦਾ ਹੱਥ ਲਿਖਤ ਖੁਦਕੁਸ਼ੀ ਨੋਟ ਵੀ ਮਿਲਿਆ ਤੇ ਪੁਲਿਸ ਨੇ ਮਾਮਲਾ ਐਫ.ਆਈ.ਆਰ ਨੰਬਰ 224 ਮਿਤੀ 26 ਸਤੰਬਰ 2017 ਦਫਾ 306 ਤੇ 120ਬ ਭਰਤੀ ਦੰਡਾਵਲੀ ਅਧੀਨ ਦੋਸ਼ੀ ਅਤੇ ਕਾਂਗਰਸੀ ਸਾਬਕਾ ਐਮ.ਐਲ.ਏ ਮੰਗਤ ਰਾਮ ਬਾਂਸਲ(ਅਨਸਰ), ਸਕੂਲ ਮਾਲਕ ਰਾਕੇਸ਼ ਕੁਮਾਰ, ਸੇਲੀਨਾ ਰਾਣੀ, ਮੋਹਿਤ ਕੁਮਾਰ, ਵੀਨਾ ਰਾਣੀ ਤੇ ਕੁਲਦੀਪ ਕੁਮਾਰ ਵਿਰੁੱਧ ਤਾਂ ਦਰਜ਼ ਕਰ ਲਿਆ ਹੈ ਲੇਕਿਨ ਫਿਲਹਾਲ ਤੱਕ ਮਾਮਲੇ 'ਚ ਕੋਈ ਠੋਸ




ਕਾਰਵਾਈ ਨਹੀ ਹੋਈ ਕਿਉਂਕਿ ਸਿੱਧੇ ਤੋਰ ਤੇ ਕਾਂਗਰਸੀ ਐਲ.ਐਲ.ਏ ਆਪਣੇ ਸਾਥੀ ਨੂੰ ਬਚਾਉਣ ਲਈ ਉਸ ਦੀ ਪਿੱਠ 'ਤੇ ਆ ਗਏ ਤੇ ਖੁਦਕੁਸ਼ੀ ਕਰਨ ਵਾਲੇ ਅਗਰਵਾਲ ਸਮਾਜ ਨਾਲ ਸਬੰਧਿਤ ਵਿਅਕਤੀ ਨੂੰ ਨਿਆਂ ਨਹੀ ਲੈਣ ਦਿੱਤਾ। ਕੈਂਥ ਨੇ ਅੱਗੇ ਦੋਸ਼ ਲਗਾਇਆ ਕਿ ਦੋਸ਼ੀਆਂ ਵਿਰੁੱਧ ਇਸ ਕਰਕੇ ਅੱਗੇ ਕੋਈ ਕਾਰਵਾਈ ਨਹੀ ਹੋ ਸਕੀ ਕਿਉਂਕਿ ਪਟਿਆਲਾ ਵਿਖੇ ਲਗਾਈ ਹੋਈ ਐਸ.ਐਸ.ਪੀ (ਹੈਡਕਵਾਟਰ) ਮੈਡਮ ਤਨਵਰਦੀਪ ਕੌਰ ਅਸਿੱਧੇ ਢੰਗ ਨਾਲ ਮਾਮਲੇ ਦੀ ਜਾਂਚ ਕਰਦੇ ਹੋਇਆ ਕਾਂਗਰਸ ਦੇ ਦਬਾਅ ਅਧੀਨ ਦੋਸ਼ੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੀ ਹੈ ਤੇ ਮਾਮਲਾ ਰਫਾ-ਦਫਾ ਕਰਨਾ ਚਾਹੁੰਦੀ ਹੈ। ਪਰਮਜੀਤ ਸਿੰਘ ਕੈਂਥ ਨੇ ਨਾਲ ਹੀ ਅੱਗੇ ਹੋਰ ਦੋਸ਼ ਲਗਾਇਆ ਕਿ ਅਜਿਹੇ ਮਾਮਲਿਆ ਬਾਰੇ ਸਾਬਕਾ ਕੇਂਦਰੀ ਮੰਤਰੀ ਪਰਨੀਤ ਕੌਰ ਨੂੰ ਸਭ ਕੁੱਝ ਪਤਾ ਹੈ ਤੇ ਉਹਨ੍ਹਾਂ ਦੇ ਧਿਆਨ ਵਿੱਚ ਲਿਆ ਕੇ ਅਜਿਹੇ ਕੰਮ ਕਾਗਰਸੀ ਐਮ.ਐਲ.ਏਜ਼ ਲੋਕਾਂ ਨਾਲ ਧੱਕਾ ਮੁੱਕੀ ਕਰੀ ਜਾ ਰਹੇ ਹਨ। ਉਹਨ੍ਹਾ ਸਰਕਾਰ ਪਾਸੋ ਮੰਗ ਕੀਤੀ ਕਿ ਅਜਿਹੇ ਮਾਮਲਿਆ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਣੀ ਚਾਹੀਦੀ ਹੈ ਤੇ ਦੋਸ਼ੀਆਂ ਵਿਰੁੱਧ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

ਉਹਨਾਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪਾਸੋ ਮੰਗ ਕੀਤੀ ਹੈ ਕਿ ਉਹ ਬਤੌਰ ਗ੍ਰਹਿ ਮੰਤਰੀ ਅਜਿਹੇ ਮਾਮਲਿਆ ਦੀ ਉੱਚ ਪੱਧਰੀ ਜਾਂਚ ਕਰਵਾਉਣ ਤੇ ਲੋਕ ਵਿਰੋਧੀ ਨਿਰਪੱਖ ਨਾ ਰਹਿਣ ਵਾਲੇ ਪੁਲਿਸ ਅਫਸਰਾਂ ਵਿਰੁੱਧ ਬਣਦੀ ਕਾਰਵਾਈ ਦੇ ਹੁਕਮ ਦੇਣ ਜਿਸ ਨਾਲ ਲੋਕਾਂ ਦਾ ਸਰਕਾਰ ਪ੍ਰਤੀ ਵਿਸ਼ਵਾਸ਼ ਬਹਾਲ ਹੋ ਸਕੇ॥ ਕੈਂਥ ਨੇ ਨਾਲ ਹੀ ਇਹ ਵੀ ਮੰਗ ਕੀਤੀ ਕਿ ਮਾਮਲੇ ਦੇ ਵਿੱਚ ਨਾਮਜ਼ਦ ਸਾਰੇ ਦੇ ਸਾਰੇ ਦੋਸ਼ੀਆਂ ਨੂੰ ਬਿਨ੍ਹਾਂ ਹੋਰ ਵਕਤ ਗੁਆਇਆ ਤੁਰੰਤ ਗ੍ਰਿਫਤਾਰੀ ਕੀਤੀਠ ਜਾਵੇ ਤੇ ਜੇਲ੍ਹ ਭੇਜਿਆ ਜਾਵੇ ਅਤੇ ਦੋਸ਼ੀਆਂ ਨੂੰ ਦਿੱਤੀ ਜਾ ਰਹੀ ਸਿਆਸੀ ਛੱਤਰੀ ਨੂੰ ਹਟਾਇਆ ਜਾਵੇ।

# ਸਰਕਾਰੀ ਕੰਨਿਆਂ ਸੀਨੀਅਰ ਸੈਕੰਡਰੀ ਸਕੂਲ ਦੀ ਵਿਦਿਆਰਥਣ ਨੇ ਨੈਸ਼ਨਲ ਪੱਧਰ ਤੇ ਕੀਤਾ ਸ਼ਾਨਦਾਰ ਪ੍ਰਦਰਸ਼ਨ

**ਘੱਲ ਕਲਾਂ (ਬਲਰਾਜ ਸਿੰਘ)–** ਸਰਕਾਰੀ ਕੰਨਿਆਂ ਸੀਨੀਅਰ ਸੈਕੰਡਰੀ ਸਕੂਲ ਘੱਲ ਕਲਾਂ ਦੀ ਵਿਦਿਆਰਥਣ ਨੇ ਨੈਸ਼ਨਲ ਪੱਧਰ ਤੇ ਸਿਲਵਰ ਮੈਡਲ ਜਿੱਤਿਆ ਅਮਨਦੀਪ ਕੌਰ ਵਿਦਿਆਰਥਣ ਨੇ ਨੈਸ਼ਨਲ ਪੱਧਰ ਤੇ ਦੂਸਰਾ ਸਥਾਨ ਪ੍ਰਾਪਤ ਕੀਤਾ। ਲੈਕਚਰਾਰ ਕੇਵਲ ਸਿੰਘ ਰਹਿਲ ਨੇ ਦੱਸਿਆ ਕਿ ਅਮਨਦੀਪ ਕੌਰ ਨੇ ਅੰਡਰ 17 ਗਰੁੱਪ



ਵਿੱਚ ਐਥਲੈਟਿਕਸ ਦੇ 800 ਮੀ. ਰੇਸ ਵਿੱਚ ਜ਼ਿਲੇ ਤੇ ਸਟੇਟ ਪੱਧਰ ਤੇ ਪਹਿਲਾ ਸਿਲਵਰ ਮੈਡਲ ਜਿੱਤਿਆ ਅਤੇ ਆਪਣਾ ਆਪਣੇ ਮਾਤਾ ਪਿਤਾ ਤੇ ਸਕੂਲ ਦਾ ਨਾਂ ਰੋਸ਼ਨ ਕੀਤਾ। ਇਸ ਮੌਕੇ ਸਕੂਲ ਪਹੁਚੰਣ ਤੇ ਪ੍ਰਿਸੀਪਲ ਭੁਪਿੰਦਰ ਕੌਰ ਸੰਧੂ ਅਤੇ ਸਮੂਹ ਸਟਾਫ ਵਲੋਂ ਵਿਦਿਆਰਥਣ ਦੀ ਹੋਸਲਾ ਅਫਜਾਈ ਕੀਤੀ ਅਤੇ ਸਨਮਾਨਿਤ ਕੀਤਾ ।ਅਤੇ ਭੱਵਿਖ ਵਿੱਚ ਮੱਲਾ ਮਾਰੇ ਗਈ ਇਸ ਦੀ ਉਮੀਦ ਕੀਤੀ। ਇਸ ਮੌਕੇ ਕੇਵਲ ਸਿੰਘ ਨੇ ਦੱਸਿਓ ਕਿ ਸਕੂਲ ਦੀ ਕਬੱਡੀ ਦੀ ਟੀਮ ਵੀ 2 ਵਾਰ ਸਟੇਟ ਪੱਧਰ ਤੇ ਖੇਡ ਚੁੱਕੀ ਹੈ। ਇਸ ਮੌਕੇ ਪ੍ਰਿਸੀਪਲ ਭੁਪਿੰਦਰ ਕੌਰ ਸੰਧੂ, ਬਲਵਿੰਦਰ ਸਿੰਘ ਲੈਕ ਪੰਜਾਬੀ, ਅਮਨਦੀਪ ਕੌਰ ਲੈਕ. ਹਿਸਟਰੀ, ਕੰਵਲਜੀਤ ਕੌਰ, ਪੂਜਾ ਜੈਨ, ਹਰਪ੍ਰੀਤ ਕੌਰ ਆਦਿ ਹਾਜ਼ਰ ਸਨ।

# ਜਨਰਲ ਦੀ ਮੈਰਿਟ ਵਿਚ ਰਿਜ਼ਰਵ ਵਰਗ ਦੇ ਗਿਆਨਵਾਨ ਲੋਕੀ ਵੀ ਸ਼ਾਮਲ ਹੋਣ ਦੇ ਅਧਿਕਾਰੀ: ਹਾਈ ਕੋਰਟ

**ਚੰਡੀਗੜ੍ਹ–** ਪੰਜਾਬ- ਹਰਿਆਣਾ ਹਾਈਕੋਰਟ ਨੇ ਇਕ ਅਹਿਮ ਫੈਸਲਾ ਸੁਣਾਉਂਦੇ ਹੋਏ ਇਹ ਸਪਸ਼ਟ ਕਰ ਦਿੱਤਾ ਕਿ ਨਿਯੁਕਤੀ ਦੇ ਲਈ ਸਭ ਤੋਂ ਪਹਿਲਾਂ ਜਨਰਲ ਸ਼੍ਰੇਣੀ ਦੇ ਬੇਨਤੀ ਕਾਰਾਂ ਦੀ ਮੈਰਿਟ ਸੂਚੀ ਬਣਾਈ ਜਾਵੇ।

ਇਸ ਮੈਰਿਟ ਸੂਚੀ ਵਿਚ ਰਿਜ਼ਰਵ ਵਰਗ ਦੇ ਬੇਨਤੀਕਾਰ, ਜਿਹਨਾਂ ਨੇ ਜ਼ਿਆਦਾ ਅੰਕ ਪ੍ਰਾਪਤ ਕੀਤੇ ਹਨ, ਉਹਨਾਂ ਨੂੰ ਸ਼ਾਮਲ ਕੀਤਾ ਜਾਵੇ ਅਤੇ ਇਸ ਤੋਂ ਬਾਅਦ ਰਿਜ਼ਰਵ ਵਰਗ ਦੀ ਮੈਰਿਟ ਸੂਚੀ ਬਣਾਈ ਜਾਵੇ। ਹਾਈ ਕੋਰਟ ਦਾ ਇਹ ਆਦੇਸ਼ ਪੰਜਾਬ ਸਰਕਾਰ ਦੇ ਵੱਖ ਵੱਖ ਵਿਭਾਗਾਂ ਦੇ ਲਈ ਕੱਢਿਆ ਗਿਆ। 1192 ਕਲਰਕਾਂ ਦੀ ਨਿਯੁਕਤੀ ਨੂੰ ਚੁਣੌਤੀ ਦੇਣ ਵਾਲੀ ਰਿੱਟ ਤੇ ਇਹ ਫੈਸਲਾ ਆਇਆ ਹੈ। ਹਾਈ ਕੋਰਟ ਨੇ ਹੁਣ ਇਸ ਸਿਧਾਂਤ ਦੇ ਤਹਿਤ ਨਵੇਂ ਸਿਰੇ ਤੋਂ ਮੈਰਿਟ ਸੂਚੀ ਬਣਾਉਣ ਦਾ ਆਦੇਸ਼ ਦਿੱਤਾ ਹੈ।

1192 ਕਲਾਰਕਾਂ ਦੀ ਭਰਤੀ ਨੂੰ ਚੁਣੌਤੀ ਦਿੰਦੇ ਹੋਏ ਪੱਛੜੇ ਵਰਗ ਦੇ ਬੇਨਤੀਕਾਰਾਂ ਨੇ ਹਾਈ ਕੋਰਟ ਵਿਚ ਰਿੱਟ ਦਾਇਰ ਕੀਤੀ। ਰਿੱਟ ਵਿਚ ਉਹਨਾਂ ਨੇ ਕਿਹਾ ਸੀ ਕਿ ਆਮ ਸ਼੍ਰੇਣੀ ਦੀ ਮੈਰਿਟ ਸੂਚੀ ਵਿਚ ਆਖਰੀ ਬੇਲਤੀਕਾਰ ਦੇ ਅੰਕ 47.54ਹਨ ਜਦਕਿ ਬੀ. ਸੀ. ਵਰਗ ਵਿਚ 54.25 ਹੈ। ਰਿਟ ਕਰਤਾ ਨੇ ਕਿਹਾ ਕਿ ਅਜਿਹੀ ਸਥਿਤੀ ਵਿਚ ਬੀ. ਸੀ. ਵਰਗ ਵਿਚ ਜ਼ਿਆਦ ਅੰਕ ਪ੍ਰਾਪਤ ਕਰਨ ਵਾਲਿਆਂ ਨੂੰ ਆਮ ਸ਼੍ਰੇਣੀ ਵਿਚ ਸ਼ਾਮਲ ਕੀਤਾ ਜਾਣਾ ਚਾਹੀਦਾ ਸੀ। ਸਰਕਾਰ ਦੁਆਰਾ ਇਸ 'ਤੇ ਸਟੈਂਡ ਲੈਂਦੇ ਹੋਏ ਕਿਹਾ ਗਿਆ ਕਿ ਬੇਨਤੀ ਫਾਰਮ 'ਤੇ ਬੇਨਤੀਕਾਰ ਨੂੰ ਆਪਣੀ ਸ਼੍ਰੇਣੀ ਦਾ ਵਰਣਨ ਕਰਨਾ ਹੁੰਦਾ ਹੈ ਅਤੇ ਉਸ ਵਰਗ ਤੋਂ ਇਲਾਵਾ ਕਿਸੇ ਹੋਰ ਸ਼੍ਰੇਣੀ ਵਿਚ ਨਿਯੁਕਤੀ ਪ੍ਰਾਪਤ ਕਰਨ ਦਾ ਰਿੱਟਕਰਤਾ ਦਾਅਵਾ ਨਹੀਂ ਕਰ ਸਕਦਾ। ਰਿੱਟ ਪੱਖ ਵੱਲੋਂ ਕਿਹਾ ਗਿਆ ਕਿ ਆਮ ਸ਼੍ਰੇਣੀ ਵਿਚ ਸ਼੍ਰੇਣੀ ਦੇ ਆਧਾਰ ਤੇ ਨਹੀਂ ਬਲਕਿ ਮੈਰਿਟ ਦੇ ਆਧਾਰ ਤੇ ਚੋਣ ਹੋਣੀ ਚਾਹੀਦੀ ਹੈ।

# ਹੱਡੀਆਂ ਦੇ ਮਾਹਰ ਡਾਕਟਰ ਰਾਜੇਸ਼ ਚੰਦਰ ਨੇ ਸਰੀਰਿਕ ਪੱਖੋਂ ਨਕਾਰਾ ਵਿਅਕਤੀ ਦਾ ਆਪ੍ਰੇਸ਼ਨ ਕੀਤਾ

**ਫਗਵਾੜਾ, (ਬੀ. ਕੇ. ਰੱਤੂ)–** ਡਾਕਟਰੀ ਪੇਸ਼ਾ ਵੈਸੇ ਤਾਂ ਸਮਾਜ ਸੇਵਾ ਦਾ ਪੇਸ਼ਾ ਹੈ ਇਸ ਪੇਸ਼ੇ ਚ ਕਈ ਡਾਕਟਰ ਪੇਸ਼ੇ ਦੇ ਨਾਂ ਤੇ ਮਰੀਜ਼ਾਂ ਤੋਂ ਮੋਟੀ ਕਮਾਈ ਕਰਦੇ ਹਨ ਤੇ ਕਈ ਮਰੀਜ਼ ਦੀ ਸਿਹਤ ਯਾਫਤੀ ਲਈ ਪੂਰੀ ਤਨਦੇਹੀ ਨਾਲ ਆਪਣਾ ਫਰਜ਼ ਨਿਭਾਉਂਦੇ ਹਨ ਜਿਨ੍ਹਾਂ ਨੂੰ ਅਸਲ ਚ ਰੱਬ ਦਾ ਦਰਜਾ ਦਿੱਤਾ ਜਾਂਦਾ ਹੈ। ਜਿੱਥੇ ਲੋਕ ਸਰਕਾਰੀ ਹਸਪਤਾਲ ਚ ਆਪਣਾ ਇਲਾਜ ਕਰਵਾਉਣ ਜਾਣ ਤੋਂ ਡਰਦੇ ਹਨ ਇਸ ਡਰ ਨੂੰ ਦੂਰ ਕੀਤਾ ਹੈ ਸਥਾਨਕ ਸਿਵਲ ਹਸਪਤਾਲ ਫਗਵਾੜਾ ਦੇ ਹੱਡੀਆਂ ਦੇ ਮਾਹਰ ਡਾਕਟਰ ਰਾਜੇਸ਼ ਚੰਦਰ ਜਿਨ੍ਹਾਂ ਨੇ ਇੱਕ ਅਜਿਹੇ ਵਿਅਕਤੀ ਦਾ ਆਪ੍ਰੇਸ਼ਨ ਕੀਤਾ ਜੋ ਸਰੀਰਿਕ ਪੱਖੋਂ ਨਕਾਰਾ ਹੋ ਚੁੱਕਾ ਸੀ । ਵਿਕਾਸ ਪੁੱਤਰ ਰਵਿੰਦਰ ਕੁਮਾਰ ਜੋ ਮੁਹੱਲਾ ਗੁਰੂ ਨਾਨਕਪੁਰਾ ਦਾ ਵਸਨੀਕ ਹੈ ਨੇ ਦੱਸਿਆ ਕਿ ਬਾਰਾਂ ਸਾਲ ਪਹਿਲਾਂ ਉਸਦੀ ਬਾਂਹ ਇੱਕ ਫੈਕਟਰੀ ਚ ਕੰਮ ਕਰਦਿਆਂ ਰੋਲਰ ਮਸ਼ੀਨ ਦੀ ਲਪੇਟ ਵਿੱਚ ਆਉਣ ਕਾਰਨ ਬਾਂਹ ਦੀਆਂ ਹੱਡੀਆਂ ਕਰੈਕ ਹੋਣ ਕਾਰਨ ਟੇਢੀ ਟੇਢੀ ਮੇਢੀ ਹੋ ਗਈ ਸੀ, ਪਰ ਡਾਕਟਰ ਵੱਲੋਂ ਉਸ ਦਾ ਇਲਾਜ ਕਰਵਾਉਣ ਦੇ ਦੋ ਢਾਈ ਲੱਖ ਰੁਪਏ ਮੰਗੇ ਜਾਣ ਕਾਰਨ ਉਹ ਇਸ ਇਲਾਜ ਕਰਵ-ਾਉਣ ਚ ਅਸਮਰਥ ਸੀ। ਪਰ ਜਦੋਂ ਉਸ ਨੇ ਆਪਣੀ ਬਾਂਹ ਸਿਵਲ ਹਸਪਤਾਲ ਫਗਵਾੜਾ ਹੱਡੀਆਂ ਦੇ ਮਾਹਰ ਡਾਕਟਰ ਰਾਜੇਸ਼ ਚੰਦਰ ਨੂੰ ਵਿਖਾਈ ਤਾਂ ਉਨ੍ਹਾਂ ਨੇ ਉਸ ਨੂੰ ਤੁਰੰਤ ਇਸ ਦਾ ਆਪ੍ਰੇਸ਼ਨ ਕਰਵਾਉਣ ਦੀ ਸਲਾਹ ਦਿੱਤੀ ਡਾਕਟਰ ਰਾਜੇਸ਼ ਨੇ ਦੱਸਿਆ ਕਿ ਮਰੀਜ਼ ਦੇ ਲੋੜੀਂਦੇ ਟੈਸਟ ਅਤੇ ਖੂਨ ਚੜ੍ਹਾਉਣ ਤੋਂ ਬਾਅਦ ਡਾ. ਸੁਧਾ ਗੁਰਪ੍ਰੀਤ ਅਤੇ ਕੁਲਵਿੰਦਰ ਕੌਰ ਦੀ ਟੀਮ ਵੱਲੋਂ 5 ਘੰਟੇ ਚੱਲੇ ਸਫਲ ਆਪਰੇਸ਼ਨ ਚ ਮਰੀਜ਼ ਦੀ ਬਾਂਹ ਕਾਫ਼ੀ ਠੀਕ ਕਰ ਦਿੱਤੀ ਗਈ। ਜਿਸ ਵਿੱਚ ਹਸਪਤਾਲ ਵੱਲੋਂ ਕੋਈ ਖਰਚਾ ਨਹੀਂ ਲਿਆ ਗਿਆ । ਮਰੀਜ਼ ਵੱਲੋਂ ਆਪਰੇਸ਼ਨ ਚ ਲੱਗਣ ਵਾਲੀਆਂ ਪਲੇਟਾਂ ਦਵਾਈਆਂ ਅਤੇ ਹੋਰ ਸਾਮਾਨ ਬਾਹਰੋਂ 25000 ਰੁਪਏ ਦਾ ਖਰੀਦਿਆ ਗਿਆ ਮਰੀਜ਼ ਦੀ ਮਾਲੀ ਹਾਲਤ ਠੀਕ ਨਾ ਹੋਣ ਕਾਰਨ ਉਸ ਦੇ ਇਲਾਜ ਲਈ ਸਮਾਜ ਸੇਵਕ ਸੰਤੋਖ ਬੰਗਾ ਅਤੇ ਵਿਜੇ ਬੰਗਾ ਵੱਲੋਂ ਆਰਥਿਕ ਮਦਦ ਕੀਤੀ ਗਈ।



# ਰਾਹੁਲ ਗਾਂਧੀ ਦੇ ਅਹੁਦਾ ਸੰਭਾਲਣ ਦਾ ਮਹਿਲਾ ਕਾਂਗਰਸੀ ਆਗੂ ਬਲਵੀਰ ਰਾਣੀ ਸੋਢੀ ਨੇ ਕੀਤਾ ਸਵਾਗਤ

**ਫਗਵਾੜਾ (ਬੀ.ਕੇ. ਰੱਤੂ )–** ਰਾਹੁਲ ਗਾਂਧੀ ਦੇ ਰਸਮੀ ਤੌਰ ਤੇ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਵਜੋਂ ਅਹੁਦਾ ਸੰਭਾਲਣ ਦਾ ਸਵਾਗਤ ਕਰਦਿਆਂ ਮਹਿਲਾ ਕਾਂਗਰਸ ਪੰਜਾਬ ਦੀ ਸੂਬਾ ਮੀਤ ਪ੍ਰਧਾਨ ਸ੍ਰੀਮਤੀ ਬਲਵੀਰ ਰਾਣੀ ਸੋਢੀ ਨੇ ਕਿਹਾ ਕਿ ਰਾਹੁਲ ਗਾਂਧੀ ਵਰਗੇ ਯੂਥ ਆਗੂ ਦੇ ਹੱਥ ਵਿਚ ਹੀ ਅੱਜ ਪਾਰਟੀ ਅਤੇ ਦੇਸ਼ ਦੀ ਵਾਗਡੋਰ ਸੁਰੱਖਿਅਤ ਰਹਿ ਸਕਦੀ ਹੈ। ਹੁਣ ਜਦਕਿ ਰਾਹੁਲ ਗਾਂਧੀ ਪਾਰਟੀ ਪ੍ਰਧਾਨ ਬਣ ਚੁੱਕੇ ਹਨ ਤਾਂ ਪੂਰਾ ਦੇਸ਼ 2019 ਦੀਆਂ ਲੋਕਸਭਾ ਚੋਣਾਂ ਦੀ ਉਡੀਕ ਕਰਨ ਲਗ ਪਿਆ ਹੈ ਤਾਂ ਜੋ ਕਾਂਗਰਸ ਪਾਰਟੀ ਨੂੰ ਭਾਰੀ ਦੇ ਕੇ ਰਾਹੁਲ ਨੂੰ ਦੇਸ਼ ਦਾ ਅਗਲਾ ਪ੍ਰਧਾਨ ਮੰਤਰੀ ਬਣ-ਾਇਆ ਜਾ ਸਕੇ। ਉਹਨਾਂ ਕਿਹਾ ਕਿ ਗਾਂਧੀ ਪਰਿਵਾਰ ਨੇ ਦੇਸ਼ ਅਤੇ ਪਾਰਟੀ ਲਈ ਬੜੀਆਂ ਕੁਰਬਾਨੀਆਂ ਕੀਤੀਆਂ ਹਨ। ਜਿੱਥੇ ਸ੍ਰੀਮਤੀ ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਨੇ ਦੇਸ਼ ਲਈ ਜਿੰਦਗੀ ਕੁਰਬਾਨ ਕੀਤੀ ਉੱਥੇ ਹੀ ਸ੍ਰੀਮਤੀ ਸੋ-ਨੀਆ ਗਾਂਧੀ ਨੇ ਪਹਿਲਾਂ ਪਾਰਟੀ ਦੀ ਪ੍ਰਧਾਨਗੀ ਅਤੇ ਫਿਰ ਪ੍ਰਧਾਨ ਮੰਤਰੀ ਵਰਗੇ ਸਭ ਤੋਂ ਉੱਚੇ ਅਹੁਦੇ ਨੂੰ ਸਵੀਕਾਰ ਕਰਨ ਤੋਂ ਇਨਕਾਰ ਕੀਤਾ। ਰਾਹੁਲ ਗਾਂਧੀ ਵੀ ਚਾਹੁੰਦੇ ਤਾਂ ਯੂ.ਪੀ.ਏ.-2 ਸਰਕਾਰ ਵਿਚ ਮੰਤਰੀ ਜਾਂ ਫਿਰ ਪ੍ਰਧਾਨ ਮੰਤਰੀ ਬਣ ਸਕਦੇ ਸਨ ਪਰ ਉਹਨਾਂ ਇਕ ਆਮ ਵਰਕਰ ਦੀ ਤਰ੍ਹਾਂ ਪਾਰਟੀ ਅਤੇ ਦੇਸ਼ ਦੀ ਸੇਵਾ ਕਰਨ ਨੂੰ ਪਹਿਲ ਦਿੱਤੀ ਅਤੇ ਪੂਰੀ ਤਰ੍ਹਾਂ ਨਾਲ ਦੇਸ਼ ਦੀ ਨਬਜ ਸਮਝਣ ਤੋਂ ਬਾਅਦ ਹੀ ਉਹਨਾਂ ਪਾਰਟੀ ਪ੍ਰਧਾਨਗੀ ਦਾ ਅਹੁਦਾ ਸਵੀਕਾਰ ਕੀਤਾ ਹੈ ਜੋ ਕਿ ਬਹੁਤ ਹੀ ਸਵਾਗਤਯੋਗ ਹੈ। ਇਸ ਮੌਕੇ ਕਾਂਗਰਸੀ ਕੌਂਸਲਰ ਮਦਨ ਲਾਲ, ਪਰਮਿੰਦਰ ਕੌਰ ਰਘਬੋਤਰਾ, ਸਤਿਆ ਦੇਵੀ ਤੋਂ ਇਲਾਵਾ ਅਸ਼ੋਕ ਉੱਪਲ, ਅਸ਼ਵਨੀ ਕੁਮਾਰ ਸ਼ਰਮਾ, ਤ੍ਰਿਪਤਾ ਧੀਰ, ਪ੍ਰੇਮ ਚੱਗਰ, ਵੰਦਨਾ ਸ਼ਰਮਾ, ਅਨੀਤਾ ਸੇਠ, ਅਸ਼ੋਕ ਵਧਵਾ, ਗੁਰਦੀਪ ਗਰੇਵਾਲ, ਸਨੀ ਗੋਬਿੰਦਪੁਰਾ, ਅਰੁਣ ਧੀਰ, ਤਜਿੰਦਰ ਬਾਵਾ, ਬਿੱਲਾ ਬੋਹਾਨੀ ਆਦਿ ਵੀ ਹਾਜਰ ਸਨ।



# ਭਾਰਤੀ ਹਾਈ ਕਮਿਸ਼ਨ ਵੱਲੋਂ ਐਨ.ਆਈ.ਆਈਜ਼ ਲਈ ਭਾਰਤ ਵਿਚ ਅਧਾਰ ਕਾਰਡ ਦਰਜ ਕਰਾਉਣ ਸਬੰਧੀ ਸੂਚਨਾ ਜਾਰੀ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਅੱਜ ਕੱਲ੍ਹ ਭਾਰਤ ਦੇ ਵਿਚ ਵੱਖ-ਵੱਖ ਸਰਕਾਰੀ ਅਤੇ ਗੈਰ ਸਰਕਾਰੀ ਏਜੰਸੀਆਂ ਵਾਲੇ ਤੁਹਾਡੇ ਖਾਤਿਆਂ ਨੂੰ ਤੁਹਾਡੀ ਰਾਸ਼ਟਰੀ ਪਹਿਚਾਣ ਅਤੇ ਟੈਕਸ ਨੰਬਰ ਦੇ ਨਾਲ ਜੋੜਨ ਦੇ ਲਈ ਅਧਾਰ ਕਾਰਡ ਅਤੇ ਪੈਨ ਕਾਰਡ ਦੀ ਮੰਗ ਕਰਦੇ ਹਨ। ਇਥੋਂ ਤੱਕ ਕਿ ਬੀਮਾ ਕੰਪਨੀਆਂ ਵੀ ਅਜਿਹੀ ਮੰਗ ਕਰਨ ਲੱਗੇ ਹਨ। ਕਈ ਥਾਂ ਐਨ.ਆਰ. ਆਈਜ਼ ਨੂੰ ਇਨ੍ਹਾਂ ਦੇ ਪੇਸ਼ ਕਰਨ ਦੀ ਲੋੜ ਵੀ ਨਹੀਂ ਹੈ, ਪਰ ਇਹ ਮੰਗੇ ਜਾ ਰਹੇ ਹਨ। ਵਲਿੰਗਟਨ ਸਥਿਤ ਭਾਰਤੀ ਹਾਈ ਕਮਿਸ਼ਨ ਨੇ ਇਸ ਸਬੰਧੀ ਦਿਸ਼ਾ ਨਿਰਦੇਸ਼ ਜਾਰੀ ਕੀਤੇ ਹਨ ਕਿ ਜੇਕਰ ਕੋਈ ਐਨ.ਆਰ.ਆਈਜ਼ ਕਿਸੇ ਬਾਹਰਲੇ ਮੁਲਕ ਦੀ ਨਾਗਰਿਕਤਾ ਰੱਖਦਾ ਹੈ ਤਾਂ ਉਹ ਅਧਾਰ ਕਾਰਡ ਬਨਾਉਣ ਦੇ ਯੋਗ ਨਹੀਂ ਹੈ। ਜੇਕਰ ਪਿਛਲੇ ਇਕ ਸਾਲ ਦੇ ਵਿਚ 182 ਦਿਨ ਤੋਂ ਜਿਆਦਾ ਦਿਨ ਭਾਰਤ ਵਿਚ ਰਿਹਾ ਹੈ ਤਾਂ ਉਹ ਅਧਾਰ ਕਾਰਡ ਬਣਾ ਸਕਦਾ ਹੈ। ਅਧਾਰ ਕਾਰਡ ਨੂੰ ਖਾਤਿਆਂ ਦੇ ਨਾਲ ਦਰਜ ਕਰਾਉਣਾ (ਇਨਰੋਲਮੈਂਟ) ਭਾਰਤ ਦੇ ਵਿਚ ਰਹਿ ਰਹੇ ਲੋਕਾਂ ਵਾਸਤੇ ਹੈ। ਜਿਨ੍ਹਾਂ ਕੋਲ ਓ.ਸੀ.ਆਈ. ਜਾਂ ਪੀ.ਆਈ.ਓ ਹੈ ਅਤੇ ਉਹ 182 ਦਿਨ ਜਾਂ ਇਸ ਤੋਂ ਵੱਧ ਭਾਰਤ ਵਿਚ ਪਿਛਲੇ 12 ਮਹੀਨਿਆਂ ਦੌਰਾਨ ਰਹੇ ਹਨ ਤਾਂ ਉਹ ਇਨਰੋਲਮੈਂਟ ਕਰਾ ਸਕਦੇ ਹਨ। ਇਸ ਵਾਸਤੇ ਭਾਰਤ ਦਾ ਰਿਹਾਇਸ਼ੀ ਪਤਾ ਹੋਣਾ ਵੀ ਜਰੂਰੀ ਹੈ। ਇਸ ਸਬੰਧੀ ਇਨਕਮ ਟੈਕਸ ਕਾਨੂੰਨ ਦੇ ਸੈਕਸ਼ਨ 139ਏਏ ਮੁਤਾਬਿਕ ਹਰ ਉਹ ਵਿਅਕਤੀ ਜੋ ਕਿ ਅਧਾਰ ਕਾਰਡ ਬਨਾਉਣ ਦੇ ਯੋਗ ਹੈ ਪਹਿਲੀ ਜੁਲਾਈ 2017 ਦੇ ਬਾਅਦ ਆਪਣਾ ਅਧਾਰ ਨੰਬਰ ਪੇਸ਼ ਕਰੇ ਜਦੋਂ ਉਸਨੇ ਆਪਣਾ ਪੈਨਕਾਰਡ ਬਨਾਉਣਾ ਹੋਵੇ ਜਾਂ ਫਿਰ ਇਨਕਮ ਟੈਕਸ ਰਿਟਰਨ ਭਰਨੀ ਹੋਵੇ। ਇਹ ਸੁਵਿਧਾ ਉਨ੍ਹਾਂ 'ਤੇ ਲਾਗੂ ਹੈ ਜੋ ਅਧਾਰ ਕਾਰਡ ਬਨਾਉਣ ਦੇ ਯੋਗ ਹਨ। ਅਧਾਰ ਕਾਰਡ ਐਕਟ 2016 ਦੇ ਸੈਕਸ਼ਨ 3 ਦੇ ਅਧੀਨ ਸਿਰਫ ਭਾਰਤ ਦੇ ਬਾਸ਼ਿੰਦੇ ਹੀ ਅਧਾਰ ਕਾਰਡ ਬਨਾਉਣ ਦੇ ਹੱਕਦਾਰ ਹਨ। ਸੋ ਉਪਰ ਦਿੱਤਾ ਸੈਕਸ਼ਨ 139ਏਏ ਸਪਸ਼ਟ ਕਰਦਾ ਹੈ ਕਿ ਜੇਕਰ ਕੋਈ ਐਨ.ਆਰ.ਆਈ. ਵਿਅਕਤੀ ਅਧਾਰ ਕਾਰਡ ਬਨਾਉਣ ਦੇ ਯੋਗ ਨਹੀਂ ਹੈ ਤਾਂ ਉਸਨੂੰ ਆਪਣਾ ਅਧਾਰ ਕਾਰਡ ਇਨਕਮ ਟੈਕਸ ਦੇ ਨਾਲ ਦਰਜ ਕਰਾਉਣ ਦੀ ਲੋੜ ਨਹੀਂ ਹੈ।




# ਲੋੜਵੰਦਾਂ ਨੂੰ ਕੰਬਲ, ਜਰਸੀਆਂ ਤੇ ਬੂਟ ਵੰਡੇ ਗਏ

**ਲੋਹੀਆਂ ਖਾਸ–** ਲੋਹੀਆਂ ਸ਼ਹਿਰ ਤੋਂ ਵਿਦੇਸ਼ ਗਏ ਮਾਸਟਰ ਸੰਤੋਖ ਸਿੰਘ ਗਿੱਲ ਤੇ ਪਰਿਵਾਰ ਵੱਲੋਂ ਲੋਹੀਆ ਨਿਵਾਸੀਆਂ ਨਾਲ ਪਿਆਰ ਤੇ ਸਤਿਕਾਰ ਦਾ ਇਜ਼ਹਾਰ ਕਰਦਿਆਂ ਵੀ ਸੁਭਾਸ਼ ਸ਼ਰਮਾ ਤੇ ਮਾਸਟਰ ਦਿਲਬਾਗ ਸਿੰਘ ਦੀ ਨਿਸ਼ਾਨਦੇਹੀ 'ਤੇ ਸਰਦੀਆਂ ਦੇ ਮੌਸਮ ਨੂੰ ਧਿਆਨ ਵਿਚ ਰੱਖਦਿਆਂ ਲੋੜਵੰਦ ਤੇ ਮਿਹਨਤੀ ਪਰਿਵਾਰਾਂ ਨੂੰ ਅੱਜ ਫਿਰ ਦੂਜੀ ਕੰਬਲ, ਜਰਸੀਆਂ ਤੇ ਬੂਟ ਵੰਡੇ ਗਏ।



ਤਸਵੀਰ ਵਿੱਚ ਮਾ: ਸੁਭਾਸ਼ ਸ਼ਰਮਾ ਸ: ਸਬਾਜ ਸਿੰਘ ਪ੍ਰਧਾਨ ਨਗਰ ਕੌਂਸਲ ਲੋਹੀਆ ਬਲਦੇਵ ਸਿੰਘ ਐਮ ਸੀ ਤੇ ਸ਼੍ਰੀ ਕੁਲਵੰਤ ਰਾਏ ਪ੍ਰਧਾਨ ਵਪਾਰ ਮੰਡਲ ਲੋਹੀਆ ਕੰਬਲ਼ ਜਰਸੀਆਂ ਤੇ ਬੂਟ ਵੰਡਦੇ ਸਮੇਂ।

ਇਸ ਤੋਂ ਪਹਿਲੇ ਦਸੰਬਰ ਦੇ ਪਹਿਲੇ ਹਫਤੇ ਵੀ ਲੱਗਭੱਗ 30 ਪਰਿਵਾਰਾਂ ਨੂੰ ਕੰਬਲ ਵੰਡੇ ਸਨ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਮਾਸਟਰ ਸੰਤੋਖ ਸਿੰਘ ਗਿੱਲ ਹਰ ਸਾਲ ਇਸੇ ਤਰ੍ਹਾਂ ਲੋੜਵੰਦਾਂ ਦੀ ਮਦਦ ਕਰਦੇ ਹਨ।

ਲੋੜਵੰਦ ਲੋਕਾਂ ਵਿਚ ਇਹ ਲੋੜੀਂਦਾ ਸਮਾਨ ਵੰਡਣ ਦੀ ਜ਼ਿੰਮੇਵਾਰ ਤੇ ਘਰ ਪਹੁੰਚਾਉਣ ਦੀ ਜ਼ਿੰਮੇਵਾਰੀ ਮਾਂ ਸੁਭਾਸ਼ ਸ਼ਰਮਾ, ਮਾਂ ਦਿਲਬਾਗ ਸਿੰਘ, ਸ. ਸਾਬਾਜ਼ ਸਿੰਘ ਪ੍ਰਧਾਨ ਨਗਰ ਕੌਂਸਲ ਲੋਹੀਆਂ, ਬਲਦੇਵ ਸਿੰਘ ਧੰਜੂ ਐਮ. ਸੀ., ਮਨਜੀਤ ਸਿੰਘ ਐਮ. ਸੀ. ਤੇ ਸੋਸ਼ਲ ਵਰਕਰ ਸ. ਨਸੀਬ ਸਿੰਘ ਨਾਹਰ ਜੀ ਵੱਲੋਂ ਬਾਖੂਬੀ ਨਿਭਾਈ ਗਈ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਮਾਸਟਰ ਸੰਤੋਖ ਸਿੰਘ ਗਿੱਲ ਦੀ ਜੀਵਨ ਸਾਥਣ ਸ੍ਰੀਮਤੀ ਜਸਵਿੰਦਰ ਕੌਰ ਗਿੱਲ ਨਗਰ ਕੌਂਸਲ ਲੋਹੀਆਂ ਦੇ ਪੰਜ ਸਾਲ ਦੀ ਟਰਮ ਵਾਈਸ ਪ੍ਰਧਾਨ ਵੀ ਰਹੇ।

ਉਸ ਸਮੇਂ ਵੀ ਆਪਣੀ ਇਸ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਇਆ ਸੀ। ਜਿਹਨਾਂ ਦੀ ਵਧੀਆ ਕਾਰਗੁਜ਼ਾਰੀ ਸਦਕਾ ਅੱਜ ਵੀ ਲੋਹੀਆਂ ਨਿਵਾਸੀ ਇਸ ਪਰਿਵਾਰ ਨੂੰ ਪਿਆਰ ਤੇ ਸਤਿਕਾਰ ਕਰਦੇ ਹਨ।

# ਦਿਆਲ ਸਿੰਘ ਕਾਲਜ ਦਾ ਨਾਂ ਬਦਲਣ ਦਾ ਫੈਸਲਾ ਵਾਪਸ

(ਸਫਾ 1 ਦੀ ਬਾਕੀ)

ਕਰਦਿਆਂ ਸ੍ਰੀ ਗੁਜਰਾਲ ਨੇ ਕਿਹਾ, 'ਪਰ ਘੱਟ ਗਿਣਤੀ ਭਾਈਚਾਰੇ ਦੀ ਇਸ ਵਿਦਿਅਕ ਸੰਸਥਾ ਦਾ ਨਾਂ ਬਦਲਣਾ ਸਿੱਖਾਂ ਦੀਆਂ ਭਾਵਨਾਵਾਂ ਉਤੇ ਸਿੱਧਾ ਹਮਲਾ ਹੈ। ਮੈਨੂੰ ਲੱਗਦਾ ਹੈ ਕਿ ਇਸ ਦੀ ਵੱਧ ਤੋਂ ਵੱਧ ਨਿੰਦਾ ਕੀਤੀ ਜਾਣੀ ਚਾਹੀਦੀ ਹੈ।'

ਇਸ ਦੇ ਜਵਾਬ ਵਿੱਚ ਸ੍ਰੀ ਜਾਵੜੇਕਰ ਨੇ ਕਿਹਾ ਕਿ ਇਸ ਕਾਲਜ ਦਾ ਨਾਂ ਬਦਲਣ ਵਾਲਾ ਫ਼ੈਸਲਾ ਕੇਂਦਰ ਸਰਕਾਰ ਦਾ ਨਹੀਂ ਸੀ। ਉਨ੍ਹਾਂ ਕਿਹਾ, 'ਇਹ ਸਰਕਾਰ ਦਾ ਫ਼ੈਸਲਾ ਨਹੀਂ ਸੀ ਅਤੇ ਸਰਕਾਰ ਇਸ ਨੂੰ ਪਸੰਦ ਨਹੀਂ ਕਰਦੀ। ਇਸੇ ਕਾਰਨ ਅਸੀਂ ਕਿਹਾ ਹੈ ਕਿ ਇਸ ਫ਼ੈਸਲੇ ਨੂੰ ਫੌਰੀ ਤੌਰ 'ਤੇ ਰੋਕਿਆ ਜਾਵੇ ਅਤੇ ਤੁਰੰਤ ਬੈਠਕ ਸੱਦੀ ਜਾਵੇ। ਅਸੀਂ ਇਸ ਨੂੰ ਪਸੰਦ ਨਹੀਂ ਕਰਦੇ ਅਤੇ ਅਜਿਹਾ ਕੁੱਝ ਨਹੀਂ ਹੋਵੇਗਾ।' ਉਨ੍ਹਾਂ ਦੱਸਿਆ ਕਿ ਦਿੱਲੀ ਯੂਨੀਵਰਸਿਟੀ ਨੂੰ ਵੀ ਇਸ ਬਾਰੇ ਜਾਣੂ ਕਰਾ ਦਿੱਤਾ ਹੈ, ਜਿਸ ਅਧੀਨ ਇਹ ਕਾਲਜ ਚੱਲ ਰਿਹਾ ਹੈ। ਸ੍ਰੀ ਜਾਵੜੇਕਰ ਨੇ ਕਿਹਾ, 'ਭਾਵਨਾਵਾਂ ਨਾਲ ਖਿਲਵਾੜ ਕਰਦਿਆਂ ਬੇਲੋੜੇ ਵਿਵਾਦ ਖੜ੍ਹੇ ਕਰਨੇ ਗਲਤ ਹਨ।' ਸ੍ਰੀ ਗੁਜਰਾਲ ਨੇ ਕਿਹਾ ਕਿ ਪਰਉਪਕਾਰੀ ਸ. ਦਿਆਲ ਸਿੰਘ ਮਜੀਠੀਆ ਨੇ ਆਪਣੀ ਸਾਰੀ ਜਾਇਦਾਦ ਅਤੇ ਜ਼ਿੰਦਗੀ ਸਿੱਖਿਆ ਦੇ ਲੇਖੇ ਲਾਈ ਸੀ ਅਤੇ ਉਨ੍ਹਾਂ ਨੇ ਕਈ ਕਾਲਜ ਅਤੇ ਸਕੂਲ ਖੋਲ੍ਹੇ। ਅਕਾਲੀ ਆਗੂ ਨੇ ਦੱਸਿਆ ਕਿ ਲਾਹੌਰ ਵਿੱਚ ਵੀ ਦਿਆਲ ਸਿੰਘ ਕਾਲਜ ਚੱਲ ਰਿਹਾ ਹੈ।

# ਸਭ ਤੋਂ ਵੱਧ ਭਾਰਤੀ ਕਰਦੇ ਨੇ ਵਿਦੇਸ਼ਾਂ ਵੱਲ ਰੁਖ

(ਸਫਾ 1 ਦੀ ਬਾਕੀ)

ਇਕ ਕਰੋੜ, ਬੰਗਲਾਦੇਸ਼ ਦੇ 70 ਲੱਖ, ਸੀਰੀਆ ਦੇ 70 ਲੱਖ, ਪਾਕਿਸਤਾਨ ਤੇ ਯੂਕਰੇਨ ਦੇ 60-60 ਲੱਖ ਲੋਕਾਂ ਨੇ ਬੇਗਾਨੇ ਮੁਲਕਾਂ ਵਿੱਚ ਡੇਰੇ ਲਾਏ ਹਨ। ਇਸ ਰਿਪੋਰਟ ਮੁਤਾਬਕ 30 ਲੱਖ ਭਾਰਤੀ ਯੂਏਈ ਵਿੱਚ ਰਹਿੰਦੇ ਹਨ। ਅਮ-ਰੀਕਾ ਤੇ ਸਾਊਦੀ ਅਰਬ ਵਿੱਚ 20-20 ਲੱਖ ਭਾਰਤੀਆਂ ਨੇ ਪਰਵਾਸ ਕੀਤਾ ਹੈ। ਟਿਕਾਊ ਵਿਕਾਸ ਲਈ 2030 ਏਜੰਡਾ ਲਾਗੂ ਕਰਨ ਅੱਗੇ ਕੌਮਾਂਤਰੀ ਪਰਵਾਸ ਗੰਭੀਰ ਚਿੰਤਾ ਦਾ ਵਿਸ਼ਾ ਹੈ।

ਯੂਐਨ ਦੇ ਆਰਥਿਕ ਤੇ ਸਮਾਜਿਕ ਮਾਮਲੇ ਬਾਰੇ ਵਿਭਾਗ ਦੇ ਅਧੀਨ ਸਕੱਤਰ ਜਨਰਲ ਲਿਊ ਜ਼ੇਂਮਿਨ ਨੇ ਕਿਹਾ, 'ਕੌਮਾਂਤਰੀ ਪਰਵਾਸੀਆਂ ਦੀ ਗਿਣਤੀ ਬਾਰੇ ਇਹ ਅਨੁਮਾਨ ਮੈਂਬਰ ਦੇਸ਼ਾਂ ਲਈ ਅਹਿਮ ਰਹੇਗੀ ਕਿਉਂਕਿ ਉਨ੍ਹਾਂ ਵੱਲੋਂ ਸੁਰੱਖਿਅਤ ਅਤੇ ਨੇਮਬੱਧ ਪਰਵਾਸ ਬਾਰੇ ਗੱਲਬਾਤ ਕੀਤੀ ਜਾਂਦੀ ਹੈ।' ਇਸ ਰਿਪੋਰਟ ਮੁਤਾਬਕ ਕੌਮਾਂਤਰੀ ਪਰਵਾਸ ਨੇ ਵਿਸ਼ਵ ਦੇ ਕਈ ਹਿੱਸਿਆਂ ਵਿੱਚ ਆਬਾਦੀ ਦੇ ਵਿਕਾਸ ਵਿੱਚ ਯੋਗਦਾਨ ਪਾਇਆ ਹੈ ਅਤੇ ਕੁੱਝ ਮੁਲਕਾਂ ਜਾਂ ਇਲਾਕਿਆਂ 'ਚ ਆਬਾਦੀ ਦੇ ਵਾਧੇ ਨੂੰ ਰੋਕਿਆ ਹੈ।

# ਯੋਰੋਸ਼ਲਮ ਬਾਰੇ ਸੰਯੁਕਤ ਰਾਸ਼ਟਰ ਦਾ ਮਤੇ ਨੂੰ ਅਮਰੀਕਾ ਨੇ ਰੋਕਿਆ

(ਸਫਾ 1 ਦੀ ਬਾਕੀ)

ਸਲਾਮਤੀ ਕੌਂਸਲ ਵਿਚਲੇ ਅਮਰੀਕਾ ਦੇ ਸਭ ਤੋਂ ਕਰੀਬੀ ਸਾਥੀਆਂ ਨੇ ਇਸ ਮਤੇ ਦੇ ਹੱਕ ਵਿੱਚ ਫ਼ਤਵਾ ਦਿੱਤਾ ਸੀ। ਮਿਸਰ ਵੱਲੋਂ ਤਿਆਰ ਕੀਤੇ ਇਕ ਸਫੇ ਦੇ ਇਸ ਮਤੇ ਵਿੱਚ ਯੋਰੋਸ਼ਲਮ 'ਤੇ ਇਜ਼ਰਾਈਲ ਦੇ ਪ੍ਰਭੂਤਾ ਵਾਲੇ ਦਾਅਵੇ ਨੂੰ ਰੱਦ ਕਰਦਿਆਂ ਪਿਛਲੇ 50 ਸਾਲਾਂ ਦੇ ਕਈ ਮਤਿਆਂ ਵਿੱਚ ਸੁਰੱਖਿਆ ਕੌਂਸਲ ਦੇ ਚਿਰਾਂ ਤੋਂ ਚੱਲੇ ਆ ਰਹੇ ਸਟੈਂਡ ਨੂੰ ਦੁਹਰਾਇਆ ਗਿਆ ਸੀ। ਵੀਟੋ ਦੀ ਵਰਤੋਂ ਦਾ ਬਚਾਅ ਕਰਦਿਆਂ ਯੂਐਨ ਵਿੱਚ ਅਮਰੀਕੀ ਸਫ਼ੀਰ ਨਿੱਕੀ ਹੇਲੀ ਨੇ ਕਿਹਾ, 'ਅਸਲ ਵਿੱਚ ਇਹ ਵੀਟੋ ਅਮੈਰਿਕਨ ਪ੍ਰਭੂਸੱਤਾ ਦੀ ਰੱਖਿਆ ਲਈ ਵਰਤੀ ਗਈ ਹੈ ਅਤੇ ਮੱਧ ਪੂਰਬ ਸ਼ਾਂਤੀ ਪ੍ਰਕਿਰਿਆ ਵਿੱਚ ਅਮਰੀਕਾ ਦੀ ਭੂਮਿਕਾ ਦੀ ਰਾਖੀ ਸਾਡੇ ਲਈ ਉਲਝਣ ਨਹੀਂ ਹੈ। ਸੁਰੱਖਿਆ ਕੌਂਸਲ ਦੇ ਬਾਕੀ ਮੈਂਬਰਾਂ ਨੂੰ ਇਸ ਲਈ ਨਮੋਸ਼ੀ ਹੋਣੀ ਚਾਹੀਦੀ ਹੈ।'

ਸ੍ਰੀ ਗੁਰੂ ਸਭਾ ਪਿਟਸਬਰਗ ਵੱਲੋਂ ਗੁਰੂ ਘਰ ਵਿਖੇ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਦੇ ਸ਼ਹੀਦੀ ਦਿਹਾੜੇ 24 ਦਸੰਬਰ 2017 ਦਿਨ ਐਤਵਾਰ ਨੂੰ ਮਨਾਏ ਜਾ ਰਹੇ ਹਨ। ਇਸ ਮੌਕੇ ਗੁਰੂ ਘਰ ਵਿਖੇ ਮਹਾਨ ਸ਼ਹਾਦਤਾਂ ਨੂੰ ਨਤਮਸਤਕ ਹੁੰਦਿਆਂ ਸਿੱਖ ਇਤਿਹਾਸ ਅਤੇ ਸਿੱਖ ਵਿਚਾਰਧਾਰਾ ਤੇ ਵਿਦਵਾਨ ਬੁਲਾਰੇ ਆਪਣੇ ਵਿਚਾਰ ਰੱਖਣਗੇ। ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਲੰਗਰ ਦੀ ਸੇਵਾ ਗੁਰੂ ਘਰ ਦੀ ਕਮੇਟੀ ਵੱਲੋਂ ਕੀਤੀ ਜਾਵੇਗੀ।

ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਦਿਨ ਗੁਰੂ ਘਰ ਵਿਖੇ ਪਹੁੰਚ ਕੇ ਮਹਾਨ ਸ਼ਹਾਦਤਾਂ ਨੂੰ ਨਤਮਸਤਕ ਹੁੰਦਿਆਂ ਸ਼ਰਧਾਂਜਲੀ ਭੇਂਟ ਕਰੀਏ ਅਤੇ ਗੁਰੂ ਘਰ ਦੀ ਸੇਵਾ ਦਾ ਮਾਣ ਹਾਸਲ ਕਰੀਏ।



***Shri Guru Ravidass Sabha, Pittsburg (CA)***
***2150 Crestview Drive, Pittsburg CA 94565***
***Guru Garh Ph: 925-439-2355***

***"NANAK NAM CHARDI KALA TERE BHANE SARBAT DA BHALA"***


| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Vinod Kumar |




# ਭਾਰਤ ਰਤਨ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਦਕਰ ਜੀ ਨੂੰ ਉਹਨਾਂ ਦੇ 61ਵੇਂ ਪ੍ਰੀਨਿਰਵਾਣ ਦਿਵਸ ਤੇ ਕਮਲ ਦੇਵ ਜੰਡੂਸਿੰਘਾ ਅਤੇ ਸਮੂਹ ਪਰਿਵਾਰ ਵੱਲੋਂ ਨਿੱਘੀ ਸ਼ਰਧਾਂਜਲੀ


ਕਮਲ ਦੇਵ ਜੰਡੂਸਿੰਘਾ


ਖੱਬੇ ਤੋਂ ਕਮਲ ਦੇਵ ਜੰਡੂ ਸਿੰਘਾ ਆਪਣੇ ਭਰਾ ਅਤੇ ਭਾਈ ਜਸਪਾਲ ਸਿੰਘ, ਭਾਈ ਨਿਰਮਲ ਸਿੰਘ ਅਤੇ ਸ. ਲਸ਼ਕਰ ਸਿੰਘ ਬੱਧਣ ਦੇ ਨਾਲ।


ਕਮਲ ਦੇਵ ਜੰਡੂਸਿੰਘਾ

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਬਾਬਾ ਸਾਹਿਬ ਡਾ.ਅੰਬੇਡਕਰ ਜੀ ਨੂੰ ਭਰਪੂਰ ਸ਼ਰਧਾਂਜਲੀਆਂ ਅਰਪਿਤ













ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)









**ਸੈਕਰਾਮੈਂਟੋ (ਡੀ. ਡੀ. ਬੀ.)–** ਬੇਗਮਪੁਰਾ ਕਲਚਰਲ ਐਂਡ ਐਜੂਕੇਸ਼ਨਲ ਏਡ ਸੁਸਾਇਟੀ ਸੈਕਰਾਮੈਂਟੋ ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੈਕਰਾਮੈਂਟੋ (ਕੈਲੇਫੋਰਨੀਆ) ਵਿਖੇ 6 ਦਸੰਬਰ ਨੂੰ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਰਾਮਜੀ ਅੰਬੇਦਕਰ ਜੀ ਨੂੰ ਉਹਨਾਂ ਦੇ 61ਵੇਂ ਪ੍ਰੀਨਿਰਵਾਣ ਦਿਵਸ ਮੌਕੇ ਵੱਖ-ਵੱਖ ਸ਼ਖਸੀਅਤਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਉਪਰੰਤ ਸ਼ਰਧਾਂਜਲੀ ਦੇ ਦੋ ਸ਼ਬਦ ਸੰਗਤਾਂ ਨਾਲ ਸਾਂਝੇ ਕੀਤੇ।

ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਜਸਪਾਲ ਸਿੰਘ ਜੀ ਨੇ ਪਹਿਲਾਂ ਦੋ ਸ਼ਬਦ ਸ਼ਰਧਾਂਜਲੀ ਦੇ ਭੇਂਟ ਕੀਤੇ, ਉਸ ਉਪਰੰਤ ਸਟੇਜ ਦੀ ਸੇਵਾ ਸੰਭਾਲਦਿਆਂ ਸ੍ਰੀ ਦੀਪਕ ਸਰੋਇਆ ਨੇ ਸਰਵ ਸ੍ਰੀ ਕਮਲ ਦੇਵ ਜੰਡੂਸਿੰਘਾ, ਜਸਵਿੰਦਰ ਬੰਗਾ, ਪ੍ਰੇਮ ਕੁਮਾਰ ਚੁੰਬਰ, ਕਲੇਅ ਜੌਹਨਸਟਨ, ਗੁਰਬਖਸ਼ ਸਿੰਘ ਬਾਘਾ, ਬਲਜੀਤ ਸਿੰਘ ਅਤੇ ਜਸਵੰਤ ਸ਼ੀਂਹਮਾਰ ਨੂੰ ਵਾਰੀ-ਵਾਰੀ ਸਟੇਜ 'ਤੇ ਸੱਦਾ ਦਿੱਤਾ।

ਸਭ ਬੁਲਾਰਿਆਂ ਨੇ ਬਾਬਾ ਸਾਹਿਬ ਨੂੰ ਸ਼ਰਧਾਂਜਲੀ ਦੇ ਦੋ ਸ਼ਬਦ ਰੱਖਦਿਆਂ ਉਹਨਾਂ ਦੇ ਜੀਵਨ ਤੇ ਮਾਨਵਤਾਵਾਦੀ ਸੰਘਰਸ਼ ਦਾ ਰੱਜ ਕੇ ਵਿਖਿਆਨ ਕੀਤਾ। ਸੰਗਤਾਂ ਚਾਹੇ ਗਿਣਤੀ ਦੀਆਂ ਪੰਦਰਾਂ ਦੇ ਕਰੀਬ ਸਨ ਪਰ ਬੁਲਾਰਿਆਂ ਵਿਚਲਾ ਜੋਸ਼ ਤੇ ਬਾਬਾ ਸਾਹਿਬ ਪ੍ਰਤੀ ਸ਼ਰਧਾ ਦਰਸਾ ਰਹੀ ਸੀ ਕਿ ਉਹ ਸਭ ਕਿਸੇ ਵੱਡੇ ਸਮਾਗਮ 'ਚ ਬੋਲ ਰਹੇ ਹੋਣ।

ਇਹਨਾਂ ਵਿਚੋਂ ਦੋ ਪ੍ਰੇਮ ਕੁਮਾਰ ਚੁੰਬਰ ਅਤੇ ਕਮਲ ਦੇਵ ਜੰਡੂਸਿੰਘਾ, ਜਿਹਨਾਂ ਬਸਪਾ 'ਚ ਰਹਿ ਕੇ ਨੇੜਿਉਂ ਤੱਕਿਆ ਹਾਲ ਵੀ ਵਰਣਨ ਕੀਤਾ। ਜਿੱਥੇ ਸ੍ਰੀ ਪ੍ਰੇਮ ਕੁਮਾਰ ਚੁੰਬਰ ਦੇ ਵੱਡੇ ਭਾਈ ਸਾਹਿਬ ਸ੍ਰੀ ਸੀ. ਐਲ. ਚੁੰਬਰ ਜੀ ਨੇ ਉਤਰੀ ਜਲੰਧਰ ਤੋਂ ਬਸਪਾ ਵੱਲੋਂ ਵਿਧਾਇਕ ਦੀ ਚੋਣ ਲੜੀ ਸੀ ਅਤੇ ਇਸੇ ਤਰ੍ਹਾਂ ਸ੍ਰੀ ਕਮਲ ਦੇਵ ਜੰਡੂਸਿੰਘਾ ਨੇ ਵੀ ਵਿਧਾਇਕ ਦੀ ਚੋਣ ਲੜੀ ਸੀ। ਦੋਹਾਂ ਦੇ ਹੌਸਲੇ ਬੁਲੰਦ ਆਵਾਜ਼ ਪੁਕਾਰ ਰਹੀ ਸੀ ਕਿ ਕੋਈ ਫਰਕ ਨਹੀਂ ਅੱਜ ਕਿੰਨੇ ਹਾਂ ਇਸ ਹਾਲ ਵਿਚ, ਬੱਸ ਜੋ ਹਾਲ ਦੇ ਹਾਲ ਦਾ ਇਤਿਹਾਸ ਬਣੇ ਹਨ।

ਸਾਹਿਬ ਕਾਂਸ਼ੀ ਰਾਮ ਜੀ ਇਕੱਲੇ ਚੱਲੇ ਸਨ ਤੇ ਅੱਜ ਕਰੋੜਾਂ ਹੀ ਉਹਨਾਂ ਦੇ ਮਿਸ਼ਨ 'ਚ ਆ ਕੇ ਬਾਬਾ ਸਾਹਿਬ ਦਾ ਸੁਪਨਾ ਸਾਕਾਰ ਕਰਨ 'ਚ ਜੁਟੇ ਹੋਏ ਹਨ।

ਸ੍ਰੀ ਦੀਪਕ ਸਰੋਇਆ ਨੇ ਕਿਹਾ ਕਿ ਇਹ ਦੂਸਰਾ ਮੌਕਾ ਹੈ ਕਿ ਅਸੀਂ ਇਸ ਗੁਰੂ ਘਰ ਅੰਦਰ ਬਾਬਾ ਸਾਹਿਬ ਨੂੰ ਉਹਨਾਂ ਦੇ ਪ੍ਰੀਨਿਰਵਾਣ ਦਿਵਸ ਮੌਕੇ ਦਿਨ ਦੇ ਦਿਨ ਇਕੱਤਰ ਹੋਏ ਹਾਂ।

ਅਸੀਂ ਬਾਬਾ ਸਾਹਿਬ ਦਾ ਮਿਸ਼ਨ ਜਾਰੀ ਰੱਖਾਂਗੇ। ਇਸੇ ਤਰ੍ਹਾਂ ਜਸਵਿੰਦਰ ਬੰਗਾ ਸਾਬਕਾ ਚੇਅਰਮੈਨ ਅਤੇ ਕਲੇਅ ਜੌਹਨਸਟਨ ਨੇ ਵੀ ਬਾਬਾ ਸਾਹਿਬ ਦੇ ਮਿਸ਼ਨ ਨੂੰ ਅੱਗੇ ਵਧਾਉਣ ਲਈ ਯਤਨ ਕਰਨ ਲਈ ਪ੍ਰੇਰਿਆ।

ਸ. ਗੁਰਬਖਸ਼ ਸਿੰਘ ਬਾਘਾ ਨੇ ਬਾਬਾ ਸਾਹਿਬ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਉਹਨਾਂ ਆਪਣੇ ਵਿਚਾਰਾਂ ਨੂੰ ਜਨ-ਜਨ ਤੱਕ ਲਿਜਾਣ ਲਈ ਉਚ ਵਿੱਦਿਆ ਹਾਸਲ ਕਰਕੇ ਜਿੱਥੇ ਬਹੁਤ ਸਾਰੀਆਂ ਕਿਤਾਬਾਂ ਲਿਖੀਆਂ ਉਥੇ ਉਹਨਾਂ ਅਖਬਾਰ ਵੀ ਚਲਾਏ। ਸ੍ਰੀ ਪ੍ਰੇਮ ਕੁਮਾਰ ਚੁੰਬਰ ਦੁਆਰਾ ਚਲਾਏ ਜਾਂਦੇ ਅਖਬਾਰ ਅੰਬੇਦਕਰ ਟਾਈਮਜ਼ (ਇੰਗਲਿਸ਼) ਅਤੇ ਦੇਸ਼ ਦੁਆਬਾ (ਪੰਜਾਬੀ) 'ਚ ਵੱਧ ਤੋਂ ਵੱਧ ਇਸ਼ਤਿਹਾਰ ਦੇ ਕੇ ਮਦਦ ਕੀਤੀ ਜਾਵੇ। ਸ੍ਰੀ ਬਾਘਾ ਨੇ ਕਿਹਾ ਕਿ ਮੈਂ 15-16 ਸਾਲ ਤੋਂ ਪ੍ਰੇਮ ਕੁਮਾਰ ਚੁੰਬਰ ਨੂੰ ਜਾਣਦਾ ਹਾਂ ਕਿ ਕਿੰਨੀ ਮਿਹਨਤ ਤੇ ਮੁਸ਼ਕਿਲ ਨਾਲ ਅਖਬਾਰ ਇਸ ਮੁਕਾਮ ਤੱਕ ਲਿਆਂਦਾ।

ਸ੍ਰੀ ਬਲਜੀਤ ਸਿੰਘ ਨੇ ਬਾਬਾ ਸਾਹਿਬ ਦੇ ਮਿਸ਼ਨ ਦੀ ਗੱਲ ਕਰਨ ਤੋਂ ਪਹਿਲਾਂ ਡਾ. ਅੰਬੇਡਕਰ ਜੀ ਦੇ ਮੁਢਲੇ ਜੀਵਨ ਤੇ ਪੜ੍ਹਾਈ ਦਾ ਵਿਸਥਾਰ ਪੂਰਵਕ ਜ਼ਿਕਰ ਕੀਤਾ। ਅਖੀਰ ਸ੍ਰੀ ਜਸਵੰਤ ਸ਼ੀਂਹਮਾਰ ਨੇ ਸ਼ਰਧਾ ਦੇ ਦੋ ਸ਼ਬਦ ਰੱਖਦਿਆਂ ਸਮਾਗਮ ਦੀ ਸਮਾਪਤੀ ਕੀਤੀ, ਉਸ ਤੋਂ ਪਹਿਲਾਂ ਭਾਈ ਨਿਰਮਲ ਸਿੰਘ ਤੇ ਭਾਈ ਜਸਪਾਲ ਸਿੰਘ ਜੀ ਨੇ ਸ਼ਬਦ ਗਾਇਨ ਕੀਤਾ ਅਤੇ ਅਰਦਾਸ ਕੀਤੀ। ਪ੍ਰਧਾਨ ਸ੍ਰੀ ਰਮੇਸ਼ ਬੰਗੜ ਨੇ ਸਭ ਦਾ ਧੰਨਵਾਦ ਕੀਤਾ ਅਤੇ ਗੁਰੂ ਕੇ ਅਤੁੱਟ ਲੰਗਰ ਵਰਤਾਏ ਗਏ।

## ਬੇਗਮਪੁਰਾ ਕਲਚਰਲ ਐਂਡ ਐਜੂਕੇਸ਼ਨਲ ਏਡ ਸੁਸਾਇਟੀ ਸੈਕਰਾਮੈਂਟੋ, ਭਾਰਤ ਰਤਨ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਦਕਰ ਜੀ ਨੂੰ ਉਹਨਾਂ ਦੇ 61ਵੇਂ ਪ੍ਰੀਨਿਰਵਾਣ ਦਿਵਸ ਨਿਮਰਤਾ ਸਹਿਤ ਸ਼ਰਧਾਂਜਲੀ ਭੇਂਟ ਕਰਦਾ ਹੈ

**Joginder Pal Chumber, Darshan Singh Virk Mohinder Singh Dhami, Karnail Singh Virk, Lashkar Singh Badhan, Jaswant Sheemar, Jaswinder Banga, Jhon Banga, Kewal Bolina**

# ਹਿੰਦ ਦੀ ਚਾਦਰ ਧੰਨ ਧੰਨ ਸਤਿਗੁਰੂ ਤੇਗ ਬਹਾਦਰ ਸਾਹਿਬ ਦਾ ਸ਼ਹੀਦੀ ਜੋੜ ਮੇਲਾ ਮਨਾਇਆ













**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ 15, 16, 17 ਦਸੰਬਰ ਦਿਨ ਸ਼ੁੱਕਰਵਾਰ, ਸ਼ਨੀਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਜੋੜ ਮੇਲਾ ਮਨਾਇਆ ਗਿਆ। ਜਿਸ ਵਿਚ 15 ਦਸੰਬਰ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇਸ੍ਰੀ ਅਖੰਡ ਪਾਠ ਜੀ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ 17 ਦਸੰਬਰ ਦਿਨ ਐਤਵਾਰ ਨੂੰ ਪਾਏ ਗਏ। ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਹਜ਼ੂਰੀ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਬਾਅਦ ਬੀਬੀ ਅਲੋਚਨਾ ਰਾਏ ਜੀ, ਭਾਈ ਗੁਰਦੀਪ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਗੁਰਦੀਪ ਸਿੰਘ ਹੀਰਾ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਉਂਦੇ ਹੋਏ ਆਪਣੀ ਕਵਿਤਾ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

******

## ਸ਼ਿੰਗਾਰਾ ਸਿੰਘ ਰੱਲ੍ਹ ਪ੍ਰਧਾਨ ਵੱਲੋਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ



**ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀਓ**

ਦਾਸ ਸ਼ਿੰਗਾਰਾ ਸਿੰਘ ਰੱਲ੍ਹ ਵੱਲੋਂ ਸਮੂਹ ਸਾਧ ਸੰਗਤ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਅਤੇ ਇਲਾਕੇ ਦੀ ਸਮੂਹ ਸਾਧ ਸੰਗਤ ਦਾ ਤਹਿ ਦਿਲੋਂ ਕੋਟਿਨ ਕੋਟਿ ਧੰਨਵਾਦ ਕੀਤਾ ਜਾਂਦਾ ਹੈ ਕਿ ਜਿਹਨਾਂ ਨੇ ਪਿਛਲੇ ਕੁਝ ਸਾਲਾਂ ਤੋਂ ਦਾਸ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਧਾਨਗੀ ਦੀ ਸੇਵਾ ਦਿੱਤੀ। ਇਸ ਸੇਵਾ ਦੇ ਸਮੇਂ ਦੌਰਾਨ ਦਾਸ ਨੇ ਪੂਰੀ ਕੋਸ਼ਿਸ਼ ਕੀਤੀ ਕਿ ਪੂਰੇ ਤਨ, ਮਨ, ਧਨ ਨਾਲ ਸੇਵਾ ਕਰੇ। ਫਿਰ ਵੀ ਇਸ ਸਮੇਂ ਦੌਰਾਨ ਜੇ ਦਾਸ ਕੋਲੋਂ ਕੋਈ ਗਲਤੀ ਹੋਈ ਹੋਵੇ ਤਾਂ ਦਾਸ ਸਮੂਹ ਸਾਧ ਸੰਗਤ ਕੋਲੋਂ ਮੁਆਫੀ ਮੰਗਦਾ ਹੈ। ਵਰਤਮਾਨ ਕਮੇਟੀ ਜਿਸ ਦੀ ਚੋਣ 3 ਦਸੰਬਰ 2017 ਨੂੰ ਕੀਤੀ ਗਈ ਹੈ, ਇਸ ਕਮੇਟੀ ਵਿਚ ਦਾਸ ਜਨਰਲ ਸੈਕਟਰੀ ਦੀ ਸੇਵਾ ਕਰੇਗਾ ਜੋ ਕਿ 1 ਜਨਵਰੀ 2018 ਨੂੰ ਸੇਵਾ ਸੰਭਾਲੀ ਜਾਵੇਗੀ।

# ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਨਵੀਂ ਕਮੇਟੀ- 2018 ਦੇ ਮੈਂਬਰ ਅਤੇ ਅਹੁਦੇਦਾਰ





ਫਾਈਲ ਚਿੱਤਰ–
ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)

**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਨਵੀਂ ਸਾਲ 2018 ਦੀ ਕਮੇਟੀ ਦੀ ਹਾਲ ਹੀ ਵਿਚ ਚੋਣ ਹੋਈ, ਜਿਸ ਵਿਚ ਸ੍ਰੀ ਪਰਸ਼ੋਤਮ ਸੂਦ ਨੂੰ ਚੇਅਰਮੈਨ, ਰਾਜੇਸ਼ ਲਾਲੀ ਵਾਈਸ ਚੇਅਰਮੈਨ, ਦਲਵਿੰਦਰ ਰੱਲ੍ਹ ਪ੍ਰਧਾਨ, ਗੁਰਨਾਮ ਸਿੰਘ ਭੰਡਾਲ ਉਪ ਪ੍ਰਧਾਨ, ਮੋਹਿੰਦਰ ਸਿੰਘ ਰੱਤੂ ਉਪ ਪ੍ਰਧਾਨ, ਸ਼ੰਗਾਰਾ ਸਿੰਘ ਜਨਰਲ ਸਕੱਤਰ, ਸਤਨਾਮ ਸਿੰਘ ਵਾਈਸ ਜਨਰਲ ਸਕੱਤਰ, ਰਾਮ ਸੇਵਕ ਭਾਟੀਆ ਕੈਸ਼ੀਅਰ, ਜਸਪਾਲ ਜੱਸਲ ਵਾਈਸ ਕੈਸ਼ੀਅਰ, ਗੁਰਦੀਪ ਸਿੰਘ ਹੀਰਾ ਸਟੇਜ ਸਕੱਤਰ, ਜਸਵਿੰਦਰ ਸਿੰਘ ਵਾਈਸ ਸਟੇਜ ਸਕੱਤਰ, ਕੁਲਦੀਪ ਸਿੰਘ ਨਿਊਜ਼ ਪਰਸਨ, ਵਿਜੈ ਸਰੋਇਆ ਟਰੱਸਟੀ, ਭੁਪਿੰਦਰ ਸਿੰਘ ਭੰਡਾਲ ਟਰੱਸਟੀ, ਲਖਵੀਰ ਸੂਦ ਟਰੱਸਟੀ, ਦਿਆਲ ਰਾਮ ਨਰ ਟਰੱਸਟੀ ਅਤੇ ਪ੍ਰੀਤਮ ਦਾਸ ਲੀਲ ਨੂੰ ਟਰੱਸਟੀ ਦੀ ਜ਼ਿੰਮੇਵਾਰੀ ਸੌਂਪੀ ਗਈ।

# ਸਿਟੀ ਕੌਂਸਲ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂ ਤੇ ਗੁਰੂ ਘਰ ਦੀ ਮਨਜ਼ੂਰੀ ਸਮੇਂ ਦੀਆਂ ਕੁਝ ਯਾਦਗਾਰੀ ਤਸਵੀਰਾਂ





ਫਾਇਲ ਚਿੱਤਰ





























# ਕਥਾ : ਮਹਾਨ ਸ਼ਹੀਦ ਭਾਈ ਸੰਗਤ ਸਿੰਘ ਜੀ ਦੀ



ਕੇਹਰ ਸ਼ਰੀਫ਼
ksharif@arcor.de

ਸਿਦਕ ਨੂੰ ਪਾਲਣ ਅਤੇ ਕੁਰਬਾਨੀ ਦਾ ਚਾਅ ਕਰਨ ਵਾਲੇ ਸਿੱਖ ਇਤਿਹਾਸ ਦੀ ਲਾਸਾਨੀ ਕੁਰਬਾਨੀ ਸਬੰਧੀ ਵਿਚਾਰਦਿਆਂ ਹੈਰਾਨੀ ਹੁੰਦੀ ਹੈ ਕਿ ਕਿਵੇਂ ਸੂਰਮੇ ਆਪਣੇ ਗੁਰੂ ਖਾਤਰ ਜਾਂ ਗੁਰੂ ਦੀ ਥਾਵੇਂ ਸਿਰ ਵਾਰ ਜਾਂਦੇ ਹਨ। ਪਰ ਇਹ ਜਜ਼ਬਾ ਕੋਈ ਦਿਨਾਂ ਮਹੀਨਿਆਂ ਵਿੱਚ ਪੈਦਾ ਨਹੀਂ ਹੁੰਦਾ ਇਸ ਵਿੱਚ ਪਰਿਵਾਰਕ ਵਿਰਸੇ ਦਾ ਵੀ ਬਹੁਤ ਮਹੱਤਵ ਹੁੰਦਾ ਹੈ ਕਿ ਪੀੜ੍ਹੀ ਦਰ ਪੀੜ੍ਹੀ ਸ਼ਰਧਾ, ਪ੍ਰਤੀਬੱਧਤਾ ਅਤੇ ਸੂਰਬੀਰਤਾ ਪਲ਼ਦੀ ਹੈ। ਕੁਰਬਾਨੀਆਂ ਦੇ ਇਤਿਹਾਸ ਨੂੰ ਵਿਚਾਰਦਿਆਂ ਇਕ ਅਜਿਹੀ ਲਾਸਾਨੀ ਕੁਰਬਾਨੀ ਦਾ ਵਿਸਥਾਰ ਹੈ ਮਹਾਨ ਸ਼ਹੀਦ ਭਾਈ ਸੰਗਤ ਸਿੰਘ ਜੀ ਦਾ ਜੀਵਨ ਅਤੇ ਨਿਭਾਏ ਸਿਰੜ ਦੀ ਵਾਰ ਵਾਰ ਚੇਤੇ ਕਰਨ ਵਾਲੀ ਕਥਾ। ਜੋ ਸਦੀਆਂ ਤੱਕ ਆਪਣੇ ਸੱਚੇ ਮਕਸਦ ਵਾਸਤੇ ਲੜਨ ਵਾਲਿਆਂ ਦੀ ਅਗਵਾਈ ਕਰਦੀ ਰਹੇਗੀ।

ਸਿੱਖ ਇਤਿਹਾਸ ਦੇ ਸੂਰਮੇ ਸ਼ਹੀਦ ਭਾਈ ਸੰਗਤ ਸਿੰਘ ਜੀ ਦੀ ਜਿਨ੍ਹਾਂ ਨੂੰ ਸੰਗਤ ਸਿੰਘ ਬੰਗੇਸਰ ਕਰਕੇ ਵੀ ਇਤਿਹਾਸ ਵਿੱਚ ਯਾਦ ਕੀਤਾ ਜਾਂਦਾ ਹੈ। ਪਹਿਲਾਂ ਭਾਈ ਸੰਗਤ ਸਿੰਘ ਜੀ ਦੇ ਪਿਛੋਕੜ ਵੱਲ ਨਿਗਾਹ ਮਾਰਨੀ ਚਾਹੀਦੀ ਹੈ ਕਿ ਕਿਸੇ ਦੇ ਰੋਮ ਰੋਮ ਵਿੱਚ ਸੂਰਬੀਰਤਾ ਕਿਵੇਂ ਰਚਦੀ ਹੈ। ਕਿਵੇਂ ਕੁਰਬਾਨੀ ਦਾ ਜਜ਼ਬਾ ਪੈਦਾ ਹੁੰਦਾ ਹੈ, ਕਿ ਇਨਸਾਨ ਸਾਹਮਣੇ ਦਿਸਦੀ ਮੌਤ ਦੇਖ ਕੇ ਬਚਣ ਦੀ ਬਜਾਏ ਮਾਣ ਭਰੀ ਖੁਸ਼ੀ ਨਾਲ ਜਾਨ ਵਾਰਨ ਲਈ ਤਿਆਰ ਹੋ ਜਾਂਦਾ ਹੈ। ਯਾਦ ਰਹੇ ਅਜਿਹੇ ਸੂਰਮੇ ਹੀ ਇਤਿਹਾਸ ਦੇ ਥੰਮ ਬਣਦੇ ਹਨ। ਆਉਣ ਵਾਲੀਆਂ ਪੀੜ੍ਹੀਆਂ ਅਜਿਹੇ ਸੂਰਮਿਆਂ ਨੂੰ ਯਾਦ ਹੀ ਨਹੀਂ ਰੱਖਦੀਆਂ ਸਗੋਂ ਉਨ੍ਹਾਂ ਨੂੰ ਆਪਣਾ ਪ੍ਰੇਰਨਾ ਸ੍ਰੋਤ ਵੀ ਮੰਨਦੀਆਂ ਹਨ ਤਾਂ ਕਿ ਆਪਣੇ ਜੁਝਾਰੂ ਵਿਰਸੇ ਨੂੰ ਜੀਊਂਦਾ ਰੱਖਿਆ ਜਾ ਸਕੇ।

ਇਤਿਹਾਸ ਵਿੱਚ ਭਾਈ ਸੰਗਤ ਸਿੰਘ ਜੀ ਦੇ ਪਰਿਵਾਰ ਦਾ ਗੁਰੂ ਘਰ ਵੱਲ ਸ਼ਰਧਾ ਭਰਪੂਰ ਸਨੇਹ ਬਹੁਤ ਪਹਿਲਾਂ ਜੁੜ ਜਾਂਦਾ ਹੈ। ਜਦੋਂ ਸਿੱਖਾਂ ਦੇ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਨੇ 'ਗੁਰੂ ਕਾ ਚੱਕ' ਭਾਵ ਅਮ੍ਰਿਤਸਰ ਵਸਾਇਆ ਤਾਂ ਗੁਰੂ ਸੇਵਾ ਅਤੇ ਗੁਰੂ ਦਰਸ਼ਣਾਂ ਵਾਸਤੇ ਬਹੁਤ ਸਾਰੀਆਂ ਸੰਗਤਾਂ ਦੂਰ ਦੁਰਾਡੇ ਤੋਂ ਵੀ ਆਇਆ ਕਰਦੀਆਂ ਸਨ। ਗੁਰੂ ਦੀ ਮਹਿਮਾਂ ਸੁਣ ਕੇ ਗਰੀਬ ਪਰਿਵਾਰ ਵੀ ਇਸ ਪਾਸੇ ਵੱਲ ਤੁਰਨ ਲੱਗ ਪਏ ਸਨ। ਇਨ੍ਹਾਂ ਗਰੀਬ ਪਰਿਵਾਰਾਂ ਵਿੱਚ ਕੱਪੜਾ ਬੁਣਨ ਦਾ ਕੰਮ ਕਰਨ ਵਾਲੇ ਕਿਰਤੀ ਭਾਈ ਜਰਨੈਲ ਦਾ ਪਰਿਵਾਰ ਵੀ ਸੀ। ਗੁਰੂ ਰਾਮ ਦਾਸ ਜੀ ਨੇ ਆਪਣੀ ਸੰਗਤ ਵਿੱਚੋਂ ਜਾਤ ਪਾਤ ਨੂੰ ਸਦਾ ਲਈ ਖਤਮ ਕਰਨ ਵਾਸਤੇ ਇਕ ਦਿਨ ਧਾਰਮਿਕ ਦੀਵਾਨ ਤੋਂ ਬਾਅਦ ਭਾਈ ਜਰਨੈਲ ਜੀ ਤੇ ਉਨ੍ਹਾਂ ਨਾਲ ਆਈ ਸੰਗਤ ਦੀ ਸੇਵਾ ਭਾਵਨਾ ਤੋਂ ਅਤਿ ਪਰਸੰਨ ਹੋ ਕੇ ਆਪਣੇ ਕੋਲ ਬੁਲਾ ਕੇ 'ਸਿਰੋਪਾਉ' ਦੀ ਦੀ ਬਖਸ਼ਿਸ਼ ਕਰਦਿਆਂ ਸੰਗਤਾਂ ਨੂੰ ਹੁਕਮ ਕੀਤਾ ਕਿ ਇਹ ਸਿੱਖ ਮੇਰੇ ਨਾਮ ਨਾਲ ਰਾਮਦਾਸੀਏ ਕਰਕੇ ਜਾਣੇ ਜਾਣ। ਰਾਮਦਾਸੀਏ ਦਾ ਲਕਬ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਕਰਕੇ ਪ੍ਰਾਪਤ ਹੋਇਆ। ਇੱਥੇ ਇਹ ਵੀ ਯਾਦ ਰੱਖਣ ਵਾਲੀ ਗੱਲ ਹੈ ਕਿ ਗੁਰੂ ਨਾਨਕ ਦੇਵ ਜੀ ਵਲੋਂ ਸਿੱਖ ਧਰਮ ਦੇ ਆਰੰਭ ਵੇਲੇ ਤੋਂ ਹੀ ਸਮਾਜਿਕ ਬੁਰਾਈਆਂ ਦਾ ਡਟ ਕੇ ਵਿਰੋਧ ਕੀਤਾ ਗਿਆ ਜਦੋਂ ਕਿ ਸਮਾਜ ਵਿਰੋਧੀ ਅੰਸਰਾਂ ਵਲੋਂ ਕਿਸੇ ਧਰਮ ਦੇ ਨਾਂ ਹੇਠ ਸਮਾਜ ਨੂੰ ਵਰਣਾਂ ਵਿੱਚ ਵੰਡਿਆ ਹੋਇਆ ਸੀ ਤਾਂ ਬਾਬੇ ਨਾਨਕ ਨੇ ਕਿਹਾ ਸੀ 'ਚਾਰਿ ਵਰਨਿ ਇਕੁ ਵਰਨਿ ਕਰਾਇਆ' ਕਿ ਜਾਤਪਾਤ ਦਾ ਭੇਦ ਭਾਵ ਮਿਟਾ ਕੇ ਪੰਗਤ ਤੇ ਸੰਗਤ ਵਿੱਚ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦਾ ਸਿਧਾਂਤ ਪ੍ਰਚਾਰਿਆ ਸੀ। 'ਏਕ ਪਿਤਾ ਏਕਸ ਕੇ ਹਮ ਬਾਰਿਕ'। ਜੇ ਇਸ ਤੋਂ ਵੀ ਪਿੱਛੇ ਜਾਣਾ ਹੋਵੇ ਤਾਂ ਭਗਤੀ ਲਹਿਰ ਦੇ ਸਮੇਂ ਵੱਲ ਨਿਗਾਹ ਮਾਰ ਲੈਣੀ ਚਾਹੀਦੀ ਹੈ ਕਿ ਭਗਤੀ ਲਹਿਰ ਦਾ ਮੁੱਖ ਮਕਸਦ ਵੀ ਪਾਈਆਂ ਵੰਡੀਆਂ ਨੂੰ ਨਕਾਰਨਾ ਅਤੇ ਮਨੁੱਖਾਂ ਦੀ ਬਰਾਬਰੀ ਦਾ ਪ੍ਰਚਾਰ ਕਰਨਾ ਹੀ ਸੀ। ਭਗਤੀ ਲਹਿਰ ਦੇ ਇਸ ਬੁਨਿਆਦੀ ਫਲਸਫੇ ਨੂੰ ਅੱਜ ਵੀ ਮਨੁੱਖੀ ਅਧਿਕਾਰਾਂ ਦੀਆਂ ਲਹਿਰਾਂ ਕਰਕੇ ਜਾਣਿਆ ਜਾਂਦਾ ਹੈ। ਦਰਅਸਲ, ਸਿਧਾਂਤਕ ਪੱਖੋਂ ਭਗਤੀ ਲਹਿਰ ਹੀ ਸਿੱਖ ਧਰਮ ਦੀ ਬੁਨਿਆਦ ਆਖੀ ਜਾ ਸਕਦੀ ਹੈ।

ਇੱਥੇ ਇਕ ਹੋਰ ਨੁਕਤੇ ਬਾਰੇ ਵਿਚਾਰ ਕਰਨੀ ਬਹੁਤ ਜਰੂਰੀ ਹੈ ਜਿਸ ਬਾਰੇ ਗੁਰੂ ਨਾਮ ਲੇਵਾ ਸੰਗਤਾਂ ਨੂੰ ਅਤੇ ਧਾਰਮਿਕ ਸੰਸਥਾਵਾਂ ਦੇ ਪ੍ਰਬੰਧਕਾਂ ਨੂੰ ਖਾਸ ਤੌਰ ਤੇ ਸੋਚਣਾ ਬਣਦਾ ਹੈ, ਸਿਰੋਪਾਉ ਭਾਵ ਸਿਰੋਪਾ ਬਾਰੇ। ਗੁਰੂ ਸਾਹਿਬ ਵੇਲੇ ਧਾਰਮਿਕ ਪੱਧਰ ਤੇ ਸੇਵਾ ਭਾਵ ਵਾਲੇ ਲੋਕਾਂ ਨੂੰ ਹੀ ਸਿਰੋਪਾ ਦੀ ਬਖਸ਼ਿਸ਼ ਕੀਤੀ ਜਾਂਦੀ ਸੀ – ਉਹ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿਚ। ਅੱਜ ਜੋ ਹਾਲ ਸਿਰੋਪਾ ਦਾ ਹੋਇਆ ਪਿਆ ਹੈ ਜਾ ਹੋਈ ਜਾ ਰਿਹਾ ਹੈ ਕਿ ਜਿਸ ਦੇ ਘਰ ਚਾਰ ਵੋਟਾਂ ਹਨ ਉਸ ਨੂੰ ਉਸ ਦੇ ਘਰ ਜਾ ਕੇ ਦੇ ਦਿੱਤਾ ਜਾਂਦਾ ਹੈ ਜੋ ਸਰਾਸਰ ਗਲਤ ਹੈ। ਗੁਰੂ ਵਾਲੀ ਭਾਵਨਾ ਦੇ ਵੀ ਉਲਟ ਹੈ। ਇਹ ਕਾਰਜ ਬੰਦੇ-ਕੁਬੰਦੇ ਦੀ ਪਛਾਣ ਕੀਤੇ ਬਿਨਾਂ ਹੀ ਕੀਤਾ ਜਾ ਰਿਹਾ ਹੈ। ਇਸ ਬਾਰੇ ਡੂੰਘਾਈ ਨਾਲ ਸੋਚਣ ਦੀ ਲੋੜ ਹੈ।

ਜਦੋਂ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ ਪੀਰੀ ਧਾਰਨ ਕਰਨ ਤੋਂ ਬਾਅਦ ਸਿੱਖ ਸੰਗਤਾਂ ਵੱਲ ਇਕ ਗਸ਼ਤੀ ਹੁਕਮਨਾਮਾ ਘੱਲਿਆ ਕਿ ਸਿੱਖ ਸੇਵਕ ਹੋਰ ਤੋਹਫਿਆਂ ਦੀ ਥਾਵੇਂ ਸ਼ਸਤਰ ਤੇ ਘੋੜੇ ਆਦਿ ਲੈ ਕੇ ਆਉਣ। ਨਾਲ ਹੀ ਹੋ ਰਹੇ ਜੁਲਮ ਦੇ ਖਿਲਾਫ ਹਥਿਆਰਬੰਦ ਹੋਣ ਦਾ ਸੱਦਾ ਦਿੱਤਾ। ਸਾਧਨਾ ਵਾਲੇ ਬਹੁਤ ਸਾਰੇ ਲੋਕ ਘੋੜੇ ਬਗੈਰਾ ਲੈ ਕੇ ਵੀ ਆਏ। ਦੁਆਬੇ ਤੇ ਮਾਲਵੇ ਦੇ ਸੂਰਬੀਰ ਯੋਧਿਆਂ ਨੇ ਆਪਣੀਆਂ ਸੇਵਾਵਾਂ ਪੇਸ਼ ਕਰਦਿਆਂ ਕਿਹਾ ਸੀ ਕਿ 'ਸੱਚੇ ਪਾਤਸ਼ਾਹ, ਅਸੀਂ ਗਰੀਬ ਲੋਕ ਹਾਂ, ਸਾਡੇ ਕੋਲ ਤੁਹਾਨੂੰ ਭੇਟ ਕਰਨ ਲਈ ਕੁੱਝ ਵੀ ਨਹੀਂ, ਅਸੀਂ ਕੇਵਲ ਆਪਣੀਆਂ ਜਾਨਾਂ ਹੀ ਵਾਰ ਸਕਦੇ ਹਾਂ ਤੇ ਸਾਨੂੰ ਆਪਣੀ ਫੌਜ ਵਿੱਚ ਰੱਖ ਲਵੋ। ਗੁਰਬਿਲਾਸ ਪਾਤਸ਼ਾਹੀ ਛੇਵੀਂ ਦੇ ਪੰਨਾ 153 ਤੇ ਮੈਕਾਲਿਫ ਇਸ ਬਾਰੇ ਲਿਖਦੇ ਹਨ :

'ਹਮ ਅਨਾਥ ਸਿਰ ਭੇਟ ਕੀਨੇ , ਦਯਾ ਕਰਯੋ ਕਹਿ ਦੀਨੇ'

ਗੁਰੂ ਸਾਹਿਬਾਂ ਦੇ ਦਰਸ਼ਨਾਂ ਨੂੰ ਇਨ੍ਹਾਂ ਆਉਣ ਵਾਲਿਆਂ ਵਿੱਚ ਜਲੰਧਰ ਦੇ ਲਾਗਲੇ ਪਿੰਡ ਜੰਡੂ ਸਿੰਘਾ ਦੇ ਭਾਈ ਬੁੱਧਾ ਜੀ ਅਤੇ ਭਾਈ ਸੁੱਧਾ ਜੀ ਅਤੇ ਸਪਰੌੜ ਖੇੜੀ ਦੇ ਭਾਈ ਭਾਨੂੰ ਜੀ ਵੀ ਸ਼ਾਮਲ ਸਨ। ਇਹ ਭਾਈ ਭਾਨੂ ਜੀ, ਭਾਈ ਸੰਗਤ ਸਿੰਘ ਜੀ ਦੇ ਦਾਦਾ ਜੀ ਸਨ। ਭਾਈ ਭਾਨੂੰ ਜੀ ਨੇ ਗੁਰੂ ਹਰਗੋਬਿੰਦ ਸਾਹਿਬ ਜੀ ਵਲੋਂ ਲੜੀਆਂ ਚੌਹਾਂ ਜੰਗਾਂ ਵਿੱਚ ਹੀ ਆਪਣੀ ਬਹਾਦਰੀ ਦੇ ਜੌਹਰ ਵਿਖਾਏ ਸਨ। ਇਸ ਅਮੀਰ ਪਰਿਵਾਰਕ ਵਿਰਸੇ ਦੇ ਮਾਲਕ ਸਨ ਭਾਈ ਸੰਗਤ ਸਿੰਘ ਜੀ।

ਜਦੋਂ ਭਾਈ ਮੱਖਣ ਸ਼ਾਹ ਲੁਬਾਣਾ ਨੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਨੂੰ ਬਾਬਾ ਬਕਾਲਾ ਵਿਖੇ ਲੱਭ ਲਿਆ ਤਾਂ ਸਭ ਤੋਂ ਪਹਿਲਾਂ ਭਾਈ ਰਣੀਆਂ ਜੀ ਗੁਰੂ ਦਰਸ਼ਣਾਂ ਵਾਸਤੇ ਬਾਬਾ ਬਕਾਲਾ ਵਿਖੇ ਪਹੁੰਚੇ। ਬਚਪਨ ਤੋਂ ਹੀ ਸੇਵਾ ਦੀ ਚੇਟਕ ਲੱਗਣ ਕਰਕੇ ਗੁਰੂ ਸੇਵਾ ਵਿੱਚ ਜੁਟ ਗਏ। ਗੁਰੂ ਸਾਹਿਬ ਦੇ ਹੁਕਮ ਅਨੁਸਾਰ ਭਾਈ ਰਣੀਆਂ ਜੀ ਨੂੰ ਕੁੱਝ ਦਿਨਾਂ ਵਾਸਤੇ ਉਨ੍ਹਾਂ ਦੇ ਪਿੰਡ ਜਾਣ ਲਈ ਕਹਿ ਦਿੱਤਾ ਗਿਆ ਅਤੇ ਫੇਰ ਮਾਖੋਵਾਲ ਵਿਖੇ ਇਕ ਹੋਰ ਨਵਾਂ ਨਗਰ ਵਸਾਉਣ ਦਾ ਦੱਸਕੇ ਉੱਥੇ ਪਹੁੰਚਣ ਲਈ। ਹਦਾਇਤ ਕੀਤੀ। ਗੁਰੂ ਪਿਆਰ 'ਚ ਰੰਗੇ ਇਹ ਭਾਈ ਰਣੀਆਂ ਜੀ ਹੀ ਭਾਈ ਸੰਗਤ ਸਿੰਘ ਦੇ ਪਿਤਾ ਜੀ ਸਨ।

ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਕਹਿਲੂਰ ਦੇ ਰਾਜੇ ਕੋਲੋਂ ਪਿੰਡ ਮਾਖੋਵਾਲ ਦੀ ਜ਼ਮੀਨ ਖਰੀਦ ਕੇ ਇੱਥੇ ਨਵਾਂ ਨਗਰ ਵਸਾਇਆ ਤਾਂ ਇਸ ਨਵੇਂ ਵਸਾਏ ਨਗਰ ਦਾ ਨਾਂ ਆਪਣੀ ਮਾਤਾ ਜੀ ਦੇ ਨਾਂ 'ਤੇ 'ਚੱਕ ਨਾਨਕੀ' ਰੱਖਿਆ ਜੋ ਬਾਅਦ ਵਿੱਚ ਆਨੰਦਪੁਰ ਸਾਹਿਬ ਬਣ ਗਿਆ। ਇਸ ਨਗਰ ਵਸਾਉਣ ਦੀ ਨੀਂਹ ਦਾ ਟੱਕ 19 ਜੂਨ 1665 ਨੂੰ ਬਾਬਾ ਬੁੱਢਾ ਜੀ ਦੇ ਪੋਤਰੇ ਬਾਬਾ ਗੁਰਦਿੱਤਾ ਜੀ ਨੇ ਲਾਇਆ ਸੀ। ਉਸ ਸਮੇਂ ਭਾਈ ਸੰਗਤ ਸਿੰਘ ਜੀ ਦੇ ਮਾਤਾ ਪਿਤਾ ਭਾਈ ਰਣੀਆਂ ਜੀ ਤੇ ਬੀਬੀ ਅਮਰੋ ਜੀ ਨੇ ਗੁਰੂ ਘਰ ਦੇ ਸੇਵਾਦਾਰ ਜਾਂ ਟਹਿਲੀਏ ਵਜੋਂ ਆਪਣਾ ਜੀਵਨ ਅਰਪਣ ਕੀਤਾ ਸੀ। ਇੱਥੋਂ ਹੀ ਸਿੱਖੀ ਦੇ ਪ੍ਰਚਾਰ ਲਈ ਗੁਰੂ ਤੇਗ ਬਹਾਦਰ ਚੱਲੇ ਸਨ। ਸੰਗਤਾਂ ਵਿੱਚ ਮਾਤਾ ਨਾਨਕੀ ਜੀ,



ਮਾਤਾ ਗੁਜਰੀ ਜੀ, ਮਾਮਾ ਕ੍ਰਿਪਾਲ ਚੰਦ ਅਤੇ ਹੋਰ ਕਈਆਂ ਦੇ ਨਾਲ ਬੀਬੀ ਅਮਰੋ ਜੀ ਤੇ ਭਾਈ ਰਣੀਆਂ ਜੀ ਵੀ ਨਾਲ ਗਏ ਸਨ। ਪ੍ਰਚਾਰ ਵਜੋਂ ਮਾਲਵੇ ਦੇ ਬਾਂਗਰ ਇਲਾਕੇ ਤੇ ਮਥਰਾ, ਕੁਰਕਸ਼ੇਤਰ, ਅਗਰਾ, ਕਾਨਪੁਰ, ਇਲਾਹਾਬਾਦ ਆਦਿਕ ਅਨੇਕਾਂ ਥਾਵਾਂ 'ਤੇ ਗੁਰੂ ਨਾਨਕ ਦੀ ਸਿੱਖੀ ਦਾ ਪ੍ਰਚਾਰ ਕਰਦੇ ਹੋਏ ਬਿਹਾਰ ਦੇ ਪਟਨਾ ਵਿਖੇ ਪਹੁੰਚੇ ਸਨ। ਸੰਗਤਾਂ ਨੂੰ ਮੁੱਖ ਤੌਰ ਤੇ ਬੀਬੀ ਅਮਰੋ ਜੀ ਅਤੇ ਭਾਈ ਰਣੀਆਂ ਜੀ ਨੂੰ ਆਪਣੇ ਪਰਿਵਾਰ ਦੀ ਦੇਖ ਭਾਲ ਦੀ ਜ਼ੁੰਮੇਵਾਰੀ ਸੌਂਪ ਕੇ ਨੌਵੇਂ ਗੁਰੂ ਸਿੱਖੀ ਦੇ ਪ੍ਰਚਾਰ ਖਾਤਰ ਅਸਾਮ ਅਤੇ ਢਾਕੇ ਵੱਲ ਗਏ ਸਨ। ਪਟਨਾ ਵਿਖੇ 22 ਦਸੰਬਰ 1666 ਨੂੰ ਬਾਲ ਗੋਬਿੰਦ ਰਾਏ ਦਾ ਜਨਮ ਹੋਇਆ ਸੀ। ਇਸ ਤੋਂ ਚਾਰ ਮਹੀਨੇ ਬਾਅਦ ਬੀਬੀ ਅਮਰੋ ਜੀ ਦੀ ਕੁੱਖੋਂ ਭਾਈ ਰਣੀਆਂ ਜੀ ਦੇ ਘਰ ਬੱਚੇ ਦਾ ਜਨਮ ਹੋਇਆ ਜਿਸ ਦਾ ਨਾਂ ਸੰਗਤਾ ਰੱਖਿਆ ਗਿਆ। ਬਾਲ ਸੰਗਤਾ ਦੀ ਸ਼ਕਲ ਬਾਲ ਗੋਬਿੰਦ ਰਾਏ ਨਾਲ ਬਹੁਤ ਹੀ ਮਿਲਦੀ ਸੀ। ਇਸ ਬਾਰੇ ਵੀ ਕਾਫੀ ਦੰਦ ਕਥਾਵਾਂ ਹਨ ਕਿ ਇਕ ਵਾਰ ਜਦੋਂ ਬਾਲ ਉਮਰੇ ਬਾਲ ਗੋਬਿੰਦ ਰਾਏ ਤੇ ਭਾਈ ਸੰਗਤਾ ਜੀ ਰਾਣੀ ਮੈਣੀ ਦੇ ਘਰ ਗਏ ਤਾਂ ਭੁਲੇਖਾ ਪਾਉਣ ਵਾਸਤੇ ਬਾਲ ਗੋਬਿੰਦ ਰਾਏ ਨੇ ਭਾਈ ਸੰਗਤੇ ਨੂੰ ਅੱਗੇ ਕਰ ਦਿੱਤਾ, ਇਸ ਤਰ੍ਹਾਂ ਰਾਣੀ ਪੂਰੀ ਪਹਿਚਾਣ ਤਾਂ ਨਾ ਕਰ ਸਕੀ ਪਰ ਦੋਵਾਂ ਨੂੰ ਪਿਆਰ ਦਿੰਦਿਆਂ ਕਹਿਣ ਲੱਗੀ ਕਿ 'ਤੁਸੀਂ ਦੋਵੇਂ ਹੀ ਮੇਰੇ ਪਿਆਰੇ ਪੁੱਤਰ ਹੋ'। ਦੋਹਾਂ ਦੀ ਸ਼ਕਲ ਬਹੁਤੀ ਮਿਲਦੀ ਹੋਣ ਕਰਕੇ ਅਜਿਹਾ ਵਾਪਰਨਾ ਦੱਸਿਆ ਗਿਆ ਹੈ।

ਦਸਵੇਂ ਗੁਰੂ ਸਾਹਿਬ ਤੇ ਭਾਈ ਸੰਗਤ ਸਿੰਘ ਦਾ ਬਚਪਨ ਇਕੱਠਾ ਹੀ ਬੀਤਿਆ। ਜਦੋਂ ਅਸੀਂ ਬਾਅਦ ਦੇ ਸਮੇਂ ਦੀਆਂ ਲੜਾਈਆਂ ਬਾਰੇ ਸੁਣਦੇ/ਪੜ੍ਹਦੇ ਹਾਂ ਤਾਂ ਇਹ ਵੀ ਦੇਖਦੇ ਹਾਂ ਕਿ ਇਹ ਕੁੱਝ ਤਾਂ ਬਹੁਤ ਪਹਿਲਾਂ ਤੋਂ ਹੀ ਸ਼ੁਰੂ ਹੋ ਗਿਆ ਸੀ। ਬਚਪਨ ਵਿੱਚ ਹੀ ਫਰਜ਼ੀ ਜੰਗ ਦੀ ਖੇਡ ਖੇਡਣ ਸਮੇਂ ਬਾਲ ਗੋਬਿੰਦ ਰਾਏ ਖੇਡਣ ਵਾਸਤੇ ਦੋ ਟੋਲੀਆਂ ਬਣਾਉਂਦੇ ਇਕ ਦੇ ਆਪ ਆਗੂ ਬਣਦੇ ਤੇ ਦੂਜੀ ਟੋਲੀ ਦੀ ਅਗਵਾਈ ਭਾਈ ਸੰਗਤਾ ਜੀ ਕਰਦੇ। ਇਸ ਤਰ੍ਹਾਂ ਇਹ ਅਭਿਆਸ ਬਚਪਨ ਤੋਂ ਹੀ ਸ਼ੁਰੂ ਹੋ ਗਿਆ ਸੀ। ਇਸ ਸਮੇਂ ਹੀ ਆਪਸੀ ਸਾਂਝ ਬਣੀ ਜੋ ਸਾਰੀ ਉਮਰ ਰਹੀ। ਭਾਈ ਸੰਗਤ ਸਿੰਘ ਜੀ ਗੁਰੂ ਦੇ ਵਿਸ਼ਵਾਸ ਪਾਤਰ ਰਹੇ। ਇਹ ਵੀ ਪੜ੍ਹਨ ਵਿੱਚ ਆਉਂਦਾ ਹੈ ਕਿ ਭਾਈ ਸੰਗਤ ਸਿੰਘ ਹੋਰਾਂ ਨੇ ਗੁਰੂ ਸਾਹਿਬ ਨਾਲ ਸ਼ਸਤਰ ਵਿੱਦਿਆ, ਤਲਵਾਰਬਾਜ਼ੀ, ਨੇਜਾਬਾਜ਼ੀ, ਘੋੜਸਵਾਰੀ ਆਦਿ ਵਿਚ ਵੀ ਨਿਪੁੰਨਤਾ ਪ੍ਰਾਪਤ ਕੀਤੀ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਕਿ ਗੁਰੂ ਸਾਹਿਬ ਕੋਲ ਆਮ ਲੋਕ ਆਪਣੀਆਂ ਸਮੱਸਿਆਵਾਂ ਲੈ ਕੇ ਵੀ ਆਉਂਦੇ ਸਨ। ਇਕ ਦਿਨ ਦਰਬਾਰ ਵਿੱਚ ਰੋਂਦਾ ਹੋਇਆ ਇਕ ਬ੍ਰਾਹਮਣ ਆਇਆ ਤੇ ਫਰਿਆਦ ਕੀਤੀ ਕਿ ਉਸ ਦੀ ਘਰ ਵਾਲੀ ਨੂੰ ਇਕ ਪਠਾਣ ਉਸਤੋਂ ਖੋਹ ਕੇ ਰੋਪੜ ਵਾਲੇ ਪਾਸੇ ਲੈ ਗਿਆ ਹੈ ਉਸ ਦੀ ਮੱਦਦ ਕੀਤੀ ਜਾਵੇ। ਉਹ ਗੁਰੂ ਦੇ ਦਰਬਾਰ ਵਿੱਚ ਇਹ ਹੀ ਆਸ ਲੈ ਕੇ ਆਇਆ ਹੈ। ਗੁਰੂ ਸਾਹਿਬ ਨੇ ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਸੰਗਤ ਸਿੰਘ ਨੂੰ ਤੁਰੰਤ ਕਾਰਵਾਈ ਕਰਨ ਲਈ ਕਿਹਾ। ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਸੰਗਤ ਸਿੰਘ ਜੀ ਘੋੜਿਆਂ ਤੇ ਅਸਵਾਰ ਹੋ ਕੇ ਪਠਾਣ ਦੀ ਪੈੜ ਨੱਪਦੇ ਹੋਏ ਉਸਦੇ ਮਗਰ ਹੋ ਤੁਰੇ, ਪਠਾਣ ਅਜੇ ਆਪਣੇ ਘਰ ਪਹੁੰਚਿਆ ਹੀ ਸੀ ਤੇ ਧੱਕੇ ਨਾਲ ਖੋਹ ਕੇ ਲਿਆਂਦੀ ਬ੍ਰਾਹਮਣੀ ਬੈਠੀ ਰੋ ਰਹੀ ਸੀ ਉਦੋਂ ਤੱਕ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਭਾਈ ਸੰਗਤ ਸਿੰਘ ਜੀ ਉੱਥੇ ਪਹੁੰਚ ਗਏ। ਪਹਿਲਾਂ ਤਾਂ ਪਠਾਣ ਦੀ ਚੰਗੀ ਸੁਧਾਈ ਕੀਤੀ ਗਈ ਜਦੋਂ ਭਾਈ ਸੰਗਤ ਸਿੰਘ ਉਸ ਪਾਪੀ 'ਤੇ ਤਲਵਾਰ ਦਾ ਵਾਰ ਕਰਨ ਲੱਗੇ ਤਾਂ ਪਠਾਣ ਦੇ ਘਰ ਵਾਲੀ ਦਾ ਤਰਲਾ ਮੰਨ ਕੇ ਉਸ ਨੂੰ ਮਾਫ ਕਰ ਦਿੱਤਾ ਗਿਆ। ਉਸ ਬੀਬੀ ਨੂੰ ਨਾਲ ਲਿਆ ਕੇ ਬ੍ਰਾਹਮਣ ਦੇ ਹਵਾਲੇ ਕਰ ਦਿੱਤਾ ਗਿਆ।

ਇਸੇ ਤਰ੍ਹਾਂ ਜਦੋਂ ਆਨੰਦਪੁਰ ਦੇ ਕਿਲਾ ਅਨੰਦਗੜ੍ਹ ਨੂੰ ਮੁਗਲ ਫੌਜਾਂ ਨੇ ਘੇਰਾ ਪਾਇਆ ਹੋਇਆ ਸੀ ਤੇ ਘੇਰਾ ਇੰਨਾ ਤੰਗ ਕਰ ਦਿੱਤਾ ਗਿਆ ਕਿ ਬਾਹਰੋਂ ਰਸਦ ਪਾਣੀ ਅੰਦਰ ਆਉਣਾ ਵੀ ਬਹੁਤ ਔਖਾ ਕਰ ਦਿੱਤਾ ਗਿਆ। ਮੁਗਲ ਕਈ ਵਾਰ ਰਾਤ ਵੇਲੇ ਹਮਲਾ ਕਰਕੇ ਰਸਦ ਲੁੱਟ ਵੀ ਲੈਂਦੇ। ਹਾਲਤ ਇਥੋਂ ਤੱਕ ਮਾੜੇ ਹੋ ਗਏ ਸਨ ਕਿ ਕਈ ਵਾਰ ਪਾਣੀ ਲੈਣ ਗਏ ਚਾਰ ਵਿੱਚੋਂ ਦੋ ਹੀ ਵਾਪਸ ਮੁੜਦੇ ਸਨ। ਉਸ ਵੇਲੇ ਕਿਲੇ ਦੀ ਰਾਖੀ ਵਾਸਤੇ ਉਡਣ ਦਸਤੇ ਬਣਾਏ ਗਏ। ਇਕ ਦਸਤੇ ਦੀ ਅਗਵਾਈ ਭਾਈ ਸੰਗਤ ਸਿੰਘ ਨੂੰ ਸੌਂਪੀ ਗਈ। ਇਸ ਤਰ੍ਹਾਂ ਦੀ ਜ਼ੁੰਮੇਵਾਰੀ ਪਰਖੇ ਹੋਏ ਵਿਅਕਤੀਆਂ ਨੂੰ ਹੀ ਸੌਂਪੀ ਜਾਂਦੀ ਸੀ।

1699 ਦੀ ਵਿਸਾਖੀ ਨੂੰ ਜਦੋਂ ਦਸਵੇਂ ਗੁਰੂ ਸ੍ਰੀ ਗੁਰੂ ਗੋਬੰਦ ਸਿੰਘ ਜੀ ਨੇ ਖਾਲਸੇ ਦੀ ਸਾਜਣਾ ਕੀਤੀ ਤਾਂ ਇਸ ਦਿਨ ਹੀ ਦਸਵੇਂ ਗੁਰੂ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣੇ ਅਤੇ ਸੰਗਤਾ ਵੀ ਅਮ੍ਰਿਤਪਾਨ ਕਰਕੇ ਭਾਈ ਸੰਗਤ ਸਿੰਘ ਬਣੇ। ਭਾਈ ਸੰਗਤ ਸਿੰਘ ਦੇ ਨਾਲ ਹੋਰ ਅਮ੍ਰਿਤ ਛਕਣ ਵਾਲੇ ਉਨ੍ਹਾਂ ਦੇ ਮਾਤਾ ਪਿਤਾ ਅਤੇ ਚਾਚਾ ਭਾਈ ਜੋਧਾ ਜੀ, ਸਾਥੀ ਭਾਈ ਮਦਨ ਸਿੰਘ, ਭਾਈ ਕਾਠਾ ਤੇ ਭਾਈ ਰਾਮ ਸਿੰਘ ਸਨ। ਇਸ ਤੋਂ ਬਾਅਦ ਗੁਰੂ ਜੀ ਦੇ ਹੁਕਮ ਅਨੁਸਾਰ ਭਾਈ ਸੰਗਤ ਸਿੰਘ ਜੀ ਮਾਲਵੇ ਖੇਤਰ ਦੇ ਪਿੰਡਾਂ ਵਿੱਚ ਸਿੱਖੀ ਦੇ ਪ੍ਰਚਾਰ ਹਿੱਤ ਗਏ ਤੇ ਲੋਕਾਂ ਨੂੰ ਸਿੱਖੀ ਨਾਲ ਜੋੜਿਆ।

20 ਦਸੰਬਰ 1704 ਨੂੰ ਰਾਤ ਦੇ ਪਹਿਲੇ ਪਹਿਰ ਸਿੱਖਾਂ ਨੇ ਮਾਤਾ ਗੁਜਰੀ ਜੀ ਰਾਹੀਂ ਜੋਰ ਪਵਾ ਕੇ ਦਸ਼ਮੇਸ਼ ਪਿਤਾ ਨੂੰ ਆਨੰਦਪੁਰ ਛੱਡਣ ਵਾਸਤੇ ਰਾਜ਼ੀ ਕਰ ਲਿਆ। ਅੱਗੋਂ ਸਰਸਾ ਦੀ ਨਦੀ ਠਾਠਾਂ ਮਾਰ ਰਹੀ ਹੈ। ਵੈਰੀ ਕੁਰਾਨ ਦੀਆਂ ਕਸਮਾਂ ਤੋੜ ਕੇ ਹਮਲਾਵਰ ਹੋ ਕੇ ਆ ਪਏ। ਇੱਥੇ ਭਿਆਨਕ ਜੰਗ ਹੋਈ ਬਹੁਤ ਸਾਰੇ ਸਿੰਘ ਸ਼ਹੀਦੀਆਂ ਪਾ ਗਏ। ਪਰਿਵਾਰ ਦੇ ਵਿਛੋੜੇ ਪੈ ਗਏ। ਗੁਰੂ ਸਾਹਿਬ ਨੇ ਚਾਲੀ ਸਿੰਘਾਂ ਨਾਲ ਚਮਕੌਰ ਸਾਹਿਬ ਜਾਣ ਦਾ ਫੈਸਲਾ ਕਰ ਲਿਆ। 21 ਦਸੰਦਰ ਦੀ ਰਾਤ ਨੂੰ ਜਦੋਂ ਗੁਰੂ ਸਾਹਿਬ ਚਮਕੌਰ ਪਹੁੰਚੇ ਤਾਂ ਮੁਗਲਾਂ ਨੂੰ ਖਬਰ ਹੋ ਗਈ ਸੀ। ਇਸ ਕਰਕੇ ਛੇਤੀ ਹੀ ਨਾਹਰ ਖਾਂ ਤੇ ਖੁਆਜਾ ਜਫ਼ਰ ਬੇਗ ਦੀ ਅਗਵਾਈ ਵਿੱਚ ਭਾਰੀ ਗਿਣਤੀ ਵਿੱਚ ਮੁਗਲ ਫੌਜ ਪਹੁੰਚ ਗਈ। ਚਾਪਰੇ ਹੋਏ ਨਾਹਰ ਖਾਂ ਨੇ ਮੁੜ ਮੁੜ ਹਮਲੇ ਕੀਤੇ। ਪਰ ਆਖਰ ਗੁਰੂ ਸਾਹਿਬ ਦੇ ਇਕ ਤੀਰ ਨਾਲ ਉਹ ਮਾਰਿਆ ਗਿਆ ਤੇ ਜਫਰ ਬੇਗ ਲੁਕ-ਲੁਕਾ ਕੇ ਆਪਣੀ ਜਾਨ ਬਚਾ ਗਿਆ। ਇਸ ਭਾਰੀ ਫੌਜ ਤੇ ਦੂਜੇ ਪਾਸੇ 40 ਸਿੰਘਾਂ ਦੇ ਹਵਾਲੇ ਨਾਲ ਜਫ਼ਰਨਾਮਾ ਦੇ ਬੰਦ 41 ਵਿੱਚ ਲਿਖਿਆ ਮਿਲਦਾ ਹੈ :

ਹਮ ਆਖਿਰ ਚਿ ਮਰਦੀਕੁਨਦ ਕਾਰਜ਼ਾਰ
ਕਿ ਬਰ ਚਿਹਲ ਤਨ ਆਯਦਸ਼ ਬੇਸ਼ੁਮਾਰ

ਆਖਰ ਜੰਗ ਵਿੱਚ ਮਰਦਾਨਗੀ ਵੀ ਕੀ ਕਰ ਸਕਦੀ ਹੈ ਜੇ ਚਾਲੀ ਆਦਮੀਆਂ ਉੱਤੇ ਬੇਸ਼ੁਮਾਰ ਫੌਜ ਟੁੱਟ ਪਈ ਹੋਵੇ।

ਇਥੇ ਹੋਈ ਜੰਗ ਵਿੱਚ ਪਹਿਲਾਂ ਵੱਡੇ ਸਾਹਿਬਜਾਦਿਆਂ ਦੀਆਂ ਸ਼ਹੀਦੀਆਂ ਹੋਈਆਂ । ਇਸ ਬਾਰੇ ਮਿਰਜ਼ਾ ਅਬਦੁੱਲ ਗਨੀ ਖਾਨ ਗੁਰੂ ਸਾਹਿਬ ਵਲੋਂ ਲਿਖਦਾ ਹੈ ਕਿ :

ਬੇਟੋਂ ਕੇ ਕਤਲ ਹੋਨੇ ਕੀ ਪਹੁੰਚੀ ਯੂੰਹੀ ਖਬਰ
ਸ਼ੁਕਰੇ ਅੱਲਾ ਕੀਆ ਉਠਾ ਕੇ ਸਰ
ਮੁਝ ਪਰ ਸੇ ਆਜ ਤੇਰੀ ਅਮਾਨਤ ਅਦਾ ਹੂਈ
ਬੇਟੋਂ ਕੀ ਜਾਂ, ਧਰਮ ਕੀ ਖਾਤਿਰ ਅਦਾ ਹੂਈ

ਇਸੇ ਤਰ੍ਹਾਂ ਜੇ ਅੱਲਾ ਯਾਰ ਖਾਂ ਜੋਗੀ ਦਾ ਲਿਖਿਆ ਪੜ੍ਹੀਏ ਤਾਂ ਉਹ ਲਿਖਦਾ ਹੈ :

ਜਿਸ ਖਿੱਤੇ ਮੇਂ ਹਮ ਕਹਿਤੇ ਥੇ ਅੱਲਾ ਯਹ ਵੋਹੀ ਹੈ
ਕੁੱਲ ਲੁਟਾ ਕੇ ਜਿਸ ਜਗਾ ਸੇ ਜਾਨਾ ਯਹ ਵੋਹੀ ਹੈ
ਜਿਸ ਜਗਾ ਪੇ ਹੈ ਬੱਚੋਂ ਕੋ ਕਟਾਨਾ ਯਹ ਵੋਹੀ ਹੈ
ਮੱਟੀ ਕਹਿ ਦੇਤੀ ਹੈ ਕਿ ਠਿਕਾਨਾ ਯਹ ਵੋਹੀ ਹੈ।

ਇਸ ਸਥਿਤੀ ਵਿੱਚ ਸ਼ਹੀਦ ਪਿਉ ਦਾ ਪੁੱਤਰ ਤੇ ਸ਼ਹੀਦ ਪੁੱਤਰਾਂ ਦਾ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਆਪਣੇ ਆਪ ਨੂੰ ਕੱਲ੍ਹ ਜੰਗ ਵਿੱਚ ਸ਼ਹੀਦ ਹੋਣ ਵਾਸਤੇ ਤਿਆਰ ਕਰ ਰਹੇ ਹਨ। ਇਸੇ ਨੂੰ ਦੇਖਕੇ ਉੱਥੇ ਬਚਦੇ ਸਿੰਘਾਂ ਨੇ ਸੋਚਿਆ ਕਿ ਇਸ ਸਮੇਂ ਪੰਥ ਨੂੰ ਗੁਰੂ ਸਾਹਿਬ ਦੀ ਲੋੜ ਹੈ। 1699 ਦੀ ਵਿਸਾਖੀ ਸਮੇਂ ਖਾਲਸਾ ਪੰਥ ਦੀ ਸਾਜਣਾ ਵੇਲੇ ਖਾਲਸੇ ਨੂੰ ਬਖਸ਼ੀ ਵਡਿਆਈ ਅਧੀਨ ਆਪੇ ਗੁਰ ਚੇਲਾ ਬਣਨ ਵਾਲੇ ਗੁਰੂ ਸਾਹਿਬ ਨੂੰ ਕਿਹਾ ਗਿਆ ਕਿ ਉਹ ਚਮਕੌਰ ਦੀ ਗੜ੍ਹੀ ਛੱਡ ਜਾਣ। ਇਹ ਬਹੁਤ ਜੋਖ਼ਮ ਭਰਿਆ ਕੰਮ ਸੀ, ਗੁਰੂ ਸਾਹਿਬ ਨੇ ਖਾਲਸੇ ਦੇ ਹੁਕਮ ਅੱਗੇ ਸੀਸ ਨਿਵਾਇਆ ਤੇ ਹੁਕਮ ਮੰਨਿਆਂ। ਫੇਰ ਗੁਰੂ ਸਾਹਿਬ ਨੇ ਆਪਣੇ ਬਚਪਨ ਦੇ ਬੇਲੀ, ਜੋ ਉਨ੍ਹਾਂ ਦੇ ਹਮਸ਼ਕਲ ਤੇ ਹਮ ਉਮਰ ਵੀ ਸਨ ਜੋ ਹਰ ਵਕਤ ਨਿਮਾਣੇ ਸਿੱਖ ਵਜੋਂ ਵਿਚਰਦੇ ਸਨ ਤੇ ਗੁਰੂ ਸਾਹਿਬ ਦੀਆਂ ਨਜ਼ਰਾਂ ਵਿੱਚ ਜੰਗਜੂ ਸਿਪਾਹੀ ਵੀ ਸਨ। ਜੋ ਗੁਰੂ ਸਾਹਿਬ ਵਲੋਂ ਹਰ ਇਮਤਿਹਾਨ ਵਿੱਚ ਪੂਰੇ ਉਤਰਦੇ ਰਹੇ ਸਨ ਨੂੰ ਆਪਣੇ ਪਿਆਰੇ ਸਿੱਖ ਦਾ ਮਾਣ ਦਿੰਦੇ ਹੋਏ ਆਪਣੀ ਛਾਤੀ ਨਾਲ ਲਾਇਆ ਤੇ ਆਪਣੀ ਹੀਰਿਆਂ ਜੜੀ ਕਲਗੀ (ਜਿਸ ਨੂੰ ਜਿਗਾ ਕਲਗੀ ਵੀ ਲਿਖਿਆ ਤੇ ਕਿਹਾ ਜਾਂਦਾ ਹੈ) ਭਾਈ ਸੰਗਤ ਸਿੰਘ ਦੇ ਸਿਰ ਤੇ ਸਜਾਈ ਅਤੇ ਆਪਣੇ ਸ਼ਸਤਰ- ਬਸਤਰ ਉਨ੍ਹਾਂ ਨੂੰ ਬਖਸ਼ਿਸ਼ ਕੀਤੇ ਅਤੇ ਤਕੜੇ ਰਹਿਣ ਦੀ ਥਾਪਣਾ ਦਿੰਦੇ ਹੋਏ ਕਿਹਾ ਕਿ ਭਾਈ ਸੰਗਤ ਸਿੰਘ ਤੁਸੀਂ ਮੇਰੇ ਮਗਰੋਂ ਮੇਰੀ ਪੌਸ਼ਾਕ ਵਿੱਚ, ਕਲਗੀ ਸਣੇ ਮੇਰੇ ਮੋਰਚੇ ਵਾਲੇ ਆਸਣ ਤੇ ਬੈਠਣਾ ਹੈ ਅਤੇ ਦਿਨ ਚੜ੍ਹਨ 'ਤੇ ਜਦੋਂ ਮੁਗਲ ਫੌਜੀ ਗੜ੍ਹੀ ਉੱਤੇ ਹਮਲਾ ਕਰਨ ਤਾਂ ਵੈਰੀ ਦਾ ਡਟ ਕੇ ਮੁਕਾਬਲਾ ਕਰਨਾ ਹੈ। ਜੀਊਂਦੇ ਜੀਅ ਵੈਰੀ ਦੇ ਹੱਥ ਨਹੀਂ ਲੱਗਣਾਂ ਤੇ ਮੈਦਾਨ-ਏ-ਜੰਗ ਵਿੱਚ ਵੈਰੀ ਨਾਲ ਜੂਝਦਿਆਂ ਹੋਇਆਂ ਸ਼ਹਾਦਤ ਪ੍ਰਾਪਤ ਕਰਨੀ ਹੈ। ਇਸ ਸਬੰਧੀ ਗੁਰਬਿਲਾਸ ਪਾਤਸ਼ਾਹੀ ਦਸਵੀ ਵਿੱਚ ਭਾਈ ਕੋਇਰ ਸਿੰਘ ਲਿਖਦੇ ਹਨ:

ਜੋਤਿ ਦਈ ਤਿਹ ਕੋ ਅਪਨੀ ਪੁਨਿ ਕਲਗੀ ਔ ਜਿਗਾ ਸੁਖਦਾਨੀ
ਸੰਗਤ ਸਿੰਘ ਹੈ ਨਾਮ ਜਿਸੈ ਕਛੁ ਤਾ ਬਪੁ ਹੈ ਕਰਿ ਸ੍ਰੀ ਗੁਰਸਾਨੀ

ਜੰਗ ਸਬੰਧੀ ਗੁਰੂ ਸਾਹਿਬ ਦੇ ਵਿਚਾਰ ਜ਼ਫ਼ਰਨਾਮੇ ਦੇ ਬੰਦ 22 ਵਿੱਚ ਇਸ ਤਰ੍ਹਾਂ ਦਰਜ ਹਨ :

ਚੂੰ ਕਰ ਅਜ਼ ਹਮਹ ਹੀਲਤੇ ਦਰ ਗੁਜਸ਼ਤ
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ

ਜਦੋਂ ਕਿਸੇ ਕੰਮ ਲਈ ਸਾਰੇ ਉਪਾਅ ਖਤਮ ਹੋ ਜਾਣ ਤਦ ਤਲਵਾਰ ਨੂੰ ਹੱਥ ਵਿੱਚ ਧਾਰਨ ਕਰਨਾ ਜਾਇਜ਼ ਹੈ।

ਕਈ ਵਾਰ ਇਤਿਹਾਸ ਨੂੰ ਠੀਕ ਢੰਗ ਨਾਲ ਨਾ ਲਿਖਣ ਵਾਲੇ ਕੁੱਝ ਗੱਲਾਂ ਗਲਤ ਲਿਖ ਜਾਂਦੇ ਹਨ ਜਿਨ੍ਹਾਂ ਦੀ ਸੁਧਾਈ ਕਰਦਿਆਂ ਵਕਤ ਲੱਗ ਜਾਂਦਾ ਹੈ। ਇਸੇ ਤਰ੍ਹਾਂ ਦੀ ਇਕ ਉਕਾਈ ਕਈ ਵਾਰ ਕੀਤੀ ਜਾਂਦੀ ਹੈ ਉਹ ਹੈ ਕਿ ਜਦੋਂ ਗੁਰੂ ਸਾਹਿਬ ਚਮਕੌਰ ਦੀ ਗੜ੍ਹੀ ਨੂੰ ਛੱਡਦੇ ਹਨ ਤਾਂ ਉਹ ਕਲਗੀ ਕਿਸ ਨੂੰ ਪਹਿਨਾਉਂਦੇ ਹਨ। ਇਸ ਬਾਰੇ ਸਾਫ ਕਹਿਣਾ ਬਣਦਾ ਹੈ ਕਿ ਉਹ ਸੂਰਮਾ, ਯੋਧਾ ਤੇ ਗੁਰੂ ਘਰ ਦਾ ਅਨਿਨ ਵਿਸ਼ਵਾਸ ਪਾਤਰ ਭਾਈ ਸੰਗਤ ਸਿੰਘ ਹੀ ਸਨ ਜਿਨ੍ਹਾਂ ਨੂੰ ਗੁਰੂ ਸਾਹਿਬ ਨੇ ਇਸ ਯੋਗ ਸਮਝਿਆ। ਇਹ ਸੂਰਮਾਂ ਭਾਈ ਸੰਗਤ ਸਿੰਘ ਹੀ ਸੀ ਜਿਨ੍ਹਾਂ ਗੁਰੂ ਦੇ ਥਾਂ ਸੱਚ ਦੀ ਜਿੱਤ ਵਾਸਤੇ ਆਪ ਆਪਣਾ ਸੀਸ ਵਾਰਿਆ। ਇੱਥੇ ਇਕ ਗੱਲ ਕਹਿਣੀ ਹੋਰ ਬਣਦੀ ਹੈ ਕਿ 1699 ਦੀ ਵਿਸਾਖੀ ਨੂੰ ਆਨੰਦਪੁਰ ਸਾਹਿਬ ਵਿਖੇ ਖਾਲਸਾ ਦੀ ਸਾਜਣਾ ਸਮੇਂ ਗੁਰੂ ਸਾਹਿਬ ਨੇ ਵਾਰੋ ਵਾਰੀ ਪੰਜ ਸਿਰ ਮੰਗੇ ਸਨ ਉਸ ਵੇਲੇ ਕਿਸੇ ਨੂੰ ਨਹੀਂ ਸੀ ਪਤਾ ਕਿ ਅੱਗੇ ਕੀ ਵਾਪਰਨ ਵਾਲਾ ਹੈ, ਪਰ ਜਦੋਂ ਗੁਰੂ ਸਾਹਿਬ ਨੂੰ ਖਾਲਸੇ ਨੇ ਪੰਥ ਦੀ ਅਗਵਾਈ ਕਰਦੇ ਰਹਿਣ ਵਾਸਤੇ ਚਮਕੌਰ ਦੀ ਕੱਚੀ ਗੜ੍ਹੀ ਵਿੱਚੋਂ ਚਲੇ ਜਾਣ ਵਾਸਤੇ ਕਿਹਾ ਤਾਂ ਇਹ ਪੱਕਾ ਸੀ ਕਿ ਜੋ ਵੀ ਇੱਥੇ ਹਨ ਉਨ੍ਹਾਂ ਦੀ ਸ਼ਹਾਦਤ ਲਾਜ਼ਮੀ ਹੈ ਗੁਰੂ ਸਾਹਿਬ ਭਾਈ ਸੰਗਤ ਸਿੰਘ ਨੂੰ ਜਿਗਾ ਕਲਗੀ ਤੇ ਆਪਣੇ ਵਸਤਰ ਪਹਿਨਾਉਂਦਿਆ ਆਪਣਾ ਕਿਹਾ ਹੀ ਸੱਚ ਕਰ ਰਹੇ ਸਨ ਕਿ:

ਖਾਲਸਾ ਮੇਰੋ ਰੂਪ ਹੈ ਖਾਸ ਖਾਲਸਾ ਮੇਂ ਹੀ ਕਰੋਂ ਨਿਵਾਸ

ਜਦੋਂ ਗੁਰੂ ਸਾਹਿਬ ਦੋ ਸਿੰਘਾਂ ਸਮੇਤ ਰਾਤ ਦੇ ਹਨੇਰੇ ਵਿੱਚ ਚਮਕੌਰ ਦੀ ਗੜ੍ਹੀ ਨੂੰ ਛੱਡਕੇ ਗਏ ਤਾਂ ਕਿਹਾ ਜਾਂਦਾ ਹੈ ਕਿ ਭਾਈ ਕੀਤਾ ਸਿੰਘ ਤੇ ਭਾਈ ਸੰਗਤ ਸਿੰਘ ਨੇ ਨਗਾਰਾ ਵੀ ਬਜਾਇਆ। ਮੁਗਲਾਂ ਦੀ ਫੌਜ ਵਿੱਚ ਇਸ ਗੱਲ ਦੀ ਚਰਚਾ ਹੋਣ ਲੱਗੀ ਕਿ ਕੋਈ ਗੜ੍ਹੀ ਵਿਚੋਂ ਗਿਆ ਹੈ ਇਸ ਕਰਕੇ ਰਾਤ ਦੇ ਹਨੇਰੇ ਵਿੱਚ ਉਨ੍ਹਾਂ ਪੈੜ ਨੱਪਣ ਦਾ ਜਤਨ ਕੀਤਾ ਪਰ ਸਫਲ ਨਾ ਹੋ ਸਕੇ। ਵਜ਼ੀਰ ਖਾਨ ਨੇ ਇਹ ਸੁਣਕੇ ਆਪਣੇ ਸੈਨਿਕਾਂ ਨੂੰ ਘੂਰਨਾ ਸ਼ੁਰੂ ਕਰ ਦਿੱਤਾ। ਪਰ ਜਦੋਂ ਸਵੇਰ ਦੇ ਸੂਰਜ ਦੀਆਂ ਕਿਰਨਾਂ ਨਿਕਲੀਆਂ ਤਾਂ ਮੁਗਲਾਂ ਨੇ ਉੱਚੀ ਮਮਟੀ (ਗੁੰਬਦ) ਉੱਤੇ ਬੈਠੇ ਗੁਰੂ ਸਾਹਿਬ ਨੂੰ ਦੇਖਿਆ। ਜਦੋਂ ਵਜ਼ੀਰ ਖਾਨ ਨੂੰ ਦੱਸਿਆ ਗਿਆ ਤਾਂ ਉਸ ਨੇ ਆਪ ਦੇਖਿਆ ਕਿ ਕਲਗੀ ਵੀ ਉਹੀ ਤੇ ਪੌਸ਼ਾਕ ਵੀ ਉਹੀ। ਦਰਅਸਲ ਗੁਰੂ ਸਾਹਿਬ ਵਲੋਂ ਬਖਸ਼ੇ ਬਸਤਰ ਅਤੇ ਕਲਗੀ ਸਜਾਈ ਬੈਠਾਂ ਇਹ ਨਿਰਭੈ ਯੋਧਾ ਭਾਈ ਸੰਗਤ ਸਿੰਘ ਸੀ। ਇਹ ਸ਼ਹਾਦਤ ਤੋਂ ਕੁੱਝ ਘੜੀਆਂ ਪਹਿਲਾਂ ਦਾ ਚਮਕਾਰਾ ਸੀ।

ਇਸ ਬਾਰੇ ਇਤਿਹਾਸ ਲਿਖਣ ਵਾਲੇ ਜਾਤ ਅਭਿਮਾਨੀਆਂ ਨੇ ਕਈ ਥਾਵੀਂ ਗਲਤ ਬਿਆਨੀ ਵੀ ਕੀਤੀ ਤੇ ਜਿਗਾ ਕਲਗੀ ਸਬੰਧੀ ਭੁਲੇਖੇ ਪਾਉਣ ਦਾ ਜਤਨ ਕੀਤਾ ਉਸ ਗਲਤ ਬਿਆਨੀ ਬਾਰੇ ਹੇਠ ਲਿਖਿਆ ਜਰੂਰ ਪੜ੍ਹ ਲੈਣਾ ਚਾਹੀਦਾ ਹੈ। ਇਸ ਸਬੰਧੀ ਹੋਰ ਕਾਫੀ ਸਾਰੇ ਸਬੂਤ ਹਨ ਕਿ ਗੁਰੂ ਸਾਹਿਬ ਵਲੋਂ ਕਲਗੀ ਤੇ ਸ਼ਸਤਰ-ਬਸਤਰ ਸਭ ਹੀ ਕਿਸੇ ਹੋਰ ਨੂੰ ਨਹੀਂ ਸਗੋਂ ਭਾਈ ਸੰਗਤ ਸਿੰਘ ਨੂੰ ਦਿੱਤੇ ਅਤੇ ਪਹਿਨਾਏ ਗਏ :

ਭਾਈ ਕਾਹਨ ਸਿੰਘ ਨਾਭਾ ਭਾਈ ਸੁੱਖਾ ਸਿੰਘ ਦੇ ਹਵਾਲੇ ਨਾਲ ਮਹਾਨ ਕੋਸ਼ ਵਿੱਚ ਲਿਖਦੇ ਹਨ ਕਿ 'ਚਮਕੌਰ ਦੇ ਮਕਾਮ 'ਤੇ ਦਸ਼ਮੇਸ਼ ਜੀ ਨੇ ਖਾਲਸੇ ਨੂੰ ਗੁਰਤਾ ਦੇਣ ਵੇਲੇ ਭਾਈ ਸੰਗਤ ਸਿੰਘ ਬੰਗਸੀ ਨੂੰ ਜਿਗਾ ਕਲਗੀ ਬਖਸ਼ੀ।'

ਭਾਈ ਤੇਜਾ ਸਿੰਘ ਸੋਢੀ 'ਤਵਾਰੀਖ ਗੁਰੂ ਖਾਲਸਾ'

(ਬਾਕੀ ਸਫਾ 18 'ਤੇ)

# ਦੇਸ਼ ਦੇ ਚੋਣ ਕਮਿਸ਼ਨ 'ਤੇ ਉੱਠਦੇ ਸਵਾਲ

**ਦੇਸ਼ ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਹੈ, ਜਿਸਦੀਆਂ ਬੁਨਿਆਦੀ ਭਾਵਨਾਵਾਂ ਤੋੜੀਆਂ ਮਰੋੜੀਆਂ, ਮਿੱਧੀਆਂ ਜਾ ਰਹੀਆਂ ਹਨ। ਸਾਡੇ ਨੇਤਾ ਤੱਥਾਂ ਨੂੰ ਛਿੱਕੇ ਟੰਗਕੇ, ਬੁਨਿਆਦੀ ਸ਼ਿਸ਼ਟਤਾ ਦਾ ਉਲੰਘਣਾ ਕਰਕੇ ਚੋਣਾਂ 'ਚ ਵੱਡੇ ਵੱਡੇ ਭਾਸ਼ਨ ਦੇਂਦੇ ਹਨ। ਟੋਟਕੇ ਘੜਦੇ ਹਨ। ਦੂਜੇ ਨੇਤਾਵਾਂ ਨੂੰ ਠਿੱਠ ਕਰਦੇ ਹਨ। ਉੱਚੀ-ਉੱਚੀ, ਚੀਕ-ਚੀਕ ਬੋਲਕੇ ਹਮਲਾਵਰ ਰੁੱਖ ਵਾਲੇ ਤਰਕ ਰਹਿਤ ਭਾਸ਼ਨ ਦਿੰਦੇ ਹਨ। ਨੇਤਾ ਲੋਕ ਭਾਸ਼ਨਾਂ ਵਿੱਚ ਇਤਨਾ ਝੂਠ ਬੋਲਦੇ ਹਨ ਕਿ ਝੂਠ ਹੀ ਸੱਚ ਲੱਗਣ ਲੱਗ ਪੈਂਦਾ ਹੈ। ਇਹ ਨੇਤਾ ਸ਼ਾਇਦ ਭੁੱਲ ਹੀ ਗਏ ਹਨ ਕਿ ਲੋਕਤੰਤਰ ਮਨੁੱਖ ਨੂੰ ਬਿਹਤਰ ਬਨਾਉਣ ਵਾਲੀ ਵਿਵਸਥਾ ਹੈ। ਭਾਰਤੀ ਲੋਕਤੰਤਰ ਨੂੰ ਪੈਰ ਹੇਠ ਮਧੋਲਣ ਵਾਲੇ ਇਹ ਨੇਤਾ ਪ੍ਰਸਿੱਧ ਅਮਰੀਕੀ ਵਿਚਾਰਕ ਟਾਮਸ ਮਾਨ ਦੇ ਸ਼ਬਦਾਂ ਨੂੰ ਮਨੋਂ ਵਿਸਾਰ ਹੀ ਚੁੱਕੇ ਹਨ, ਜਿਹੜਾ ਕਹਿੰਦਾ ਹੈ, " ਸਿਰਫ਼ ਫਾਸ਼ਿਸ਼ਟ ਨਹੀਂ ਬਲਕਿ ਝੂਠ ਫੈਲਾਉਣ ਵਾਲੇ ਅਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਆਪਣੇ ਹਿੱਤ ਵਿੱਚ ਵਰਤਣ ਵਾਲੇ ਵੀ ਲੋਕਤੰਤਰ ਦੇ ਦੁਸ਼ਮਣ ਹਨ"। ਕੀ ਲੋਕਤੰਤਰ ਦੇ ਇਹੋ ਜਿਹੇ ਦੁਸ਼ਮਣਾਂ ਦਾ ਦੁੰਮ ਛੱਲਾ ਬਣਕੇ ਸਾਡੇ ਦੇਸ਼ ਦਾ ਚੋਣ ਕਮਿਸ਼ਨ ਕਿਸ ਕਿਸਮ ਦੀ ਨਿਰਪੱਖਤਾ ਦਾ ਸਬੂਤ ਦੇ ਰਿਹਾ ਹੈ? ਜਾਤਾਂ, ਧਰਮਾਂ ਵਿੱਚ ਮਤਭੇਦਾਂ ਨੂੰ ਵਧਾਉਣ ਵਾਲੇ ਸਿਆਸੀ ਨੇਤਾਵਾਂ ਦੇ ਭਾਸ਼ਨਾਂ ਪ੍ਰਤੀ ਉਸਦੀ ਚੁੱਪੀ ਕਈ ਸਵਾਲ ਖੜੇ ਕਰਦੀ ਹੈ।**



**ਗੁਰਮੀਤ ਸਿੰਘ ਪਲਾਹੀ**
**91-98158-02070**

ਅੱਜ ਕੱਲ ਜਿਵੇਂ ਦੇਸ਼ ਦੇ ਉੱਚ ਸਿਆਸੀ ਨੇਤਾਵਾਂ ਵੱਲੋਂ ਚੋਣ ਪ੍ਰਚਾਰ ਸਮੇਂ ਦਿੱਤੇ ਭਾਸ਼ਨਾਂ ਸਬੰਧੀ ਸਵਾਲ ਉਠ ਰਹੇ ਹਨ, ਜਿਹੜੇ ਸਥਾਨਕ, ਰਾਸ਼ਟਰੀ ਮੁੱਦਿਆਂ, ਅਤੇ ਲੋਕ ਸਮੱਸਿਆਵਾਂ ਨੂੰ ਛੱਡਕੇ ਨਿੱਜੀ ਵਿਰੋਧ ਅਤੇ ਰੂੜੀਵਾਦੀ ਸੰਪਰਦਾਇਕ ਰਾਜਨੀਤੀ ਕਰਦਿਆਂ ਵੋਟਾਂ ਮੰਗਦੇ ਨਜ਼ਰ ਆਏ, ਉਵੇਂ ਹੀ ਦੇਸ਼ ਦੇ ਚੋਣ ਕਮਿਸ਼ਨ ਦੀ ਨਿਰਪੱਖਤਾ ਸਬੰਧੀ ਵੱਡੇ ਸਵਾਲ ਸੁਣਨ-ਵੇਖਣ ਨੂੰ ਮਿਲੇ! ਸਵਾਲ ਉਠਿਆ ਚੋਣ ਕਮਿਸ਼ਨ ਉਤੇ ਕਿ ਦੇਸ਼ ਦੀਆਂ ਦੋ ਵਿਧਾਨ ਸਭਾਵਾਂ ਦੀਆਂ ਚੋਣਾਂ ਦੀ ਤਾਰੀਖ ਮਿਥੀ ਜਾਣੀ ਸੀ, ਜਿਥੇ ਇੱਕ ਵਿੱਚ ਕੇਂਦਰ ਉਤੇ ਕਾਬਜ਼ ਸਰਕਾਰ ਦੇ ਵਿਰੋਧੀ ਸਰਕਾਰ ਸੀ ਤੇ ਦੂਜੇ ਜਿਥੇ ਸਰਕਾਰ ਹਿਮਾਇਤੀ ਸੂਬਾ ਸਰਕਾਰ ਸੀ। ਕੇਂਦਰ ਸਰਕਾਰ ਵਿਰੋਧੀ ਹਿਮਾਚਲ ਪ੍ਰਦੇਸ਼ ਸੂਬੇ 'ਚ ਚੋਣ ਦੀ ਤਾਰੀਖ ਮਿੱਥ ਦਿੱਤੀ ਗਈ, ਸਰਕਾਰ ਹਿਮਾਇਤੀ ਸੂਬੇ ਗੁਜਰਾਤ ਵਿੱਚ ਚੋਣ ਦੀ ਤਾਰੀਖ ਮਿਥਣ 'ਚ ਇਸ ਕਰਕੇ ਦੇਰੀ ਕੀਤੀ ਗਈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਕੁਝ ਸਹੂਲਤਾਂ, ਕੁਝ ਰਿਆਇਤਾਂ, ਦਾ ਸਰਕਾਰ ਵੱਲੋਂ ਐਲਾਨ ਕੀਤਾ ਜਾਣਾ ਸੀ ਸਮੇਤ ਜੀ ਐਸ ਟੀ 'ਚ ਛੋਟਾਂ ਦੇ, ਜਿਸ ਤੋਂ ਖਾਸ ਕਰਕੇ ਗੁਜਰਾਤ ਦੇ ਵਪਾਰੀ ਬਹੁਤ ਦੁੱਖੀ ਸਨ, ਤਾਂ ਕਿ ਲੋਕਾਂ ਨੂੰ ਖੁਸ਼ ਕਰਕੇ ਵੋਟਾਂ ਵਟੋਰੀਆਂ ਜਾ ਸਕਣ ਜਾਂ ਖੁਸ ਰਹੀਆਂ ਵੋਟਾਂ, ਭਾਜਪਾ ਲਈ ਬੰਨੀਆ ਜਾ ਸਕਣ।

ਦੇਸ਼ ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਹੈ, ਜਿਸਦੀਆਂ ਬੁਨਿਆਦੀ ਭਾਵਨਾਵਾਂ ਤੋੜੀਆਂ ਮਰੋੜੀਆਂ, ਮਿੱਧੀਆਂ ਜਾ ਰਹੀਆਂ ਹਨ। ਸਾਡੇ ਨੇਤਾ ਤੱਥਾਂ ਨੂੰ ਛਿੱਕੇ ਟੰਗਕੇ, ਬੁਨਿਆਦੀ ਸ਼ਿਸ਼ਟਤਾ ਦਾ ਉਲੰਘਣਾ ਕਰਕੇ ਚੋਣਾਂ 'ਚ ਵੱਡੇ ਵੱਡੇ ਭਾਸ਼ਨ ਦੇਂਦੇ ਹਨ। ਟੋਟਕੇ ਘੜਦੇ ਹਨ। ਦੂਜੇ ਨੇਤਾਵਾਂ ਨੂੰ ਠਿੱਠ ਕਰਦੇ ਹਨ। ਉੱਚੀ-ਉੱਚੀ, ਚੀਕ-ਚੀਕ ਬੋਲਕੇ ਹਮਲਾਵਰ ਰੁੱਖ ਵਾਲੇ ਤਰਕ ਰਹਿਤ ਭਾਸ਼ਨ ਦਿੰਦੇ ਹਨ। ਨੇਤਾ ਲੋਕ ਭਾਸ਼ਨਾਂ ਵਿੱਚ ਇਤਨਾ ਝੂਠ ਬੋਲਦੇ ਹਨ ਕਿ ਝੂਠ ਹੀ ਸੱਚ ਲੱਗਣ ਲੱਗ ਪੈਂਦਾ ਹੈ। ਇਹ ਨੇਤਾ ਸ਼ਾਇਦ ਭੁੱਲ ਹੀ ਗਏ ਹਨ ਕਿ ਲੋਕਤੰਤਰ ਮਨੁੱਖ ਨੂੰ ਬਿਹਤਰ ਬਨਾਉਣ ਵਾਲੀ ਵਿਵਸਥਾ ਹੈ। ਭਾਰਤੀ ਲੋਕਤੰਤਰ ਨੂੰ ਪੈਰ ਹੇਠ ਮਧੋਲਣ ਵਾਲੇ ਇਹ ਨੇਤਾ ਪ੍ਰਸਿੱਧ ਅਮਰੀਕੀ ਵਿਚਾਰਕ ਟਾਮਸ ਮਾਨ ਦੇ ਸ਼ਬਦਾਂ ਨੂੰ ਮਨੋਂ ਵਿਸਾਰ ਹੀ ਚੁੱਕੇ ਹਨ, ਜਿਹੜਾ ਕਹਿੰਦਾ ਹੈ, " ਸਿਰਫ਼ ਫਾਸ਼ਿਸ਼ਟ ਨਹੀਂ ਬਲਕਿ ਝੂਠ ਫੈਲਾਉਣ ਵਾਲੇ ਅਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਆਪਣੇ ਹਿੱਤ ਵਿੱਚ ਵਰਤਣ ਵਾਲੇ ਵੀ ਲੋਕਤੰਤਰ ਦੇ ਦੁਸ਼ਮਣ ਹਨ"। ਕੀ ਲੋਕਤੰਤਰ ਦੇ ਇਹੋ ਜਿਹੇ ਦੁਸ਼ਮਣਾਂ ਦਾ ਦੁੰਮ ਛੱਲਾ ਬਣਕੇ ਸਾਡੇ ਦੇਸ਼ ਦਾ ਚੋਣ ਕਮਿਸ਼ਨ ਕਿਸ ਕਿਸਮ ਦੀ ਨਿਰਪੱਖਤਾ ਦਾ ਸਬੂਤ ਦੇ ਰਿਹਾ ਹੈ? ਜਾਤਾਂ, ਧਰਮਾਂ ਵਿੱਚ ਮਤਭੇਦਾਂ ਨੂੰ ਵਧਾਉਣ ਵਾਲੇ ਸਿਆਸੀ ਨੇਤਾਵਾਂ ਦੇ ਭਾਸ਼ਨਾਂ ਪ੍ਰਤੀ ਉਸਦੀ ਚੁੱਪੀ ਕਈ ਸਵਾਲ ਖੜੇ ਕਰਦੀ ਹੈ।

ਨੇਤਾਵਾਂ ਦੇ ਭਾਸ਼ਣ ਸੁਣੋ, ਜੋ ਉਹਨਾ ਨੇ ਵੱਖੋ-ਵੱਖਰੇ ਸਮੇਂ ਗੁਜਰਾਤ ਚੋਣਾਂ ਦੌਰਾਨ ਦਿੱਤੇ। ਦੇਸ਼ ਦੇ ਮੌਜੂਦਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਜਿਥੇ ਆਪਣੇ ਸਿਆਸੀ ਵਿਰੋਧੀਆਂ ਨੂੰ ਨਿਸ਼ਾਨਾ ਬਣਾਇਆ ਉਥੇ ਬਾਅਦ ਵਿੱਚ ਉਸ ਨੇ ਪਾਕਿਸਤਾਨ ਦੇ ਨਾਲ ਹੀ ਭਾਰਤੀ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ। ਉਹਨਾ ਨੇ ਇੱਕ ਸਨਮਾਨਤ ਸਾਬਕਾ ਉਪਰਾਸ਼ਟਰਪਤੀ ਕਸ਼ਮੀਰ ਦੇ ਇੱਕ ਪ੍ਰਮੁੱਖ ਭਾਰਤੀ ਨਾਗਰਿਕ, ਅਤੇ ਕਾਂਗਰਸ ਦੇ ਇਕ ਉਘੇ ਨੇਤਾ ਵੱਲ ਇਸ਼ਾਰਾ ਕੀਤਾ ਅਤੇ ਉਹਨਾ ਦੇ ਸਾਂਝੇ ਧਰਮ ਨੂੰ ਅਧਾਰ ਬਣਾਕੇ ਦਾਅਵਾ ਕੀਤਾ ਕਿ ਉਹ ਉਹਨਾ ਨੂੰ ਹਰਾਉਣ ਲਈ ਰਚੀ ਗਈ ਇਕ ਸਾਜ਼ਿਸ਼ ਦਾ ਹਿੱਸਾ ਸਨ। ਇਸ ਸਬੰਧੀ ਇੱਕ ਉੱਘੀ ਅਖਬਾਰ ਇੰਡੀਅਨ ਐਕਸਪ੍ਰੈਸ ਨੇ ਲਿਖਿਆ ਕਿ, "ਇਸ ਤਰ੍ਹਾਂ ਪ੍ਰਧਾਨ ਮੰਤਰੀ ਨੇ ਆਪਣੇ ਦਫ਼ਤਰ ਦੀ ਪੂਰੀ ਤਾਕਤ ਇਸ ਰੂੜੀਵਾਦੀ ਰਾਜਨੀਤੀ ਨੂੰ ਸਥਾਪਿਤ ਕਰਨ ਵਿੱਚ ਲਗਾ ਦਿੱਤੀ ਕਿ ਭਾਰਤ ਦੇ ਮੁਸਲਮਾਨ ਪਾਕਿਸਤਾਨ ਪ੍ਰਸਤ ਹਨ ਅਤੇ ਦੋਸ਼ੀ ਹਨ"। ਇਹੋ ਜਿਹੇ ਭਾਸ਼ਨਾਂ ਤੋਂ ਬਾਅਦ ਵੋਟ ਪਾਉਣ ਵੇਲੇ ਦੇਸ਼ ਦਾ ਪ੍ਰਧਾਨ ਮੰਤਰੀ ਇੱਕ ਜੇਤੂ ਪਹਿਲਵਾਨ ਵਾਂਗਰ ਇੱਕ ਵੱਡੇ ਕਾਫਲੇ ਨਾਲ ਵੋਟ ਪਾਉਣ ਗਿਆ ਅਤੇ ਦੇਸ਼ ਦਾ ਚੋਣ ਕਮਿਸ਼ਨ ਇਸ ਸਭ ਕੁਝ ਸਬੰਧੀ ਅੱਜ ਤੱਕ ਚੁੱਪੀ ਸਾਧੀ ਬੈਠਾ ਰਿਹਾ ਜਦਕਿ ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ ਨੂੰ ਚੋਣ ਕਮਿਸ਼ਨ ਵੱਲੋਂ ਗੁਜਰਾਤ ਚੋਣ ਤੋਂ ਇੱਕ ਦਿਨ ਪਹਿਲਾਂ ਇੰਟਰਵੀਊ ਦੇਣ ਲਈ ਨੋਟਿਸ ਜਾਰੀ ਕੀਤਾ ਗਿਆ! ਕੀ ਦੇਸ਼ ਦਾ ਚੋਣ ਕਮਿਸ਼ਨ ਤੇ ਅਧਿਕਾਰੀ ਹਾਕਮ ਧਿਰ ਦੇ ਹਿਮਾਇਤੀ ਹੋਣ ਲਈ ਤਰਲੋ-ਮੱਛੀ ਤਾਂ ਨਹੀਂ ਹੋ ਰਹੇ? ਉਂਜ ਦੇਸ਼ ਦੀ ਵਿਰੋਧੀ ਧਿਰ ਦਾ ਕਾਂਗਰਸ ਦਾ ਪ੍ਰਧਾਨ ਜਦੋਂ ਵਾਰ-ਵਾਰ ਗੁਜਰਾਤ ਮੰਦਿਰਾਂ ਵਿੱਚ ਗਿਆ, ਸਰਵਜਨਕ ਰੂਪ ਵਿੱਚ ਖੁਦ ਨੂੰ ਸ਼ਿਵ ਭਗਤ ਕਹਿੰਦਾ ਰਿਹਾ, ਜਨੇਊ ਪਹਿਨਣ ਦਾ ਦਾਅਵਾ ਕਰਦਾ ਰਿਹਾ ਅਤੇ ਆਪਣੇ ਆਪ ਨੂੰ ਦੇਸ਼ ਦੇ ਬਹੁ ਸੰਖਿਅਕ ਹਿੰਦੂਆਂ ਨਾਲ ਜੋੜਨ ਦਾ ਯਤਨ ਕਰਦਾ ਰਿਹਾ ਤਾਂ ਇਸ ਸੰਪਰਦਾਇਕ ਕੰਮ ਲਈ ਵੀ ਦੇਸ਼ ਦਾ ਚੋਣ ਕਮਿਸ਼ਨ ਆਪਣੇ ਬੁੱਲ੍ਹ ਸੀਤੀ ਬੈਠਾ ਰਿਹਾ। ਦੇਸ਼ ਦਾ ਚੋਣ ਕਮਿਸ਼ਨ ਤਾਂ ਉਸ ਵੇਲੇ ਵੀ ਚੁੱਪ ਰਿਹਾ ਜਦੋਂ ਪਿਛਲੀਆਂ ਗੁਜਰਾਤ ਚੋਣਾਂ ਸਮੇਂ ਨਰੇਂਦਰ ਮੋਦੀ ਨੇ "ਮੀਆਂ ਮੁਸ਼ਰਫ" ਅਤੇ ਭਾਰਤੀ ਮੁਸਲਿਮ ਪਰਿਵਾਰਾਂ ਦੀ ਕਥਿਤ ਪ੍ਰਜਨਣ ਨੀਤੀ ਕਿ "ਅਸੀਂ ਪੰਜ, ਸਾਡੇ ਪੱਚੀ" ਜਿਹੀਆਂ ਗੱਲਾਂ ਕੀਤੀਆਂ ਸਨ।

ਕੀ ਸਾਡੇ ਨੇਤਾਵਾਂ ਅਤੇ ਸਿਆਸੀ ਪਾਰਟੀਆਂ ਨੇ ਆਪਣੇ ਚੋਣ-ਮੈਨੀਫੈਸਟੋ ਧਰਤੀ 'ਚ ਦਫ਼ਨ ਕਰ ਦਿਤੇ ਹਨ ਅਤੇ ਉਹ ਸਿਰਫ਼ ਸੰਪਰਦਾਇਕਤਾ, ਧਰਮ, ਜਾਤੀ, ਨੂੰ ਸੱਭੋ ਕੁਝ ਮੰਨਕੇ ਵੋਟਾਂ ਅਟੇਰਨ ਦੇ ਰਾਹ ਪੈ ਗਏ ਹਨ, ਤੇ ਸਾਡੇ ਸੰਵਿਧਾਨ 'ਚ ਦਰਜ਼ ਮੱਦਾਂ ਦੀਆਂ ਧੱਜੀਆਂ ਉਡਾਉਣ ਲਈ ਸਾਡੀਆਂ ਪਾਰਟੀਆਂ, ਨੇਤਾਵਾਂ ਦੇ ਨਾਲ ਨਾਲ ਚੋਣ ਕਮਿਸ਼ਨ ਨੇ ਵੀ ਉਹਨਾ ਨਾਲ ਸਾਂਝ ਪਾ ਲਈ ਹੈ?


25 ਜਨਵਰੀ 1950 ਨੂੰ ਸਥਾਪਿਤ ਕੀਤੇ ਗਏ ਭਾਰਤੀ ਚੋਣ ਕਮਿਸ਼ਨ ਦਾ ਉਦੇਸ਼, ਦੇਸ਼ ਦਾ ਰਾਸ਼ਟਰਪਤੀ, ਉਪਰਾਸ਼ਟਰਪਤੀ, ਲੋਕ ਸਭਾ, ਰਾਜ ਸਭਾ, ਵਿਧਾਨ ਸਭਾਵਾਂ ਦੀ ਚੋਣਾਂ ਕਰਵਾਉਣਾ ਮਿਥਿਆ ਗਿਆ ਸੀ। ਦੇਸ਼ 'ਚ ਸਾਫ ਸੁਥਰੀਆਂ ਚੋਣਾਂ ਕਰਵਾਉਣ ਲਈ ਸਿਆਸੀ ਪਾਰਟੀਆਂ ਅਤੇ ਉਮੀਦਵਾਰਾਂ ਲਈ "ਮਾਡਲ ਕੋਡ ਆਫ ਕੰਡਕਟ" ਨੀਅਤ ਕੀਤੇ ਗਏ। ਚੋਣਾਂ ਦਾ ਖਰਚਾ ਵੀ ਮਿਥਿਆ ਗਿਆ। ਇਹ ਵੀ ਮਿਥਿਆ ਗਿਆ ਕਿ ਕੋਈ ਵੀ ਸਿਆਸੀ ਪਾਰਟੀ, ਰਾਜਨੀਤੀ ਦੇ ਨਾਲ-ਨਾਲ ਧਾਰਮਿਕ ਮੁੱਦਿਆਂ ਨੂੰ ਆਪਣੇ ਵਿਧਾਨ ਅਤੇ ਚੋਣ ਮੈਨੀਫੈਸਟੋ ਦਾ ਹਿੱਸਾ ਨਹੀਂ ਬਣਾਏਗੀ ਅਤੇ ਹਰ ਸਿਆਸੀ ਪਾਰਟੀ ਚੋਣ ਲੜਨ ਤੇ ਚੋਣ ਨਿਸ਼ਾਨ ਪ੍ਰਾਪਤ ਲਈ ਚੋਣ ਕਮਿਸ਼ਨ ਕੋਲ ਰਜਿਸਟਰਡ ਹੋਏਗੀ। ਪਰ ਜਿਸ ਢੰਗ ਨਾਲ ਦੇਸ਼ ਦੀਆਂ ਸਿਆਸੀ ਪਾਰਟੀਆਂ ਮਾਡਲ ਕੋਡ ਆਫ ਕੰਡਕਟ ਦੀ ਉਲੰਘਣਾ ਕਰਦੀਆਂ ਹਨ, "ਵਿੱਤੀ ਲਕਸ਼ਮਣ ਰੇਖਾ" ਦੀ ਉਲੰਘਣਾ ਕਰਦੀਆਂ ਹਨ, ਉਸ ਨਾਲ ਦੇਸ਼ 'ਚ ਭ੍ਰਿਸ਼ਟਾਚਾਰ ਚਰਮ-ਸੀਮਾ 'ਤੇ ਪੁੱਜਿਆ ਹੋਇਆ ਹੈ।

ਪੈਸੇ ਦੀ ਵਰਤੋਂ, ਨਸ਼ਿਆਂ ਦੀ ਵਰਤੋਂ, ਧੌਂਸ-ਧੱਕੇ, ਲਾਠੀ-ਬੰਦੂਕ ਦੀ ਵਰਤੋਂ ਚੋਣਾਂ 'ਚ ਆਮ ਵੇਖਣ ਨੂੰ ਮਿਲ ਰਹੀ ਹੈ ਵੱਡੀ ਗਿਣਤੀ ਅਪਰਾਧੀ ਕੇਸਾਂ ਵਾਲੇ ਨੇਤਾ ਚੋਣਾਂ ਲੜਦੇ ਹਨ ਅਤੇ ਦੇਸ਼ ਦੇ ਲੋਕਾਂ ਨੂੰ ਚੋਣਾਂ ਵੇਲੇ ਧਰਮ ਅਧਾਰਿਤ ਜਿਸ ਢੰਗ ਨਾਲ ਵੰਡਿਆ ਜਾ ਰਿਹਾ ਹੈ, ਭਾਰਤੀ ਚੋਣ ਕਮਿਸ਼ਨ ਇਸ ਸਭ ਕੁਝ ਨੂੰ ਬੇਵਸ ਹੋ ਵੇਖੀ ਜਾ ਰਿਹਾ ਹੈ। ਭਾਵੇਂ ਕਿ ਦੇਸ਼ ਦੇ ਕੁਝ ਹਿੱਸਿਆਂ 'ਚ ਚੋਣ ਕਮਿਸ਼ਨ ਵੱਲੋਂ ਇਸ ਸਥਿਤੀ ਨੂੰ ਕਾਬੂ ਕਰਨ ਲਈ ਕੋਸ਼ਿਸ਼ਾਂ ਹੋਈਆਂ ਹਨ।

ਦੇਸ਼ ਦੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਦੇਸ਼ ਦੀ ਨਿਆਂ ਵਿਵਸਥਾ ਨੂੰ ਭਰੋਸੇਮੰਦ ਦਸਦਿਆਂ ਜਿਥੇ ਇਸਦੀ ਤਾਰੀਫ ਕੀਤੀ, ਉਥੇ ਨਿਆਪਾਲਿਕਾ ਨਾਲ ਜੁੜੇ ਲੋਕਾਂ ਨੂੰ ਭਵਿੱਖ ਦੀਆਂ ਚਣੌਤੀਆਂ ਬਾਰੇ ਖ਼ਬਰਦਾਰ ਕੀਤਾ ਤਾਂ ਕਿ ਸਾਰਿਆਂ ਨੂੰ ਇਨਸਾਫ ਮਿਲ ਸਕੇ। ਪਰ ਦੇਸ਼ ਦਾ ਚੋਣ ਕਮਿਸ਼ਨ, ਜੋ ਕਹਿਣ ਨੂੰ ਤਾਂ ਭਾਵੇਂ ਭਾਰਤੀ ਸੰਵਿਧਾਨ ਅਨੁਸਾਰ ਖੁਦ ਮੁਖਤਿਆਰ ਸੰਸਥਾ ਹੈ, ਪਰ ਜਿਸਦੇ ਅੰਗ ਤਾਂ ਸਰਕਾਰੀ ਮਸ਼ੀਨਰੀ ਨਾਲ ਜੁੜੇ ਹਨ, ਉਹਨਾ ਨੂੰ ਖਬਰਦਾਰ ਕੌਣ ਕਰੇਗਾ ਤਾਂ ਕਿ ਚੋਣਾਂ ਨਿਰਪੱਖ ਹੋ ਸਕਣ।

# ਸਮੱਸਿਆਵਾਂ ਨੂੰ ਨਿਉਂਦਾ ਕਿਉਂ ਦੇ ਰਿਹਾ ਹੈ ਭਾਰਤ?

## ਕਸਮੇਂ-ਵਾਇਦੇ ਅਤੇ ਬੈਂਕ-ਖ਼ਾਤੇ




**ਲੇਖਕ:- ਸ਼ੰਕਰ ਆਇਅਰ**
**ਪੰਜਾਬੀ ਰੂਪ:- ਗੁਰਮੀਤ ਪਲਾਹੀ**

ਸੋਸ਼ਲ ਮੀਡੀਆ ਅਤੇ ਵੱਟਸ-ਅੱਪ ਸਮੂਹ ਉਤੇ ਸਵਾਲੀ ਚਰਚਾ ਹੋ ਰਹੀ ਹੈ। ਕੀ ਇਹ ਇਵੇਂ ਹੋ ਸਕਦਾ ਹੈ? ਖ਼ਦਸ਼ਿਆ ਦਾ ਭੂਤ ਦੇਸ਼ ਭਰ ਵਿੱਚ ਬੈਂਕ ਜਮ੍ਹਾਂ ਕਰਤਿਆਂ ਦੀ ਨੀਂਦ-ਹਰਾਮ ਕਰ ਰਿਹਾ ਹੈ। ਇਸਦਾ ਕਾਰਨ ਸਰਕਾਰ ਵੱਲੋਂ ਅਗਸਤ 2017 ਵਿੱਚ ਸੰਸਦ ਵਿੱਚ ਪੇਸ਼ ਕੀਤਾ ਗਿਆ "ਵਿੱਤੀ ਸੰਕਲਪ ਅਤੇ ਜਮ੍ਹਾਂ ਬੀਮਾ ਬਿੱਲ, 2017" (ਐਫ ਆਰ ਡੀ ਆਈ) ਹੈ।

ਪਹਿਲੀ ਨਜ਼ਰੇ ਇਸ ਬਿੱਲ ਦਾ ਮੰਤਵ ਵਿੱਤੀ ਸੰਸਥਾਵਾਂ ਦੀਆਂ ਨਾਕਾਮਯਾਬੀਆਂ ਦੇ ਜੋਖ਼ਿਮ ਦਾ ਪਹਿਲਾਂ ਪਤਾ ਲਾਉਣਾ, ਉਸਨੂੰ ਰੋਕਣ ਦੇ ਉਪਾਅ ਪ੍ਰਭਾਸ਼ਿਤ ਕਰਨਾ ਅਤੇ ਉਹਨਾ ਦਾ ਹੱਲ ਲੱਭਣਾ ਹੈ। ਇਸਦਾ ਇੱਕ ਭਾਵ ਤਾਂ ਇਹ ਹੈ ਕਿ ਇਸ ਦਿਸ਼ਾ ਵਿੱਚ ਹੁਣ ਤੱਕ ਉਠਾਏ ਗਏ ਕਦਮਾਂ ਦੀ ਇਹ ਇੱਕ ਕੜੀ ਹੈ। ਅਤੇ ਨਾਲ ਹੀ ਇਹ ਸਰਬਜਨਕ ਸੰਸਥਾਵਾਂ ਦੇ ਉਪਭੋਗਤਾਵਾਂ ਦੀ ਸੁਰੱਖਿਆ ਦਾ ਵਾਇਦਾ ਵੀ ਕਰਦਾ ਹੈ। ਹਾਲਾਂਕਿ ਬਿੱਲ ਦੇ ਇੱਕ ਭਾਗ ਨੇ ਲੋਕਾਂ ਨੂੰ ਸਮੂਹਿਕ ਰੂਪ ਵਿੱਚ ਕੰਬਨੀ ਛੇੜ ਦਿੱਤੀ ਹੈ। ਬਿੱਲ ਦਾ ਉਪਖੰਡ 52 ਸਮਾਗਮ ਨਿਗਮ ਨੂੰ ਇਹ ਅਧਿਕਾਰ ਦਿੰਦਾ ਹੈ ਕਿ ਜੇਕਰ ਕੋਈ ਵਿੱਤੀ ਕੰਪਨੀ (ਬੈਂਕ ਜਾਂ ਬੈਂਕਿੰਗ ਵਿੱਤੀ ਕੰਪਨੀ) ਡੁੱਬਦੀ ਹੈ ਤਾਂ ਉਸ ਸਥਿਤੀ 'ਚ ਉਹ ਰਾਹਤ ਲਈ ਜਮ੍ਹਾਂ ਕਰਤਾਵਾਂ ਦੇ ਸਵਰੂਪ ਨੂੰ ਆਪਣੀ ਸਹੂਲਤ ਅਨੁਸਾਰ ਬਦਲ ਸਕਦਾ ਹੈ। ਭਾਵ ਜਮ੍ਹਾਂ ਕਰਤਾਵਾਂ ਦੇ ਪੈਸੇ ਦੀ ਵਰਤੋਂ ਇੱਕਵਿਟੀ ਦੇ ਰੂਪ 'ਚ ਰਾਹਤ ਲਈ ਕੀਤੀ ਜਾਵੇਗੀ। ਬੈਂਕ ਵਿੱਚ ਭਾਵੇਂ ਕਿਸੇ ਦਾ ਵੀ ਪੈਸਾ ਹੋਵੇ ਉਸਦੇ ਲਈ ਬੈਂਕ ਕਟੌਤੀ ਲਾਗੂ ਕਰ ਸਕਦਾ ਹੈ। ਹੈਰਾਨੀ ਨਹੀਂ ਕਿ ਇਸਨੇ ਲੋਕਾਂ ਦਾ ਗੁੱਸਾ ਭੜਕਾ ਦਿੱਤਾ ਹੈ ਅਤੇ ਇਕ ਬਹਿਸ ਸ਼ੁਰੂ ਹੋ ਚੁੱਕੀ ਹੈ- ਲੋਕਾਂ ਵਿੱਚ ਵਿੱਤੀ ਐਮਰਜੈਂਸੀ ਦਾ ਡਰ ਪੈਦਾ ਹੋ ਗਿਆ ਹੈ।

ਇਸ ਬਿੱਲ ਦੇ ਪੱਖ ਵਿੱਚ ਖੜਨ ਵਾਲੇ ਦਾਅਵਾ ਕਰਦੇ ਹਨ ਕਿ ਇਸ ਨਾਲ ਸੁਰੱਖਿਆ ਵਿੱਚ ਸੁਧਾਰ ਹੋਏਗਾ ਅਤੇ ਪਹਿਲਾਂ ਨਾਲੋਂ ਕੁੱਝ ਵੀ ਨਹੀਂ ਬਦਲਿਆ। ਇਹ ਦਾਅਵਾ ਉਸ ਗੀਤ ਦੀ ਯਾਦ ਦੁਆਉਂਦਾ ਹੈ-"ਜੋ ਨਹੀਂ ਕਹਾ ਹੈ, ਕਭੀ ਤੋਂ ਸਮਝ ਵੀ ਜਾਓ...."। ਲੋਕਾਂ ਦੀ ਚਿੰਤਾ ਬਿੱਲ 'ਚ ਅਨੇਕਾਂ ਤਰੁੱਟੀਆਂ ਕਾਰਨ ਵਧੀ ਹੈ, ਜੋ ਨਹੀਂ ਕਿਹਾ ਹੈ ਅਤੇ ਉਹ ਉਦੋਂ ਲਿਆਂਦਾ ਗਿਆ ਹੈ, ਜਦੋਂ ਬੈਂਕਿੰਗ ਖੇਤਰ ਨੌਂ ਲੱਖ ਕਰੋੜ ਤੋਂ ਜ਼ਿਆਦਾ ਦੇ ਬੁਰੇ ਕਰਜ਼ੇ ਨਾਲ ਜੂਝ ਰਿਹਾ ਹੈ, ਜਿਸ ਵਿੱਚ ਜਿਆਦਾਤਰ ਸਰਕਾਰੀ ਬੈਂਕਾਂ ਦੇ ਪੈਸੇ ਹਨ। ਸਚਾਈ ਇਹ ਹੈ ਕਿ ਹੁਣ ਤੱਕ ਔਸਤ ਜਮ੍ਹਾਂ ਕਰਤਾ ਮੰਨਦੇ ਹਨ ਕਿ ਬੈਂਕ ਵਿੱਚ ਪੈਸਾ ਰੱਖਣਾ ਕਿਸੇ ਵੀ ਜੋਖ਼ਮ ਤੋਂ ਮੁਕਤ ਹੈ। ਐਫ ਆਰ ਡੀ ਆਈ ਬਿੱਲ ਨੇ ਇਸ ਸਪਸ਼ਟ ਅਤੇ ਵੱਡੇ ਵਿਸ਼ਵਾਸ ਨੂੰ ਡਗਮਗਾ ਦਿੱਤਾ ਹੈ।

ਹਾਂ, ਇਹ ਬਿੱਲ ਹਾਲ ਦੀ ਘੜੀ ਬੀਮੇ ਰਾਹੀਂ 1993 ਤੋਂ ਕਵਰ ਕੀਤੀ ਗਈ ਇੱਕ ਲੱਖ ਦੀ ਜਮ੍ਹਾਂ ਰਾਸ਼ੀ ਨੂੰ ਇਸ ਪ੍ਰਾਵਾਧਾਨ ਤੋਂ ਛੋਟ ਦਿੰਦਾ ਹੈ ਜਦਕਿ ਅਮਰੀਕਾ ਵਿੱਚ ਇਸਦੀ ਸੀਮਾ ਢਾਈ ਲੱਖ ਡਾਲਰ ਹੈ। ਹਾਲਾਂਕਿ ਇਹ ਜਮ੍ਹਾਂ ਬੀਮਾ ਕੀ ਹੋਏਗਾ ਅਤੇ ਇਸਦੀਆਂ ਸ਼ਰਤਾਂ ਕੀ ਹੋਣਗੀਆਂ, ਇਸ ਬਾਰੇ ਬਿੱਲ ਚੁੱਪ ਹੈ। ਜਮ੍ਹਾਂ ਕਰਤਾਵਾਂ ਦੀ ਸਹਿਮਤੀ ਇੱਕ ਅਸਪਸ਼ਟ ਢੰਗ ਨਾਲ ਤਿਆਰ ਕੀਤੇ ਮਸੌਦੇ ਦੇ ਉਪ-ਖੰਡ ਉਤੇ ਨਿਰਭਰ ਹੈ, ਅਤੇ ਇਸਨੂੰ ਬੈਂਕ ਜਾਂ ਵਿੱਤੀ ਕੰਪਨੀਆਂ ਦੇ ਰਹਿਮੋ-ਕਰਮ 'ਤੇ ਛੱਡ ਦਿੱਤਾ ਗਿਆ ਹੈ। ਸਪੱਸ਼ਟ ਹੈ ਕਿ ਜਮ੍ਹਾਂ ਬੀਮਾ ਸੀਮਤ ਹੋਏਗਾ ਅਤੇ ਨੁਕਸਾਨ ਦੀ ਸੰਭਾਵਨਾ ਦਾ ਕੋਈ ਹੱਦ-ਬੰਨਾ ਨਹੀਂ ਹੈ। ਇਹ ਸੇਵਾ ਮੁਕਤੀ, ਰਕਮ, ਵਿਆਹ, ਸਿੱਖਿਆ, ਘਰ, ਟੈਕਸ ਆਦਿ ਦੇ ਲਈ ਰੱਖੀ ਬੱਚਤ ਤੇ ਵੀ ਹੋ ਸਕਦਾ ਹੈ। ਛੋਟੇ ਅਤੇ ਦਰਮਿਆਨੇ ਉਦਮੀਆਂ ਦੇ ਤਨਖਾਹ ਖਾਤੇ ਅਤੇ ਕਾਰੋਬਾਰੀਆਂ ਦੀ ਨਿੱਤ-ਦਿਨ ਦੀ ਪ੍ਰਚਲਣ ਪੂੰਜੀ ਵੀ ਇਸ ਜੋਖ਼ਿਮ ਵਿੱਚ ਸ਼ਾਮਲ ਕੀਤੀ ਜਾ ਸਕਦੀ ਹੈ।

ਸੋਸ਼ਲ ਮੀਡੀਆ ਦੇ ਅਨੁਸਾਰ ਇਹ ਬਿੱਲ ਸਰਕਾਰ ਦੀ ਪ੍ਰੀ-ਕਲਪਨਾ ਹੈ। ਪਰੰਤੂ ਸਚਾਈ ਇਹ ਹੈ ਕਿ ਇਸ ਦੀ ਪੈਦਾਇਸ਼ ਵਿਸ਼ਵ ਵਿੱਤੀ ਸੰਕਟ ਨਾਲ ਹੋਈ ਹੈ। ਨਵੰਬਰ 2008 ਤੋਂ ਜੀ-20 (ਭਾਰਤ ਜਿਸਦਾ ਮੈਂਬਰ ਹੈ) ਦੀ ਬੈਠਕ ਵਾਸ਼ਿੰਗਟਨ ਵਿੱਚ ਹੋਈ ਸੀ ਅਤੇ ਵਿਸ਼ਵ ਵਿੱਤੀ ਸੰਰਚਨਾ ਦੀ ਮਜ਼ਬੂਤੀ ਦਾ ਸੰਕਲਪ ਇਹ ਲਿਆ ਗਿਆ ਸੀ। ਇਸਨੇ 2009 ਵਿੱਚ ਵਿਸ਼ਵ ਸਥਿਰਤਾ ਬੋਰਡ (ਐਫ ਐਸ ਬੀ) ਦੇ ਨਿਰਮਾਣ ਦਾ ਰਾਹ ਪੱਧਰਾ ਕੀਤਾ। ਜਮਾਨਤ (ਬੈਲ-ਇਨ) ਦੀ ਧਾਰਨਾ ਨੂੰ ਜੁਲਾਈ 2011 ਵਿੱਚ ਐਫ ਐਸ ਬੀ ਵੱਲੋਂ ਇੱਕ ਸਲਾਹ-ਪੱਤਰ ਦੇ ਰੂਪ ਵਿੱਚ ਮੈਂਬਰ ਦੇਸ਼ਾਂ ਸਾਹ-ਮਣੇ ਰੱਖਿਆ ਗਿਆ ਸੀ(ਜਿਸਨੂੰ ਮਈ 2014 ਦੀ ਰਿਪੋਰਟ ਵਿੱਚ ਰਿਜ਼ਰਵ ਬੈਂਕ ਨੇ ਵੀ ਦੋਹਰਾਇਆ) ਅਤੇ ਨਬੰਵਰ 2014 ਵਿੱਚ ਜੀ-20 ਨੇ ਇਸ ਨੂੰ ਪਾਸ ਕੀਤਾ। ਅਗਸਤ 2017 ਵਿੱਚ ਭਾਰਤ ਵਿੱਚ ਇਹ ਬਿੱਲ ਪੇਸ਼ ਕੀਤਾ ਗਿਆ।

ਐਫ ਐਸ ਬੀ ਦੇ ਸਲਾਹ-ਪੱਤਰ ਦੇ ਪਿੱਛੇ ਦਲੀਲ ਇਹ ਸੀ ਕਿ ਸਰਵਜਨਕ ਵਿੱਤੀ ਰਾਹਤ ਕਰਦਾਤਿਆਂ ਦੇ ਧੰਨ ਨੂੰ ਜੋਖ਼ਿਮ ਵਿੱਚ ਪਾਉਂਦਾ ਹੈ ਅਤੇ ਉਸ ਨਾਲ ਨੈਤਿਕ ਖਤਰਾ ਵਧਦਾ ਹੈ, ਜੋ ਸਮੱਸਿਆਵਾਂ ਪੈਦਾ ਕਰਦਾ ਹੈ। ਵਿੱਤੀ ਸੰਸਥਾਵਾਂ ਅਤੇ ਸਰਕਾਰਾਂ ਦੀ ਜਵਾਬਦੇਹੀ ਤੋਂ ਧਿਆਨ ਹਟਾਕੇ ਨਤੀਜਿਆਂ ਉਤੇ ਕੇਂਦਰਿਤ ਕੀਤਾ ਗਿਆ ਹੈ।

ਮੁਢਲਾ ਸਵਾਲ ਹੈ ਕਿ ਕੀ ਜਮ੍ਹਾਂ ਕਰਤਾਵਾਂ ਨੂੰ ਜੋ ਕਿ ਘੱਟ ਲਾਭ ਲਈ ਬੈਂਕਾਂ ਵਿੱਚ ਪੈਸਾ ਜਮ੍ਹਾਂ ਕਰਦੇ ਹਨ, ਕੀ ਉਹਨਾ ਨਾਕਾਮਯਾਬੀ ਦੀ ਕੀਮਤ ਚੁਕਾਉਣ ਲਈ ਮਜ਼ਬੂਰ ਕੀਤਾ ਜਾਣਾ ਚਾਹੀਦਾ ਹੈ? ਜੋ ਭੈੜੇ-ਸਿਆਸੀ ਵਿਵਸਥਾ ਜਾਂ ਤਕਨੀਕੀ ਕਾਰਨਾਂ ਜਾਂ ਵਿਸ਼ਵੀਕਰਨ ਦੀ ਜੱਟਲਤਾਵਾਂ ਨਾਲ ਹੋ ਸਕਦੀਆਂ ਹਨ?

ਭਾਰਤੀ ਸੰਦਰਭ ਵਿੱਚ ਜਮ੍ਹਾਂ ਕਰਤਾਵਾਂ ਦੀ ਜ਼ਰੂਰਤ ਵੱਧ ਰਹੀ ਹੈ। ਭਾਰਤੀ ਬੈਂਕਾਂ ਵਿੱਚ ਲੋਕਾਂ ਦੇ 105 ਲੱਖ ਕਰੋੜ ਰੁਪਏ ਜਮ੍ਹਾਂ ਹਨ, ਜਿਹਨਾ ਵਿੱਚੋਂ 70 ਫੀਸਦੀ ਤੋਂ ਜ਼ਿਆਦਾ ਸਰਕਾਰੀ ਬੈਂਕਾਂ ਵਿੱਚ ਹਨ। ਬੁਰੇ ਕਰਜ਼ਿਆਂ ਦੀ ਸਮੱਸਿਆ ਕਾਰਪੋਰੇਟ-ਬੈਂਕਾਂ ਦੀ ਮਿਲੀ-ਭੁਗਤ, ਦੇਰੀ ਅਤੇ ਨੀਤੀਗਤ ਅਪੰਗਤਾ ਦੇ ਕਾਰਨ ਪੈਦਾ ਹੋਈ। ਫਿਰ ਇਸਦੇ ਬਾਅਦ ਕਰਜ਼ਾ-ਮੁਆਫ਼ੀ, ਐਸ ਈ ਬੀ ਕਰਜ਼ੇ ਦਾ ਪੁਨਰਗਠਨ, ਕੋਇਲਾ ਅਤੇ ਦੂਰ ਸੰਚਾਰ ਲਾਇਸੰਸ ਨੂੰ ਰੱਦ ਕਰਨ ਦੇ ਅਦਾਲਤੀ ਹੁਕਮ ਜਿਹੀਆਂ ਘਟਨਾਵਾਂ ਹੋਈਆਂ। ਅਤੇ ਫਿਰ ਅੰਤ ਵਿੱਚ ਸਰਵਜਨਕ ਖੇਤਰ ਦੇ ਵਿੱਤੀ ਸੰਸਥਾਵਾਂ ਦੇ ਸਿਆਸੀ ਪ੍ਰਬੰਧਨ ਦਾ ਮੁੱਦਾ ਹੈ। ਇਹੋ ਜਿਹੇ ਵਿੱਚ ਜਮ੍ਹਾਂ ਕਰਤਾ ਸ਼ਾਇਦ ਹੀ ਇਹਨਾ ਖਿਡਾਰੀਆਂ ਨੂੰ ਬਦਲ ਜਾਂ ਚਣੌਤੀ ਦੇ ਸਕਦਾ ਹੈ।

ਸਰਕਾਰ ਨੇ ਦੇਰ ਨਾਲ ਸਪਸ਼ਟ ਕੀਤਾ ਹੈ ਕਿ ਜਮ੍ਹਾਂ ਕਰਤਿਆਂ ਨੂੰ ਸੁਰੱਖਿਅਤ ਕੀਤਾ ਜਾਏਗਾ ਅਤੇ ਸਰਵਜਨਕ ਖੇਤਰ ਵਿੱਚ ਬੈਂਕਾਂ ਦੇ ਲਈ ਸਰਕਾਰ ਦੀ ਗਰੰਟੀ ਬਿਨ੍ਹਾਂ ਕਿਸੇ ਪ੍ਰਭਾਵ ਤੋਂ ਹੋਏਗੀ। ਇਸ ਬਿਆਨ ਅਤੇ ਬਿੱਲ ਦੇ ਪ੍ਰਾਵਾਧਾਨਾਂ 'ਚ ਫਰਕ ਹੈ ਅਤੇ ਇਹ ਨਹੀਂ ਦੱਸਦਾ ਕਿ ਨਿੱਜੀ ਬੈਂਕਾਂ ਵਿੱਚ ਕੀ ਹੋਏਗਾ? ਛੋਟੇ ਸਹਿਕਾਰੀ ਅਤੇ ਨਿੱਜੀ ਬੈਂਕਾਂ ਦੇ ਕੁਝ ਮਾਮਲੇ ਅਤੇ ਯੂਨਿਟ 64 ਦੇ ਦੌਰਾਨ ਦੇ ਮਾਮਲਿਆਂ ਨੂੰ ਛੱਡਕੇ ਇਤਹਾਸਕ ਰੂਪ ਵਿੱਚ ਜਮ੍ਹਾਂ ਕਰਤਾਂ ਅਤੇ ਬੱਚਤ ਕਰਤਾ ਨੇ ਸ਼ਾਇਦ ਹੀ ਕਦੇ ਪੈਸਾ ਗੁਆਇਆ ਹੋਵੇ।

ਸੰਦਰਭ ਕਿਸੇ ਵੀ ਨੀਤੀ ਮਹੱਤਵਪੂਰਨ ਹੁੰਦਾ ਹੈ। ਕੀ ਭਾਰਤ ਇਸ ਪ੍ਰਤੀਮਾਨ ਤਬਦੀਲੀ ਲਈ ਤਿਆਰ ਹੈ? ਯੂਰਪ ਦੇ ਲੋਕ ਇਸ ਲਈ ਸਮੂਹਿਕ ਰੂਪ ਵਿੱਚ ਮੁਕੱਦਮਾ ਲੜ ਸਕਦੇ ਹਨ, ਪਰੰਤੂ ਭਾਰਤ ਵਿੱਚ ਸਧਾਰਨ ਸ਼ਕਾਇਤਾਂ ਦਾ ਨਿਪਟਾਰਾ ਵੀ ਇੱਕ ਸੰਘਰਸ਼ ਹੈ।

ਜੁਲਾਈ 2017 ਵਿੱਚ ਐਫ.ਐਸ.ਬੀ ਨੇ ਵਿੱਤੀ ਸੰਕਟ ਦੇ ਬਾਅਦ ਸੁਧਾਰਾਂ ਅਤੇ ਮੈਂਬਰ ਦੇਸ਼ਾਂ ਵਿੱਚ ਪ੍ਰਸਤਾਵ ਦੀ ਸਥਿਤੀ ਉਤੇ ਆਪਣੀ ਸਮੀਖਿਆ ਰਿਪੋਰਟ ਪੇਸ਼ ਕੀਤੀ ਹੈ। 24 ਮੈਂਬਰਾਂ ਵਿੱਚੋਂ 13 (ਜਿਹਨਾ ਵਿੱਚ ਅਸਟਰੇਲੀਆ, ਚੀਨ, ਬਰਾਜੀਲ, ਰੂਸ, ਦੱਖਣੀ ਅਫਰੀਕਾ ਅਤੇ ਇੰਡੋਨੇਸ਼ੀਆ ਸ਼ਾਮਲ ਹੈ) ਨੇ ਹੁਣ ਤੱਕ ਜਮਾਨਤ (ਬੇਲ-ਇਨ) ਕਾਨੂੰਨ ਨੂੰ ਲਾਗੂ ਨਹੀਂ ਕੀਤਾ ਹੈ।

ਭਾਰਤ ਇਹੋ ਜਿਹਾ ਕੰਮ ਕਰ ਰਿਹਾ ਹੈ, ਜਿਸਨੂੰ ਕਰਨ ਲਈ ਦੂਜੇ ਦੇਸ਼ ਡਰਦੇ ਹਨ। ਆਖਿਰ ਭਾਰਤ ਸਮੱਸਿਆਵਾਂ ਨੂੰ ਨਿਉਂਦਾ ਕਿਉਂ ਦੇ ਰਿਹਾ ਹੈ?

# ਜਦੋਂ ਪੁਸਤਕ ਪੜ੍ਹਾਉਂਦਿਆਂ ਮੈਨੂੰ ਪਸੀਨਾ ਆਇਆ!



ਡਾ. ਦਵਿੰਦਰ ਮੰਡ
ਪੰਜਾਬੀ ਵਿਭਾਗ, ਡੀ. ਏ. ਵੀ. ਕਾਲਜ, ਜਲੰਧਰ

ਅੱਜ ਮੈਨੂੰ ਪੁਸਤਕ ਦੀਆਂ ਕਹਾਣੀਆਂ ਪੜ੍ਹਦਿਆਂ ਅਤੇ ਪੜ੍ਹਾਉਂਦਿਆਂ ਪ੍ਰੇਸ਼ਾਨੀ ਜਿਹੀ ਹੋਣ ਲੱਗੀ। ਮੈਂ ਮਾਨਸਿਕ ਤੌਰ 'ਤੇ ਬੇਤਰਤੀਬ ਹੋ ਗਿਆ। ਮੈਂ ਬਹੁਤ ਸਾਰੇ ਸ਼ਬਦ ਪੜ੍ਹਨੇ ਛੱਡ ਦਿੱਤੇ। ਮੈਂ ਕੁਝ ਸਮੇਂ ਲਈ ਚੁੱਪ ਹੋ ਗਿਆ। ਮੈਨੂੰ ਢਾਈ ਤਿੰਨ ਦਹਾਕੇ ਪਹਿਲਾਂ ਇਸੇ ਕਾਲਜ 'ਚ ਐੱਮ. ਏ. ਪੰਜਾਬੀ ਕਰਦਿਆਂ ਡਾ. ਹਰਿਭਜਨ ਸਿੰਘ ਦਾ ਭਾਸ਼ਣ ਯਾਦ ਆਇਆ ਤੇ ਨਾਲ ਹੀ ਉਨ੍ਹਾਂ ਨਾਲ ਕੀਤੀ ਗੱਲਬਾਤ। ਮੈਂ ਉਦੋਂ ਅਖ਼ਬਾਰਾਂ ਅਤੇ ਰਸਾਲਿਆਂ ਵਿੱਚ ਕਾਫ਼ੀ ਛਪ ਰਿਹਾ ਸਾਂ। ਮੇਰਾ ਉਹਨੀਂ ਦਿਨੀ ਪੰਜਾਬੀ ਦੇ ਮਸ਼ਹੂਰ ਕਹਾਣੀਕਾਰ ਬਾਰੇ ਇਕ ਰੇਖਾ-ਚਿੱਤਰ ਚੰਗੀ ਅਖ਼ਬਾਰ ਵਿੱਚ ਛਪਿਆ ਸੀ। ਮੈਂ ਆਪਣੇ ਇਸ ਚਾਅ ਨੂੰ ਕਾਲਜ ਆਏ ਡਾ. ਹਰਿਭਜਨ ਸਿੰਘ ਨਾਲ ਸਾਂਝਾ ਕਰਦਿਆਂ ਕਿਹਾ, 'ਸਰ ਇਹ ਰੇਖਾ-ਚਿੱਤਰ ਆਦਰਸ਼ਵਾਦੀ ਸੋਚ ਤੋਂ ਲਿਖਿਆ ਹੈ। ਡਾ. ਹਰਿਭਜਨ ਸਿੰਘ ਕੁਝ ਸਮਾਂ ਚੁੱਪ ਰਹੇ ਫਿਰ ਇਕ ਦਮ ਧੀਮੀ ਆਵਾਜ਼ 'ਚ ਕਹਿਣ ਲੱਗੇ, 'ਇਸ ਉਮਰ 'ਚ ਆਦਰਸ਼ਵਾਦ, ਸਦਾਚਾਰ ਹੀ ਹੋਣਾ ਚਾਹੀਦਾ ਹੈ? ਬਥੇਰੀ ਉਮਰ ਪਈ ਹੈ ਹੋਰ ਕੁਝ ਵੀ ਸਿੱਖਣੇ ਨੂੰ?' ਫਿਰ ਮੈਂ ਉਨ੍ਹਾਂ ਨੂੰ ਅੰਮ੍ਰਿਤਾ ਪ੍ਰੀਤਮ ਦੀ ਤਾਜ਼ੀ ਆਈ ਚਿੱਠੀ ਵਿਖਾਈ। ਉਨ੍ਹਾਂ ਮੈਨੂੰ ਲਿਖਦੇ ਰਹਿਣ ਦੀ ਹੱਲਾਸ਼ੇਰੀ ਦਿੱਤੀ।

ਡਾ. ਹਰਿਭਜਨ ਸਿੰਘ ਦੇ ਭਾਸ਼ਣ ਵਾਲੇ ਕਮਰੇ ਦੇ ਨਾਲ ਹੀ ਇਕ ਛੋਟਾ ਕਮਰਾ ਹੈ ਜਿੱਥੇ ਮੈਂ ਐੱਮ. ਏ. ਪੰਜਾਬੀ ਦੂਜਾ ਸਾਲ ਦੇ ਵਿਦਿਆਰਥੀਆਂ ਨੂੰ ਪ੍ਰਵਾਸੀ ਸਾਹਿਤ ਪੜ੍ਹਾ ਰਿਹਾ ਹਾਂ। ਕਈ ਸਾਲਾਂ ਤੋਂ ਕਹਾਣੀ, ਨਾਟਕ, ਕਵਿਤਾ ਪੜ੍ਹਾਉਂਦਿਆਂ ਮੈਨੂੰ ਇਹੋ ਜਿਹਾ ਪਸੀਨਾ ਨਹੀਂ ਆਇਆ ਜਿਹੜਾ ਇਸ ਸਾਲ ਕਹਾਣੀ ਸੰਗ੍ਰਹਿ 'ਤੇ ਕਾਨੂੰ ਮਰ ਗਿਆ' ਪੜ੍ਹਾ ਕੇ ਆਇਆ ਹੈ। ਮੇਰੇ ਮਨ 'ਚ ਕਈ ਪ੍ਰਸ਼ਨ ਪੈਦਾ ਹੋਏ।

'ਕੀ ਅਸੀਂ ਪੁਸਤਕ ਸਲੇਬਸ 'ਚ ਲਗਾਉਂਣ ਲੱਗਿਆਂ ਉਹਨੂੰ ਪੜ੍ਹਦੇ ਨਹੀਂ?'

'ਕੀ ਅਸੀਂ ਮਹਿੰਗੀ ਸ਼ਰਾਬ ਅਤੇ ਚੰਦ ਪੌਂਡਾਂ/ਡਾਲਰਾਂ ਦੀ ਖ਼ਾਤਰ ਆਪਣਾ ਕਰਤੱਵ ਭੁੱਲ ਜਾਂਦੇ ਹਾਂ?

'ਵਿਦਵਾਨ (ਆਪੇ ਬਣੇ) ਆਪਣੀ ਆਓ-ਭਗਤੀ ਖ਼ਾਤਰ ਦੂਸਰਿਆਂ ਪ੍ਰਤੀ ਫ਼ਰਜਾਂ ਨੂੰ ਤਿਲਾਂਜ਼ਲੀ ਕਿਉਂ ਦੇ ਰਹੇ ਹਾਂ?'

ਮੈਂ ਇਹ ਗੱਲ ਬਿਲਕੁਲ ਸਮਝਦਾ ਹਾਂ ਕਿ ਅਸ਼ਲੀਲਤਾ ਤੁਹਾਡੇ ਮਨਾਂ ਦੀ ਖੇਡ ਹੈ। ਕੁਝ ਵੀ ਅਸ਼ਲੀਲ ਨਹੀਂ। ਪਰ ਕੀ ਸਾਨੂੰ ਜਾਣ-ਬੁੱਝ ਕੇ ਗੰਦ ਦਾ ਖਿਲਾਰਾ ਪਾਉਂਣਾ ਜਾਇਜ਼ ਹੈ? ਐੱਮ. ਏ. ਕਰਦਿਆਂ ਡਾ. ਟੀ. ਆਰ. ਸ਼ਿੰਗਾਰੀ ਕਹਿੰਦੇ ਹੁੰਦੇ ਸੀ, 'ਜੇ ਆਜ਼ਾਦੀ ਦਾ ਸੁਆਦ ਲੈਣਾ ਹੈ ਤਾਂ ਗ਼ੁਲਾਮੀ 'ਚ ਰਹੋ?' ਇਸ ਗੱਲ ਦੇ ਗੂੜ੍ਹ ਅਰਥ ਵੀ ਸਮੇਂ ਨੇ ਸਮਝਾਏ। ਅੱਜ ਦੇ ਪਦਾਰਥਕ ਯੁੱਗ ਵਿੱਚ ਅਸ਼ਲੀਲਤਾ ਦੇ ਚੈਨਲ ਪਰੋਸੇ ਜਾ ਰਹੇ ਹਨ ਪਰ ਇਹ ਤਾਂ ਅਸੀਂ ਖ਼ੁਦ ਦੇਖਣਾ ਹੈ ਕਿਹੜੀ ਦੁਕਾਨ ਤੋਂ ਚੰਗਾ ਸੌਦਾ ਖਰੀਦਣਾ ਹੈ। ਪ੍ਰਵਾਸੀ ਪੰਜਾਬੀ ਸਾਹਿਤ ਵਿੱਚ ਬਹੁਤ ਸਾਰੇ ਮਾਅਰਕੇ ਦੇ ਕਹਾਣੀਕਾਰ ਪਏ ਹਨ। ਜਿਵੇਂ ਰਘਵੀਰ ਢੰਡ, ਦਰਸ਼ਨ ਧੀਰ, ਹਰਜੀਤ ਅਟਵਾਲ, ਸਵਰਨ ਚੰਦਰ ਆਦਿ। ਪਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਇਹ ਕਿਹੜੀ ਬਿਪਤਾ ਪਈ ਇਹੋ ਜਿਹੀ ਬਦੇਸ਼ੀ ਸੋਚ ਵਾਲੀਆਂ ਕਹਾਣੀਆਂ ਲਾਉਂਣ ਦੀ। ਮੇਰੀ ਕਹਾਣੀਕਾਰ ਨਾਲ ਕੋਈ ਰੰਜ਼ਿਸ਼ ਨਹੀਂ ਉਹਦੀ ਸੋਚ ਇੰਗਲੈਂਡ ਦੇ ਵਾਤਾਵਰਣ ਅਨੁਸਾਰ ਬਿਲਕੁਲ ਢੁਕਵੀਆਂ ਕਹਾਣੀਆਂ ਵਾਲੀ ਹੈ ਪਰ ਕਦਰਾਂ-ਕੀਮਤਾਂ ਵਾਲੇ ਪੰਜਾਬੀ ਭਾਈਚਾਰੇ 'ਚ ਇਹ ਕਹਾਣੀਆਂ (ਉਹ ਵੀ ਲੜਕੀਆਂ ਨੂੰ) ਪੜ੍ਹਾਉਂਦਿਆਂ ਸੱਚਮੁੱਚ ਨਮੋਸ਼ੀ ਆਉਂਦੀ ਹੈ। ਮੈਂ ਕੋਸ਼ਿਸ਼ ਕਰਕੇ ਵਿਵਰਜਿਤ ਸ਼ਬਦਾਂ ਨੂੰ ਮਿੱਠੀ ਤੇ ਸਾਊ ਰੂਪੀ ਸ਼ਬਦਾਂ ਦੀ ਚਾਸ਼ਣੀ 'ਚ ਚਾੜ੍ਹ ਕੇ ਵਿਦਿਆਰਥੀਆਂ ਨੂੰ ਕੁਝ ਦੱਸਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਮੰਨਿਆਂ ਇੰਗਲੈਂਡ ਵਰਗਾ ਦੇਸ਼ ਖੁੱਲ੍ਹਡੁੱਲ੍ਹਾ ਹੈ। ਸੈਕਸ ਵੀ ਭਰਪੂਰ ਹੈ। ਉਸ ਸੈਕਸ ਦੇ ਤਜ਼ਰਬਿਆਂ ਨੂੰ ਖ਼ਾਸ ਕਰਕੇ ਵਿਦਿਆਰਥੀਆਂ ਨੂੰ ਮਸਾਲੇ ਲਾ ਲਾ ਦੱਸਣਾ ਕੋਈ ਚੰਗੀ ਗੱਲ ਨਹੀਂ। ਆਪੇ ਜਦੋਂ ਬੱਚਾ ਪ੍ਰੋੜ ਹੋ ਗਿਆ ਸਿੱਖਦਾ ਰਹੇਗਾ। ਖ਼ੂਨਦਾਨ ਤਾਂ ਸਭ ਕਰਦੇ ਹਨ ਸਪਰਮਦਾਨ ਜਾਂ 'ਸਪਰਮ ਡੋਨਰਜ਼' ਵੀ ਸਮਾਜ ਨੂੰ ਪਰੋਸਦੇ ਹਨ। ਫਿਰ ਉਸ ਵਿਧੀ ਨੂੰ ਬੜਾ ਕਾਮੁਕ ਵਾਤਾਵਰਣ 'ਚ ਪੇਸ਼ ਕਰਨਾ ਜਾਇਜ਼ ਹੈ। (ਪੰਨਾ 24)

ਸਮਲਿੰਗਿਕ ਵਰਤਾਰੇ ਨੂੰ ਸਾਰੇ ਸਮਾਜ ਵਿੱਚ ਕੋਈ ਮਾਨਤਾ ਨਹੀਂ। 'ਨਵਾਂ ਘਰ' ਕਹਾਣੀ ਪੜ੍ਹਦਿਆਂ ਬੇਸ਼ੱਕ ਨਾਇਕ ਦਾ ਰਾਹ ਕੁਦਰਤੀ ਵਰਤਾਰੇ 'ਮੁੰਡੇ' ਵਲ ਮੁੜਦਾ ਹੈ। ਪਰ ਕਹਾਣੀ ਵਿੱਚ ਪੇਸ਼ ਦ੍ਰਿਸ਼ ਅਤੇ ਵਾਰਤਾਲਾਪ ਕਾਮ-ਉਕਸਾਊ ਸਥਿਤੀਆਂ ਉਪਜਾਉਂਦੇ ਹਨ। (ਪੰਨਾ 60-61)

ਸਾਡੇ ਸਮਾਜ 'ਚ ਮਾਂ-ਧੀ ਦਾ ਰਿਸ਼ਤਾ ਸਰਵੋਤਮ ਹੈ। ਧੀ ਦੇ ਹਰ ਦੁੱਖ-ਸੁੱਖ 'ਚ ਮਾਂ ਭਾਈਵਾਲ ਹੈ। ਮਾਂ ਧੀ ਦੀ ਕਸ਼ਟ ਨਿਵਾਰਕ ਹੈ। ਬਦੇਸ਼ੀ ਸੱਭਿਆਚਾਰ 'ਚ ਸ਼ਰਾਬੀ ਤੇ ਸਿਗਰਟ-ਨੋਸ਼ੀ ਵਾਲੀ ਮਾਂ ਦਾ ਪ੍ਰੇਮੀ ਉਸ ਦੀ ਧੀ ਨਾਲ ਜ਼ਬਰ-ਜਿਨਾਹ ਕਰ ਜਾਂਦਾ ਹੈ ਪਰ ਮਾਂ ਆਪਣੇ ਸਵਾਰਥ ਅਤੇ ਭੁੱਖ ਲਈ ਸ਼ਾਂਤ ਰਹਿੰਦੀ ਹੈ। ਧੀ ਧਾਹਾਂ ਮਾਰ-ਮਾਰ ਰੋਂਦੀ ਹੈ। (ਪੰਨਾ 98)

ਕੀ ਸੰਤੋਖ ਧਾਲੀਵਾਲ ਦੀ ਇਹ ਪੁਸਤਕ ਪੜ੍ਹਾਉਂਦਿਆਂ ਕਹਾਣੀਕਾਰ ਦੀ ਸ਼ਬਦਾਵਲੀ ਅਤੇ ਘਟਨਾਵਾਂ ਨੂੰ ਇਕ ਸਾਊ ਅਧਿਆਪਕ ਗਹਿਰਾਈ 'ਚ ਜਾ ਕੇ ਪੜ੍ਹਾ ਸਕੇਗਾ? ਮੰਨਿਆ ਸੁਤੰਤਰਤਾ ਜਾਂ ਆਜ਼ਾਦੀ ਇਕ ਚੰਗੀ ਗੱਲ ਹੈ ਪਰ ਕਿਤੇ ਨਾ ਕਿਤੇ ਬੰਨ੍ਹ ਤਾਂ ਲਾਉਂਣਾ ਹੀ ਪਵੇਗਾ। ਸਮਾਜ ਨੂੰ ਅੱਗੇ ਹੀ ਇਨ੍ਹਾਂ ਗ਼ਲਤ ਧਾਰਨਾਵਾਂ ਤੋਂ ਮੋੜਨ ਲਈ ਬੁੱਧੀਜੀਵੀ ਫ਼ਿਕਰਮੰਦ ਹਨ। ਕੀ ਵਿਦਵਾਨ ਇਹੋ ਜਿਹੀਆਂ ਰਚਨਾਵਾਂ ਦੀ ਚੋਣ ਕਰਦਿਆਂ ਇਹ ਗੱਲ ਭੁੱਲ ਜਾਂਦੇ ਹਨ ਕਿ ਐੱਮ. ਏ. ਪੰਜਾਬੀ ਪ੍ਰਵਾਸੀ ਸਾਹਿਤ ਨਾਲ ਉਨ੍ਹਾਂ ਦੀ ਧੀ ਧਿਆਣੀ ਵੀ ਕਰ ਸਕਦੀ ਹੈ।

# ਹੀਰੋ ਬਣਨ ਦੇ ਚੱਕਰਾਂ 'ਚ ਵਿਲੇਂਨ ਦਾ ਕਿਰਦਾਰ ਨਿਭਾ ਰਹੇ ਪਾਤਰ



ਪਰਸ਼ੋਤਮ ਲਾਲ ਸਰੋਏ
91-92175-44348

ਦੁਨੀਆਵੀ ਮਾਹੌਲ ਨੂੰ ਦੇਖ-ਪਰਖ ਕਰਨ ਤੋਂ ਬਾਅਦ ਅਕਸਰ ਅਸੀਂ ਕਹਿ ਦਿੰਦੇ ਹਾਂ ਕਿ 'ਇਸ ਦੁਨੀਆਂ ਦਾ ਕੀ ਬਣੂੰਗਾ ਇਹ ਤਾਂ ਹੁਣ ਮਾਲਕ ਹੀ ਜਾਣਦਾ ਹੈ'। ਸੱਚਮੁੱਚ ਅੱਜ ਇਸ ਪਸ਼ੂਤਾ-ਰੂਪੀ ਸਮਾਜ ਦੀ ਗੱਲ ਕਰੀਏ ਤਾਂ ਇਸ ਦਾ ਕੀ ਬਣਨਾ ਹੈ ਇਸ ਬਾਬਤ ਕੋਈ ਵੀ ਕੁਝ ਨਹੀਂ ਜਾਣਦਾ ਸਿਵਾਇ ਉਸ ਇਕ ਪਾਰਬ੍ਰਹਮ ਪਰਮੇਸ੍ਵਰ ਦੇ। ਅੱਜ ਹਰ ਕੋਈ ਆਪਣੇ ਆਪ ਸਿਆਣਾ ਹੋਇਆ ਫਿਰਦਾ ਹੈ। ਇਨਸਾਨ ਬਣਨ ਦੀ ਬਜਾਇ ਅੱਜ ਬਨਾਵਟੀ ਰੁਤਬੇ ਕਾਇਮ ਹੋ ਗਏ ਹਨ। ਹਰ ਕੋਈ ਉਸ ਰੁਤਬੇ ਨੂੰ ਹਾਸਲ ਕਰਨ ਲਈ ਪੁੱਠੀਆਂ ਸਿੱਧੀਆਂ ਛਾਲਾਂ ਮਾਰ ਰਿਹਾ ਹੈ।

ਦੁਨੀਆਂ 'ਤੇ ਇੱਕ ਫਿਲਮ ਜਾਂ ਡਰਾਮਾ ਚੱਲ ਰਿਹਾ ਹੈ। ਜਿਸ ਵਿੱਚ ਹਰ ਕੋਈ ਆਪਣਾ ਆਪਣਾ ਰੋਲ ਪਲੇਅ ਕਰ ਰਿਹਾ ਹੈ ਭਾਵ ਕਿਰਦਾਰ ਨਿਭਾ ਰਿਹਾ ਹੈ। ਅਰਥਾਤ ਸਾਡਾ ਸਾਰਾ ਆਲਾ-ਦੁਆਲਾ ਕਿਸੇ ਫ਼ਿਲਮ, ਡਰਾਮੇਂ ਜਾਂ ਨਾਟਕ ਆਦਿ ਨਾਲ ਭਰਿਆ ਹੋਇਆ ਪ੍ਰਤੀਤ ਹੋ ਰਿਹਾ ਹੈ। ਇਸ ਦੁਨੀਆਂ 'ਤੇ ਕੋਈ ਨਾ ਕੋਈ ਸੀਰੀਅਲ, ਫ਼ਿਲਮ ਜਾਂ ਡਰਾਮੇ ਦੀ ਰਿਹਰਸਲ ਚੱਲਦੀ ਹੀ ਰਹਿੰਦੀ ਹੈ ਜਿਹੜੀ ਕਿ ਇੱਕ ਸਕਿੰਟ ਵਾਸਤੇ ਵੀ ਰੁਕਦੀ ਦਿਖਾਈ ਨਹੀਂ ਦਿੰਦੀ। ਇਹਦੇ ਵਿੱਚ ਅਲੱਗ-ਅਲੱਗ ਪਾਤਰ ਜਾਂ ਕਿਰਦਾਰ ਆਪਣਾ ਰੋਲ ਅਦਾ ਕਰ ਰਹੇ ਹਨ। ਹਰ ਕੋਈ ਹੀਰੋ ਜਾਂ ਹੀਰੋਇਨੀਆਂ (ਹੀਰੋਇਨ) ਦੀ ਤਰ੍ਹਾਂ ਵਿਵਹਾਰ ਕਰਨ ਲਈ ਤਤਪਰ ਹੋਇਆ 'ਮੇਰੀ ਕੋਠੀ ਵਿੱਚ ਦਾਣੇ ਮੇਰੇ ਕਮਲੇ ਵੀ ਸਿਆਣੇ' ਦਾ ਰਾਗ ਅਲਾਪਦਾ ਦਿਖਾਈ ਦਿੰਦਾ ਹੈ।

ਗੱਲ ਕਿ ਅੱਜ ਕੱਲ੍ਹ ਦੁਨੀਆਂ 'ਤੇ ਜਿਹੜੀ ਖਿਚੜੀ ਪਕਾਈ ਜਾ ਰਹੀ ਹੈ ਉਸ ਵਿੱਚ ਕਮਲੇ ਹੀ ਆਪਣੇ ਆਪ ਨੂੰ ਸਿਆਣੇ ਹੋਣ ਦਾ ਦਿਖਾਵਾ ਕਰਦੇ ਹੋਏ ਨਜ਼ਰੀਂ ਪੈ ਰਹੇ ਹਨ। ਭਾਵ 'ਆਪ ਕੁਚੱਜੀ ਜੱਗ ਨੂੰ ਮੱਤਾਂ ਦੇ' ਵਾਲੀ ਗਰੈਂਅ-ਗਰੈਂਅ ਗੜੱਚ ਹੋ ਰਹੀ ਹੈ, ਜਿਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਕਿਸੇ ਨੇ ਇਨਸਾਨ ਤਾਂ ਕੀ ਬਣਨਾ ਸ਼ਾਨ੍ਹ (ਇੱਕ ਕਿਸਮ ਦਾ ਪਸ਼ੂ) ਬਣ ਕੇ ਦੂਸਰਿਆਂ ਦੇ ਸਿੰਗ ਮਾਰਕੇ ਬੰਦਾ ਵੀ ਨਹੀਂ ਬਣ ਪਾਉਂਦਾ। ਸੱਚ ਕੜਵਾ ਹੁੰਦਾ ਹੈ ਤਾਂ ਹੀ ਤਾਂ ਇਹ ਬਹੁਤਿਆਂ ਨੂੰ ਚੁੱਭਦਾ ਵੀ ਹੈ।

ਇਕ ਡੌਂਡੀ ਵੀ ਪਿੱਟੀ ਜਾ ਰਹੀ ਹੈ ਕਿ ਸਾਡਾ ਸਮਾਜ ਪੜ੍ਹ-ਲਿਖ ਕੇ ਸੱਭਿਅਕ ਹੋ ਗਿਆ ਹੈ ਪਰ ਏਥੇ ਤਾਂ ਗਧਾ-ਘੋੜਾ ਇੱਕ ਬਰਾਬਰ ਦੀ ਗੱਲ ਢੁਕਦੀ ਜਾਪ ਰਹੀ ਹੈ। ਕਿਸੇ ਅਨਪੜ੍ਹ ਨੂੰ ਪੁੱਛ ਲਓ ਕਿ 'ਭਾਈ ਤੁਸੀਂ ਪੜ੍ਹੇਲਿਖੇ ਹੋ?' ਤਾਂ ਉਹ ਅੱਗੋਂ ਜਵਾਬ ਦੇਵੇਗਾ ਕਿ 'ਨਹੀਂ ਸਰ! ਜਾਂ ਨਹੀਂ ਮੈਡਮ!' ਪਰ ਦੂਜੇ ਪਾਸੇ ਇਹੀ ਸਵਾਲ ਕਿਸੇ ਪੜ੍ਹੇਲਿਖੇ ਕੋਲੋਂ ਪੁੱਛ ਲਿਆ ਜਾਵੇ ਤਾਂ ਉਹ ਕਹੇਗਾ 'ਆਹੋ! ਤੂੰ ਦੱਸ!' ਅੱਜ ਮੋਬਾਈਲ ਦਾ ਨਵਾਂ ਦੌਰ ਚੱਲ ਰਿਹਾ ਹੈ। ਕਿਸੇ ਨੂੰ ਆਪਣੀ ਮੂਰਖ਼ਤਾ ਦਿਖਾਉਂਣੀ ਹੋਵੇ ਤਾਂ ਪੜ੍ਹੇਲਿਖੇ ਦੀ ਆਵਾਜ਼ ਵੀ ਮੋਬਾਈਲ 'ਚੋਂ ਇਸ ਤਰ੍ਹਾਂ ਆਉਂਦੀ ਹੈ ਜਿਵੇਂ ਕੋਈ ਪਸ਼ੂ ਗੱਲ ਕਰ ਰਿਹਾ ਹੋਵੇ ਜਾਂ ਫਿਰ ਮੋਬਾਈਲ 'ਚ ਹੀ ਨੁਕਸ ਹੋਵੇ ਜਿਹੜਾ ਕਿ ਅੱਗਿਓ ਕਿਸੇ ਪੜ੍ਹੇਲਿਖੇ ਦੀ ਆਵਾਜ਼ ਨਾ ਸੁਣਾ ਕੇ 'ਭਊ! ਭਊ! ਭਊੜ.. ਦੀ ਟਿਊਨ ਵਜਾਉਂਦਾ ਨਜ਼ਰੀਂ ਪੈਂਦਾ ਹੈ।

ਕਿਸੇ ਨੂੰ ਉਸ ਦੀ ਪਹਿਚਾਣ ਪੁੱਛ ਕੇ ਦੇਖੋ ਤਾਂ ਸਹੀ ਕਿਵੇਂ ਆਪਣੇ ਆਪ ਮੀਆਂ-ਮਿੱਠੂ ਬਣਦਾ ਹੋਇਆ ਆਪਣੇ ਹੀ ਤਰੀਫ਼ਾਂ ਦੇ ਪੁੱਲ ਬੰਨ੍ਹਦਾ ਹੋਇਆ ਨਜ਼ਰੀਂ ਪਵੇਗਾ। 'ਮੈਂ ਫ਼ਲਾਣਾ ਮੰਤਰੀ ਹਾਂ, ਮੈਂ ਫ਼ਲਾਣੇ ਮੰਤਰੀ ਦਾ ਅੱਗਾ-ਪਿੱਛਾ ਹਾਂ, ਮੈਂ ਫ਼ਲਾਣਾ ਪ੍ਰਧਾਨ ਹਾਂ ਜਾਂ ਫ਼ਲਾਣੀ ਪਾਰਟੀ ਦਾ ਗੁਟਰ-ਗੂੰ ਹਾਂ। ਪਰ ਕਦੇ ਵੀ ਕਿਸੇ ਨੇ ਇਹ ਗੱਲ ਨਹੀਂ ਕਬੂਲ ਕੀਤੀ ਕਿ ਮੈਂ ਇੱਕ ਇਨਸਾਨ ਹਾਂ। ਭਾਵ ਇੱਥੇ ਇਹੀ ਗੱਲ ਹੋਈ ਕਿ ਮੈਂ ਦੁਨੀਆ ਦਾ ਦਾਤਾ ਹਾਂ, ਦੁਨੀਆਂ ਦਾ ਮਸੀਹਾਂ ਹਾਂ, ਮੈਂ ਹੀ ਹੀਰੋ ਹਾਂ ਤੇ ਬਾਕੀ ਸਾਰੇ ਜ਼ੀਰੋ ਹਨ।

ਸਾਰੇ ਇਸ ਗੱਲ ਦੀ ਡੌਂਡੀ ਤਾਂ ਜ਼ਰੂਰ ਪਿੱਟਦੇ ਹਨ ਕਿ ਗੁਰੂਆਂ-ਮਹਾਂਪੁਰਸ਼ਾਂ ਦੀ ਬਾਣੀ ਬਿਆਨ ਕਰਦੀ ਹੈ ਕਿ ਪਰਮਾਤਮਾ ਇੱਕ ਹੈ ਤੇ ਅਸੀਂ ਸਾਰੇ ਉਸ ਦੀ ਸੰਤਾਨ ਹਾਂ। ਭਾਵ ਸਾਰੇ ਬਰਾਬਰ ਹਨ। ਪਰ ਨਹੀਂ ਇੱਥੇ ਤਾਂ ਆਪਣੇ ਆਪ ਨੂੰ ਹੀਰੋ ਮੰਨਣ ਵਾਲਾ ਪਰਮਾਤਮਾ ਦਾ ਵੀ ਪਰਮਾਤਮਾ ਬਣਨ ਦਾ ਢੋਂਗ ਰਚਾਉਂਦਾ ਹੋਇਆ ਨਜ਼ਰੀਂ ਪਿਆ ਹੈ। ਪਰਮਾਤਮਾ ਦੇ ਨਾਂ 'ਤੇ ਵੀ ਧੰਦਾ ਜ਼ੋਰਾਂ-ਸ਼ੋਰਾਂ 'ਤੇ ਹੁੰਦਾ ਹੈ ਪਰ ਉਸ ਦਾ ਭੇਦ ਪਾਉਂਣ ਵਿੱਚ ਕਿਸੇ ਦੀ ਵੀ ਕੋਈ ਹਿੰਮਤ ਨਹੀਂ ਹੈ। ਭਾਂਵੇਂ ਕਿ ਸਾਡੇ ਸਮਾਜ ਦੇ ਅਸਲ ਹੀਰੋ ਗੁਰੂ, ਪੀਰ-ਪੈਗੰਬਰ, ਜਾਂ ਮਹਾਂਪੁਰਸ਼ ਹੀ ਹੁੰਦੇ ਹਨ ਜਿਨ੍ਹਾਂ ਨੇ ਕਿ ਆਪਣੀ ਅੰਮ੍ਰਿਤ ਤੋਂ ਮਿੱਠੀ ਬਾਣੀ ਦੇ ਰਾਹੀਂ ਸਮਾਜ ਨੂੰ ਜੀਵਨ ਜਿਊਂਣ ਦਾ ਢੰਗ ਸਮਝਾਉਂਣ ਦਾ ਯਤਨ ਕਰਦੇ ਹੋਏ ਇਸਦਾ ਮਾਰਗ ਦਰਸ਼ਨ ਕਰਨਾ ਹੁੰਦਾ ਹੈ ਜਾਂ ਕੀਤਾ ਹੈ। ਪਰ ਕੀ ਉਨ੍ਹਾਂ ਦੇ ਕੀਤੇ ਹੋਏ ਇਸ ਮਾਰਗ ਦਰਸ਼ਨ 'ਤੇ ਜਾਂ ਉਨ੍ਹਾਂ ਦੇ ਦਰਸਾਏ ਹੋਏ ਮਾਰਗ 'ਤੇ ਅੱਜ ਦਾ ਇਹ ਰੈਡੀਮੇਡ ਹੀਰੋ ਚੱਲ ਸਕਿਆ ਹੈ? ਜਾਂ ਇਸ ਵਿੱਚ ਉਸ ਮਾਰਗ 'ਤੇ ਚੱਲਣ ਦੀ ਸਮਰੱਥਾ ਹੈ?

ਇਸ ਮਾਮਲੇ ਵਿੱਚ ਇਹ ਜ਼ੀਰੋ ਕਰਕੇ ਹੀ ਗਿਣਿਆ ਜਾ ਸਕਦਾ ਹੈ। ਭਾਵ ਜ਼ਹਿਰ ਦਾ ਘੁੱਟ ਭਰਨ ਨੂੰ ਤਾਂ ਸਭ ਤਿਆਰ-ਬਰ-ਤਿਆਰ ਹਨ। ਪਰ ਮਹਾਂਪੁਰਸ਼ਾਂ ਦੇ ਅੰਮ੍ਰਿਤ-ਰੂਪੀ ਉਪਦੇਸ਼ਾਂ ਦੀ ਪਾਲਣਾ ਕਰਨਾ ਜਾਂ ਉਨ੍ਹਾਂ ਦੇ ਦਰਸਾਏ ਮਾਰਗ ਵੱਲ ਇਕ ਪੈਰ ਵੀ ਪੁੱਟਣ ਤੋਂ ਵੀ ਸਾਰੇ ਹੀ ਮੁਨਕਰ ਹੁੰਦੇ ਪ੍ਰਤੀਤ ਹੋ ਰਹੇ ਹਨ।

ਬਨਾਵਟੀ ਰੁਤਬਿਆਂ ਦਾ ਲੇਬਲ ਲਗਾ ਕੇ ਘੁੰਮਦਾ ਹੋਇਆ ਇਹ ਰੇਡੀਮੇਡ ਹੀਰੋ ਸਿਰਫ਼ ਤੇ ਸਿਰਫ਼ ਆਪਣੇ ਤੱਕ ਹੀ ਸੀਮਿਤ ਹੋ ਕੇ ਰਹਿ ਗਿਆ ਹੈ। ਦੂਸਰੇ ਦੇ ਲੱਤ ਮਾਰਾਂ ਤੇ ਮੈਂ ਆਪ ਅੱਗੇ ਲੰਘਾਂ ਵਾਲੀ ਗੁੜਤੀ ਪੀਣ ਦਾ ਆਦੀ ਬਣਿਆ ਹੋਇਆ ਇਹ ਰੈਡੀਮੇਟ ਜਾਂ ਦੂਸਰੇ ਸ਼ਬਦਾਂ ਵਿੱਚ ਡੁਪਲੀਕੇਟ ਹੀਰੋ ਫ਼ੋਕੀ ਚੌਧਰ ਹਾਸਲ ਕਰਨ ਦੇ ਨਸ਼ੇ ਵਿੱਚ ਧੁੱਤ ਹੋ ਕੇ ਇਨਸਾਨੀਅਤ ਤੋਂ ਗਿਰ ਰਿਹਾ ਹੈ ਤੇ ਇਨਸਾਨੀਅਤ ਨੂੰ ਢਾਹ ਲਾ ਕੇ ਆਪਣੀ ਹੀ ਬੱਕਰੀ ਕੋਠੇ 'ਤੇ ਚਾੜ੍ਹਨ ਦੀਆਂ ਵਿਊਂਤਾਂ ਗੁੰਦਦਾ ਹੋਇਆ ਵੱਖਰੀ ਜਿਹੀ ਕੜ੍ਹੀ ਘੋਲਣ ਤੋਂ ਵੀ ਬਾਜ ਨਹੀਂ ਆਉਂਦਾ।

ਮੈਂ ਦੁਨੀਆਂ ਦਾ ਮਾਲਕ,
ਮੈਂ ਦੁਨੀਆਂ ਦਾ ਮਸੀਹਾ,
ਮੈਂ ਆਹ ਕੀਤਾ, ਮੈਂ ਔਹ ਕੀਤਾ,
ਇਹੋ ਜਿਹੀ ਬੋਲੀ ਬੋਲਣ ਤੋਂ ,
ਕਦੇ ਰਹੇ ਨਾ ਚੁੱਪ-ਚੁਪੀਤਾ।
ਮਰਨ ਤੋਂ ਬਾਅਦ,
ਭਟਕਦੀ ਆਤਮਾਂ ਵਾਂਗ,
ਬਣ ਕੇ ਫਿਰੇ ਬਦਨੀਤਾ।

'ਜੇ ਮੇਰੇ ਪੁੱਠੇ ਕੰਮ ਵਿੱਚ ਟੰਗ ਅੜਾਈ, ਤਾਂ ਮੈਂ ਤੈਨੂੰ ਸੱਤ ਜਨਮਾਂ ਤੱਕ ਨਾ ਛੱਡੂੰ।' ਵਾਲਾ ਚੁਟਕਲਾ ਅੱਜ ਜੀਵਨ ਦੀ ਸੱਚਾਈ ਦਾ ਰੂਪ ਧਾਰਨ ਕਰ ਚੁੱਕਾ ਹੈ।

ਹਰ ਕੰਮ ਵਿੱਚ ਗੈਂਗਬਾਜੀ, ਧੜੇਬੰਦੀ, ਪਾਰਟੀਬਾਜੀ ਆਦਿ ਜਿਹੀ ਪ੍ਰਵਿਰਤੀ ਕਾਇਮ ਹੋਣ ਨਾਲ ਗੈਂਗਸਟਰਾਂ ਦੀ ਦੁਨੀਆਂ ਬਣ ਗਈ ਹੈ। ਉਹ ਚਾਹੇ ਕਿਸੇ ਵੀ ਕੰਮ ਵਿੱਚ ਕਿਉਂ ਨਾ ਹੋਵੇ। ਹਰ ਕੰਮ ਵਿੱਚ ਇੱਥੋਂ ਤੱਕ ਕਿ ਧਰਮ ਅਤੇ ਧਾਰਮਿਕ ਸਥਾਨਾਂ ਵਿੱਚ ਵੀ ਰਾਜਨੀਤੀ ਹੀ ਘੁਸੇੜ ਕੇ ਬੰਦੇ ਨੇ ਇਨਸਾਨ ਤਾਂ ਕੀ ਬਣਨਾ ਬੰਦਾ ਵੀ ਨਹੀਂ ਰਹਿ ਗਿਆ। ਅਰਥਾਤ ਨਾ ਸਮਝੀ ਨਾਲ ਗਾਇਆ ਹੋਇਆ ਕਾਮੇਡੀ ਗੀਤ – 'ਫਲਾਨੀਏ ਪੁੱਠੀ ਸਿੱਧੀ ਹੋ ਜਠੇਰੇ ਨੇੜੇ ਆਏ ਆ' ਜਿਹੀ ਧੁੰਨ ਵੱਜਦੀ ਹੋਈ ਪ੍ਰਤੀਤ ਹੋ ਰਹੀ ਹੈ। ਸੋ ਹਰ ਕੋਈ 'ਮੈਂ ਹੀ ਠੀਕ ਹਾਂ ਕਹਿ ਕੇ' ਦੂਜੇ ਨੂੰ ਵੀ ਆਪਣੇ ਵਾਲੇ ਪਾਸੇ ਵੱਲ ਜ਼ਬਰੀ ਖਿੱਚਣ ਦਾ ਯਤਨ ਕਰਦਾ ਹੋਇਆ ਨਜ਼ਰੀਂ ਪੈਂਦਾ ਹੈ।

ਦੁਨੀਆਂ 'ਤੇ ਚੱਲ ਰਹੇ ਪਲੇਅ ਦੇ ਸ਼ੀਨ ਤਾਂ ਇਸ ਗੀਤ ਦੀ ਹੀ ਗਵਾਹੀ ਭਰਦੇ ਹਨ-

ਮੇਰੇ ਕਹੇ 'ਤੇ ਚੱਲਿਆ, ਤਾਂ ਭਵਸਾਗਰ ਤਰ ਜਾਏਂਗਾ,
ਇੰਝ ਨਾ ਕੀਤੀ ਮੱਖਣਾ, ਤਾਂ ਭਾਂਡੇ ਵਿੱਚ ਵੜ ਜਾਏਂਗਾ।

ਅਰਥਾਤ ਬਿਨਾਂ ਸੋਚੇ ਵਿਚਾਰੇ ਹਰ ਕੋਈ ਇਹੀ ਸੋਚਾਂ ਸੋਚਦਾ ਹੋਇਆ ਨਜ਼ਰੀਂ ਪੈਂਦਾ ਹੈ ਕਿ ਮੈਂ ਹੀ ਸਹੀ ਦਿਸ਼ਾ ਵੱਲ ਜਾ ਰਿਹਾ ਹਾਂ। ਦੂਜੇ ਨੂੰ ਮੂਰਖ਼ ਬਣਾ ਕੇ ਮੇਰੀ ਕੋਠੜੀ ਵਿੱਚ ਦਾਣੇ ਆ ਜਾਣ।

ਕੇਵਲ ਮੈਂ ਹੀ ਠੀਕ ਹਾਂ ਤੇ ਦੁਨੀਆਂ ਦਾ ਹੀਰੋ ਵੀ ਮੈਂ ਹੀ ਹਾਂ ਤੇ ਦੂਸਰੇ ਸਾਰੇ ਗ਼ਲਤ ਹਨ। ਅਰਥਾਤ ਇੱਥੇ ਤਾਂ ਇਹ ਗੱਲ ਢੁਕਦੀ ਹੋਈ ਨਜ਼ਰੀ ਪੈ ਰਹੀ ਹੈ ਅਖੇ, 'ਉੱਥੇ ਜ਼ਹਿਰ ਵੀ ਲੱਗਦਾ ਮਿੱਠਾ, ਨਿੰਦਿਆ-ਚੁਗ਼ਲੀ ਦਾ ਜਿੱਥੇ ਕਿੱਤਾ।'

ਗੱਲ ਕੀ ਜੀ ਇਹ ਦੁਨੀਆਂ ਕਿਸੇ ਫ਼ਿਲਮ ਜਾਂ ਪਲੇਅ ਦੀ ਨਿਆਈਂ ਹੈ ਜਿਸ ਵਿੱਚ ਜੀਵ ਇੱਕ ਪਾਤਰ ਹੈ। ਅਧੁਨਿਕਤਾ ਦੇ ਦੌਰ ਨੇ ਬੰਦੇ ਦੀ ਐਸੀ ਮੱਤ ਮਾਰ ਦਿੱਤੀ ਹੈ ਕਿ ਇਹ ਭਾਵੇਂ ਆਪਣੇ ਚਿੱਤੋਂ ਹੀਰੋ ਹੀ ਬਣਦਾ ਹੈ ਪਰ ਅਸਲੋਂ ਇਹ ਕਿਸੇ ਬਿਲੇਂਨ ਦਾ ਪਾਰਟ ਹੀ ਅਦਾ ਕਰ ਰਿਹਾ ਭਾਸਦਾ ਹੈ। ਕਿਸੇ ਲਈ ਕੁਝ ਕਰਨ ਜਾਂ ਕਿਸੇ ਨੂੰ ਕੁਝ ਦੇਣ ਦੀ ਬਜਾਇ ਇਹ ਘਟੀਆਂ ਤੋਂ ਘਟੀਆ ਤਰੀਕਿਆਂ ਦਾ ਪ੍ਰਯੋਗ ਕਰਦਾ ਹੋਇਆ ਚੂਹੇ ਦੀ ਭਾਂਤੀ ਦੂਜਿਆਂ ਦੇ ਅਨਾਜ਼ ਦੀਆਂ ਬੋਰੀਆਂ ਟੁੱਕ ਕੇ ਹੀਰੋ ਬਣਨ ਦੀ ਬਜਾਇ ਦੁਨੀਆਂ 'ਤੇ ਚੱਲ ਰਹੇ ਕਿਸੇ ਪਲੇਅ ਵਿੱਚ ਬਿਲੈਂਨ ਦਾ ਪਾਰਟ ਬਾਖ਼ੂਬੀ ਨਿਭਾਉਂਦਾ ਨਜ਼ਰੀਂ ਪੈ ਰਿਹਾ ਹੈ।

# ਯਾਦਗਾਰੀ ਹੋ ਨਿੱਬੜਿਆ ਦੋਲੀਕੇ ਸੁੰਦਰਪੁਰ ਦਾ ਫੁਟਬਾਲ ਟੂਰਨਾਮੈਂਟ





**ਅਲਾਵਲਪੁਰ (ਮਦਨ ਬੰਗੜ)-** ਦੁਆਬੇ ਖਿੱਤੇ ਦੇ ਮਾਣ ਮੱਤੇ ਪਿੰਡ ਦੋਲੀਕੇ ਸੁੰਦਰਪੁਰ ਵਿਖੇ ਸਾਲਾਨਾ ਫੁਟਬਾਲ ਟੂਰਨਾਮੈਂਟ ਅਮਿੱਟ ਯਾਦ ਛੱਡਦਾ ਹੋਇਆ ਸੰਪੰਨ ਹੋ ਗਿਆ। ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ, ਬੀ. ਆਰ. ਅੰਬੇਦਕਰ ਸਪੋਰਟਸ ਕਲੱਬ (ਰਜਿ.) ਵੱਲੋਂ ਕਰਵਾਏ ਗਏ 29ਵੇਂ ਸਾਲਾਨਾ ਟੂਰਨਾਮੈਂਟ ਵਿਚ ਦੁਆਬੇ ਦੀਆਂ ਹੀ ਨਹੀਂ ਸਗੋਂ ਪੰਜਾਬ ਭਰ ਤੋਂ ਨਾਮਵਰ ਫੁਟਬਾਲ ਟੀਮਾਂ ਨੇ ਭਾਗ ਲਿਆ। 13 ਦਸੰਬਰ ਤੋਂ 17 ਦਸੰਬਰ ਤੱਕ ਚੱਲੇ ਇਸ ਟੂਰਨਾਮੈਂਟ ਵਿਚ ਖਿਡਾਰੀਆਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਚਰਨਜੀਤ ਸਿੰਘ ਨੇ ਦੱਸਿਆ ਕਿ ਜਸਵੀਰ ਸਿੰਘ ਸ਼ੀਰਾ, ਸਰਬਜੀਤ ਸਿੰਘ, ਗੁਰਦੇਵ ਸਿੰਘ ਦੇਬਾ, ਗੁਰਦਿਆਲ ਸਿੰਘ, ਗੁਰਮੇਲ ਸਿੰਘ, ਪਿੰਦਰ ਨਾਹਲ ਅਤੇ ਪ੍ਰਸਿੱਧ ਲੋਕ ਗਾਇਕ ਐਚ. ਐਸ. ਭਜਨ ਦੇ ਵਡਮੁੱਲੇ ਯੋਗਦਾਨ ਨਾਲ ਕਰਵਾਏ ਜਾਂਦੇ ਇਸ ਟੂਰਨਾਮੈਂਟ ਵਿਚ ਜੇਤੂ ਟੀਮ ਪਿੰਡ ਬੱਲ ਨੂੰ ਅਤੇ ਉਪ ਜੇਤੂ ਟੀਮਾਂ ਦੇ ਖਿਡਾਰੀਆਂ ਨੂੰ ਸ਼ੀਲਡਾਂ, ਨਕਦ ਰਾਸ਼ੀ ਅਤੇ ਟਰੈਕ ਸੂਟਾਂ ਨਾਲ ਸਨਮਾਨਿਤ ਕੀਤਾ ਗਿਆ।

ਸਮਾਪਤੀ ਸਮਾਗਮ ਸਭਿਆਚਾਰਕ ਮੇਲੇ ਦੌਰਾਨ ਪੰਜਾਬ ਦੇ ਨਾਮਵਰ ਗਾਇਕਾਂ ਵਿਚ ਨਿਰਮਲ ਸਿੰਘ, ਕੁਲਵਿੰਦਰ ਕਿੰਦਾ, ਬਲਜਿੰਦਰ ਰਿੰਪੀ ਅਤੇ ਪ੍ਰਸਿੱਧ ਗਾਇਕ ਐਚ. ਐਸ. ਭਜਨ ਵੱਲੋਂ ਵੀ ਆਪਣੀ ਗਾਇਕੀ ਨਾਲ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ। ਇਸ ਮੌਕੇ ਹਲਕਾ ਵਿਧਾਇਕ ਪਵਨ ਕੁਮਾਰ ਟੀਨੂੰ, ਜਥੇਦਾਰ ਹਰਨਾਮ ਸਿੰਘ ਅਲਾਵਲਪੁਰ, ਨਰਿੰਦਰ ਸ਼ਰਮਾ, ਦੀਪਕ ਗੁਪਤਾ ਉਚੇਚੇ ਤੌਰ ਤੇ ਹਾਜ਼ਰ ਸਨ। ਇਸ ਤੋਂ ਇਲਾਵਾ ਮੇਜਰ ਦੋਲੀਕੇ, ਡਾ. ਨਿੰਦੀ, ਤਰਨਜੀਤ ਸੋਨੀ, ਇੰਦਰਦੀਪ, ਭੁਪਿੰਦਰ, ਰੁਪਿੰਦਰ, ਬਿੱਟੂ, ਸ਼ੀਰਾ, ਸਾਹਿਲ ਕੁਲਵਿੰਦਰ, ਦੱਦੂ ਆਦਿ ਵੱਲੋਂ ਟੂਰਨਾਮੈਂਟ 'ਚ ਸੇਵਾਵਾਂ ਨਿਭਾਈਆਂ।ਇਸ ਤਰ੍ਹਾਂ ਸਮਾਪਤੀ ਸਮਾਗਮ ਅਤੇ ਟੂਰਨਾਮੈਂਟ ਮਿੱਠੀਆਂ ਯਾਦਾਂ ਛੱਡਦਾ ਸੰਪੰਨ ਹੋਇਆ।

# ਉੱਤਰ ਪ੍ਰਦੇਸ ਦੀਆਂ ਨਗਰ ਨਿਗਮ ਚੋਣਾਂ ਅਤੇ ਭਾਰਤੀ ਮੀਡੀਆ ਦਾ ਕੱਚ ਸੱਚ



ਕੁਲਵੰਤ ਸਿੰਘ ਟਿੱਬਾ
91-92179-71379

ਹਾਲ ਹੀ ਵਿੱਚ ਹੋਈਆਂ ਉੱਤਰ ਪ੍ਰਦੇਸ ਦੀਆਂ ਕਾਰਪੋਰੇਸ਼ਨ,ਨਗਰ ਕੌਂਸਲ ਅਤੇ ਨਗਰ ਪੰਚਾਇਤਾਂ ਦੇ ਚੋਣ ਨਤੀਜੇ ਲੰਘੀ 2 ਦਸੰਬਰ ਨੂੰ ਆਏ। ਚੋਣ ਨਤੀਜਿਆਂ ਦੀ ਸਮੀਖਿਆ ਵਾਲੇ ਵਿਸ਼ੇਸ਼ ਟੀਵੀ ਸੋਅ ਆਯੋਜਿਤ ਕਰਕੇ ਦੇਸ ਦੇ ਇਲੈਕਟ੍ਰੋਨਿਕ ਮੀਡੀਏ ਨੇ ਜਿਸ ਤਰਾਂ ਭਾਜਪਾ ਦਾ ਗੁਣਗਾਨ ਕੀਤਾ,ਉਹ ਭਾਰਤ ਦੀ ਲੋਕਤੰਤਰਿਕ ਵਿਵਸਥਾ ਦਾ ਚੌਥਾ ਥੰਮ ਮੰਨੇ ਜਾਣ ਵਾਲੇ ਮੀਡੀਏ ਦੀ ਭੂਮਿਕਾ ਨੂੰ ਸ਼ਰਮਸਾਰ ਕਰਦਾ ਹੈ। ਉੱਤਰ ਪ੍ਰਦੇਸ ਦੀਆਂ ਇਨ੍ਹਾਂ ਚੋਣਾਂ ਦੇ ਨਤੀਜਿਆਂ ਦੀ ਸਮੀਖਿਆ ਦੀ ਆੜ ਹੇਠ ਭਾਰਤ ਦੇ ਇਲੈਕਟ੍ਰੋਨਿਕ ਮੀਡੀਏ ਦੇ ਇੱਕ ਵੱਡੇ ਹਿੱਸੇ ਨੇ ਭਾਜਪਾ ਦੇ ਬੁਲਾਰੇ ਦਾ ਕਿਰਦਾਰ ਨਿਭਾਇਆ ਉਹ ਸੱਚਮੁੱਚ ਹੀ ਨਿੰਦਣਯੋਗ ਹੈ। ਅਜਿਹਾ ਮੀਡੀਏ ਵੱਲੋਂ ਯੋਜਨਾਬੱਧ ਢੰਗ ਨਾਲ ਨਿਸ਼ਚਿਤ ਹੀ ਗੁਜਰਾਤ ਵਿੱਚ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੂੰ ਫ਼ਾਇਦਾ ਪਹੁੰਚਾਉਣ ਲਈ ਕੀਤਾ ਗਿਆ ਤਾਂ ਕਿ ਗੁਜਰਾਤ ਦੇ ਵੋਟਰਾਂ ਦੇ ਮਨਾਂ ਵਿੱਚ ਭਰਮ ਪਾਇਆ ਜਾਵੇ ਕਿ ਭਾਜਪਾ ਅਜਿੱਤ ਹੈ ਅਤੇ ਵਿਰੋਧੀ ਸਿਆਸੀ ਪਾਰਟੀਆਂ ਦੀ ਭਾਜਪਾ ਦੇ ਅੱਗੇ ਕੋਈ ਹਸਤੀ ਨਹੀਂ ਹੈ। ਪਰ ਜਦੋਂ ਅਸੀਂ ਉੱਤਰ ਪ੍ਰਦੇਸ ਦੀਆਂ ਸਥਾਨਕ ਸਰਕਾਰਾਂ ਦੇ ਇਨ੍ਹਾਂ ਚੋਣ ਨਤੀਜਿਆਂ ਦੀ ਸੱਚੀ ਅਤੇ ਸਹੀ ਪੜਚੋਲ ਕਰਦੇ ਹਾਂ ਤਾਂ ਮੀਡੀਏ ਅੰਦਰ ਆ ਚੁੱਕੇ ਨਿਘਾਰ ਦਾ ਅੰਦਾਜਾ ਸਹਿਜੇ ਹੀ ਲਗਾਇਆ ਜਾ ਸਕਦਾ। ਵੱਡੇ ਕਾਰਪੋਰੇਟ ਘਰਾਣਿਆਂ ਦੀ ਮਾਲਕੀ ਵਾਲੇ ਮੀਡੀਏ ਵੱਲੋਂ ਪੇਸ਼ ਕੀਤੀ ਭਾਜਪਾ ਦੀ ਵੱਡੀ ਜਿੱਤ ਚੋਣ ਕਮਿਸ਼ਨ ਦੇ ਅਧਿਕਾਰਤ ਅੰਕੜਿਆਂ ਅੱਗੇ ਬੌਣੀ ਪ੍ਰਤੀਤ ਹੁੰਦੀ ਹੈ। ਕਾਰਪੋਰੇਟ ਮੀਡੀਏ ਵੱਲੋਂ ਉੱਤਰ ਪ੍ਰਦੇਸ ਦੇ 16 ਨਗਰ ਨਿਗਮਾਂ ਵਿੱਚੋਂ 14 ਨਗਰ ਨਿਗਮਾਂ ਅੰਦਰ ਭਾਜਪਾ ਦੇ ਮੇਅਰ ਜਿੱਤ ਜਾਣ ਨੂੰ ਵੱਡੀ ਪ੍ਰਾਪਤੀ ਗਰਦਾਨ ਦਿੱਤਾ ਗਿਆ ਜਦਕਿ ਨਗਰ ਕੌਂਸਲਾਂ, ਨਗਰ ਪੰਚਾਇਤਾਂ ਦੇ ਚੋਣ ਨਤੀਜੇ ਅਣਗੌਲੇ ਕਰਕੇ ਇਸ ਤਰਾਂ ਪੇਸ਼ ਕਰਨ ਦਾ ਯਤਨ ਕੀਤਾ, ਜਿਵੇਂ ਉੱਤਰ ਪ੍ਰਦੇਸ ਵਿੱਚ ਸਿਰਫ਼ ਮੇਅਰ ਦੀ ਚੋਣ ਲਈ ਇਲੈਕਸ਼ਨ ਹੋਈ ਹੋਵੇ। ਕਾਰਪੋਰੇਟ ਮੀਡੀਏ ਵੱਲੋਂ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਦੇਸ ਦੀ ਆਰਥਿਕਤਾ ਨੂੰ ਹਿਲਾ ਕੇ ਰੱਖ ਦੇਣ ਵਾਲੇ ਦੋ ਵੱਡੇ ਫ਼ੈਸਲਿਆਂ ਨੂੰ ਸਹੀ ਸਿੱਧ ਕਰਨ ਦੀ ਕਾਹਲ ਪ੍ਰਤੱਖ ਦੇਖਣ ਨੂੰ ਮਿਲੀ। ਇਹ ਸੱਚਾਈ ਹੈ ਕਿ ਮੀਡੀਆ ਦਾ ਵੱਡਾ ਹਿੱਸਾ ਵੱਡੇ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿੱਚ ਸਿਮਟ ਕੇ ਰਹਿ ਗਿਆ ਹੈ ਅਤੇ ਅੱਗੋਂ ਇਨ੍ਹਾਂ ਕਾਰਪੋਰੇਟ ਘਰਾਣਿਆਂ ਦੇ ਹਿਤ ਸਿਆਸੀ ਸੱਤਾ ਨਾਲ ਜਾ ਮਿਲਦੇ ਹਨ। ਕੇਂਦਰ ਦੀ ਸੱਤਾ ਤੇ ਪਹਿਲਾਂ ਵੀ ਵੱਖ ਵੱਖ ਸਿਆਸੀ ਪਾਰਟੀਆਂ ਦਾ ਸ਼ਾਸਨ ਰਿਹਾ ਹੈ ਪਰ ਮੌਜੂਦਾ ਦੌਰ ਵਿੱਚ ਇਲੈਕਟ੍ਰੋਨਿਕ ਮੀਡੀਏ ਦੀ ਸਿਆਸੀ ਹਿਤਾਂ ਲਈ ਸ਼ਰੇਆਮ ਦੁਰਵਰਤੋਂ ਦੀ ਮਿਸਾਲ ਇਸ ਤੋਂ ਪਹਿਲਾ ਕਦੇ ਨਹੀਂ ਮਿਲਦੀ। ਇਸ ਸਮੁੱਚੇ ਵਰਤਾਰੇ ਨੂੰ ਦੇਖ ਕੇ ਇੰਜ ਲੱਗਦਾ ਹੈ ਕਿ ਮੀਡੀਆ ਦਾ ਆਮ ਜਨਤਾ ਦੇ ਮੁੱਦਿਆਂ ਨਾਲ ਕੋਈ ਵਾਹ ਵਾਸਤਾ ਹੀ ਨਹੀਂ ਰਿਹਾ ਹੈ, ਸਗੋਂ ਉਸਦਾ ਇੱਕ ਨੁਕਾਤੀ ਪ੍ਰੋਗਰਾਮ ਭਾਜਪਾ ਦੀ ਜੀ ਹਜ਼ੂਰੀ ਕਰਨਾ ਹੀ ਰਹਿ ਗਿਆ ਹੈ। ਖੈਰ ਉੱਤਰ ਪ੍ਰਦੇਸ ਦੀਆਂ ਇਨ੍ਹਾਂ ਚੋਣਾਂ ਦੀ ਚਰਚਾ ਕਰਨ ਤੋਂ ਪਹਿਲਾਂ ਮੈਂ ਯੂ ਪੀ ਦੀਆਂ 2012 ਦੀਆਂ ਨਗਰ ਨਿਗਮ ਚੋਣਾਂ ਦਾ ਜ਼ਿਕਰ ਕਰਨਾ ਜ਼ਰੂਰੀ ਸਮਝਦਾ ਹਾਂ।



ਸਾਲ 2012 ਦੌਰਾਨ ਯੂ ਪੀ ਵਿੱਚ 12 ਨਗਰ ਨਿਗਮ ਸਨ ਅਤੇ ਉਦੋਂ ਭਾਜਪਾ 10 ਮਹਾਂ ਨਗਰਾਂ ਵਿੱਚ ਮੇਅਰ ਬਣਾਉਣ ਵਿੱਚ ਕਾਮਯਾਬ ਰਹੀ ਅਤੇ 2 ਥਾਈਂ ਆਜ਼ਾਦ ਮਹਾਂਨਗਰਾਂ ਦੇ ਮੇਅਰ ਬਣੇ ਸਨ। ਵਰਤਮਾਨ ਵਿੱਚ ਨਗਰ ਨਿਗਮਾਂ ਦੀ ਗਿਣਤੀ ਵੱਧ ਕੇ 12 ਤੋਂ 16 ਹੋ ਗਈ। ਭਾਜਪਾ ਹਾਲ ਹੀ ਵਿੱਚ ਹੋਈਆਂ ਸਥਾਨਕ ਸਰਕਾਰਾਂ ਦੀਆਂ ਚੋਣਾਂ ਵਿੱਚ 16 ਵਿੱਚੋਂ 14 ਮਹਾਂ ਨਗਰਾਂ ਵਿੱਚ ਆਪਣੇ ਮੇਅਰ ਬਣਾਉਣ ਵਿੱਚ ਕਾਮਯਾਬ ਰਹੀ ਜਦਕਿ ਦੋ ਮਹਾਂਨਗਰਾਂ ਅਲੀਗੜ੍ਹ ਅਤੇ ਮੇਰਠ ਵਿੱਚ ਬਹੁਜਨ ਸਮਾਜ ਪਾਰਟੀ ਜਿੱਤ ਗਈ। ਹੁਣ ਸਵਾਲ ਇਹ ਉੱਠਦਾ ਹੈ ਕਿ ਜੇਕਰ ਭਾਜਪਾ ਸਾਲ 2012 ਵਿੱਚ ਵੀ ਕੁੱਲ ਮੇਅਰਾਂ ਵਿੱਚੋ 2 ਸੀਟਾਂ ਹਾਰਦੀ ਹੈ ਅਤੇ ਵਰਤਮਾਨ ਵਿੱਚ ਵੀ ਉਹ ਦੋ ਮਹਾਂਨਗਰਾਂ ਵਿੱਚ ਜਾਂਦੀ ਹੈ। ਇਸ ਵਿੱਚ ਭਾਜਪਾ ਦਾ ਵਿਕਾਸ ਜਾਂ ਜਿੱਤ ਕਿਵੇਂ ਹੋ ਗਈ। ਇਸ ਤੋਂ ਵੀ ਹੈਰਾਨੀਜਨਕ ਤੱਥ ਹਨ ਕਿ ਉੱਤਰ ਪ੍ਰਦੇਸ ਵਿੱਚ ਸਾਲ 2012 ਦੌਰਾਨ ਭਾਜਪਾ ਦੇ 10 ਮੈਂਬਰ ਪਾਰਲੀਮੈਂਟ ਅਤੇ 47 ਵਿਧਾਇਕ ਸਨ ਜਦਕਿ ਮੌਜੂਦਾ ਸਮੇਂ ਭਾਜਪਾ ਦੇ 71 ਮੈਂਬਰ ਪਾਰਲੀਮੈਂਟ ਅਤੇ 312 ਵਿਧਾਇਕ ਹਨ। ਇਸਤੋਂ ਇਲਾਵਾ ਸੂਬੇ ਅਤੇ ਕੇਂਦਰ ਵਿੱਚ ਭਾਜਪਾ ਦੀ ਦੀ ਸਰਕਾਰ ਹੈ ਅਤੇ ਖ਼ੁਦ ਮੁੱਖ ਮੰਤਰੀ ਯੋਗੀ ਅਦਿੱਤਿਆ ਨਾਥ ਸਮੇਤ ਕੇਂਦਰੀ ਮੰਤਰੀ ਇਨ੍ਹਾਂ ਚੋਣਾ ਵਿੱਚ ਪ੍ਰਚਾਰ ਕਰਦੇ ਰਹੇ। ਪਰ ਭਾਜਪਾ ਫਿਰ ਵੀ ਨਗਰ ਨਿਗਮ ਚੋਣਾ ਵਿੱਚ ਆਪਣੀ 2012 ਦੀ ਕਾਰਗੁਜ਼ਾਰੀ ਤੋਂ ਬਿਹਤਰ ਨਹੀਂ ਕਰ ਸਕੀ। ਜਦਕਿ ਇਸ ਦੇ ਉਲਟ ਜਦੋਂ ਅਸੀਂ ਬਹੁਜਨ ਸਮਾਜ ਪਾਰਟੀ ਦੀ ਕਾਰਗੁਜ਼ਾਰੀ ਦੇਖਦੇ ਹਾਂ ਤਾਂ ਮੀਡੀਆ ਦਾ ਝੂਠ ਉਜਾਗਰ ਹੁੰਦਾ ਹੈ। ਸਾਲ 2012 ਵਿੱਚ ਬਸਪਾ ਇੱਕ ਵੀ ਨਗਰ ਨਿਗਮ, ਨਗਰ ਕੌਂਸਲ ਅਤੇ ਨਗਰ ਪੰਚਾਇਤ ਤੇ ਕਾਬਜ਼ ਨਹੀਂ ਸੀ।



ਉਦੋਂ ਬਸਪਾ ਕੋਲ 80 ਵਿਧਾਇਕ ਸਨ ਜੋ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਘੱਟ ਕੇ 19 ਰਹਿ ਗਏ ਜਦਕਿ 20 ਮੈਂਬਰ ਪਾਰਲੀਮੈਂਟ ਸਨ ਅਤੇ ਮੌਜੂਦਾ ਸਮੇਂ ਬਸਪਾ ਦਾ ਇੱਕ ਵੀ ਲੋਕ ਸਭਾ ਮੈਂਬਰ ਨਹੀ। ਇਸ ਦੇ ਬਾਵਜੂਦ ਵੀ ਬਸਪਾ 2 ਨਗਰ ਨਿਗਮਾਂ ਤੇ ਜਿੱਤ ਦਾ ਝੰਡਾ ਬੁਲੰਦ ਕਰਨ ਤੋਂ ਇਲਾਵਾ 29 ਨਗਰ ਕੌਂਸਲਾਂ ਦੇ ਪ੍ਰਧਾਨ ਅਤੇ 45 ਨਗਰ ਪੰਚਾਇਤਾਂ ਦੇ ਚੇਅਰਮੈਨ ਬਣਾਉਣ ਵਿੱਚ ਵਿੱਚ ਕਾਮਯਾਬ ਰਹੀ। ਜਦਕਿ ਇਨ੍ਹਾਂ ਚੋਣਾਂ ਵਿੱਚ ਬਸਪਾ ਮੁਖੀ ਕੁਮਾਰੀ ਮਾਇਆਵਤੀ ਨੇ ਚੋਣ ਪ੍ਰਚਾਰ ਤੋਂ ਦੂਰੀ ਬਣਾਈ ਰੱਖੀ।

ਇਨ੍ਹਾਂ ਤੱਥਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਮੀਡੀਆ ਭਾਜਪਾ ਦੇ ਹੱਕ ਵਿੱਚ ਮਾਹੌਲ ਤਿਆਰ ਕਰਨ ਦਾ ਕੰਮ ਕਰਦਾ ਹੈ। ਇਸੇ ਤਰਾਂ ਹੀ ਨਗਰ ਕੌਂਸਲ ਦੇ ਪ੍ਰਧਾਨ ਲਈ ਯੂ ਪੀ ਵਿੱਚ ਕੁੱਲ 198 ਸੀਟਾਂ ਲਈ ਵੋਟਿੰਗ ਹੋਈ ਅਤੇ ਭਾਜਪਾ ਸਿਰਫ਼ 70 ਸੀਟਾਂ ਜਿੱਤ ਸਕੀ,ਜਦਕਿ ਨਗਰ ਪੰਚਾਇਤਾਂ ਦੇ ਚੇਅਰਮੈਨ ਲਈ ਕੁੱਲ 438 ਸੀਟਾਂ ਵਿੱਚੋਂ ਭਾਜਪਾ 100 ਸੀਟਾਂ ਜਿੱਤੀ। ਜਦੋਂ ਅਸੀਂ ਇਨ੍ਹਾਂ ਅੰਕੜਿਆਂ ਨੂੰ ਦੇਖਦੇ ਹਾਂ ਤਾਂ ਇਸ ਨੂੰ ਹੂੰਝਾ ਫੇਰ ਜਿੱਤ ਨਹੀਂ ਕਿਹਾ ਜਾ ਸਕਦਾ।

ਇਨ੍ਹਾਂ ਚੋਣਾ ਵਿੱਚ ਬਾਗਪਤ ਦੇ ਬੜੌਤ, ਬੁਲੰਦ ਸ਼ਹਿਰ ਦੇ ਡੁਬਾਈ, ਬਿਜਨੌਰ ਦੇ ਕਿਰਤਪੁਰ, ਬਸਰਾਉਂ, ਟਾਂਡਾ ਅਤੇ ਸੇਰਕੋਟ ਵਿੱਚ ਭਾਜਪਾ ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋ ਗਈ। ਇਸੇ ਤਰਾਂ ਹੀ ਨਗਰ ਕੌਂਸਲ ਅਤੇ ਨਗਰ ਪੰਚਾਇਤ ਦੇ ਪ੍ਰਧਾਨ ਦੀ ਚੋਣ ਵਿੱਚ ਰਾਮਪੁਰ, ਸੰਭਲ, ਏਟਾ, ਆਗਰਾ, ਬੀਸਲਪੁਰ ਅਤੇ ਕਨੌਜ ਵਿੱਚ 14 ਥਾਵਾਂ 'ਤੇ ਭਾਜਪਾ ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋਈ। ਸਹੀ ਅਤੇ ਬਿਨਾਂ ਪੱਖਪਾਤ ਤੋਂ ਕਵਰੇਜ ਕਰਕੇ ਮੀਡੀਆ ਨੂੰ ਦੇਸ ਹਿਤ ਵਿੱਚ ਕਾਰਜ ਕਰਨਾ ਚਾਹੀਦਾ ਹੈ ਤਾਂ ਕਿ ਪੱਤਰਕਾਰਤਾ ਵਿੱਚ ਜਨਤਾ ਦਾ ਭਰੋਸਾ ਕਾਇਮ ਰਹਿ ਸਕੇ।

# ਸੱਭਿਆਚਾਰਕ ਵਿਰਸੇ ਦਾ ਪੁਜਾਰੀ- ਬੂਟਾ ਗੁਲਾਮੀ ਵਾਲਾ



ਪ੍ਰੀਤਮ ਲੁਧਿਆਣਵੀ
+91-9876428641

ਪੰਜਾਬੀ ਸੱਭਿਆਚਾਰ ਵਿਰਸੇ ਬਾਰੇ ਲਿਖਣਾ ਵੀ ਆਮ ਕਿਸੇ ਹਾਰੀ-ਸਾਰੀ ਦੇ ਵੱਸ ਦੀ ਗੱਲ ਨਹੀ ਹੁੰਦੀ। ਉਹੀ ਲਿਖ ਸਕਦਾ ਹੈ ਜਿਸ ਨੂੰ ਸੱਭਿਆਚਾਰਕ ਵਿਰਸੇ ਬਾਰੇ ਗਿਆਨ ਵੀ ਹੋਵੇ ਅਤੇ ਸੱਭਿਆਚਾਰਕ ਵਿਰਸੇ ਨਾਲ ਉਸਦਾ ਮੋਹ ਅਤੇ ਦਿਲੀ ਲਗਾਓ ਵੀ ਹੋਵੇ। ਪੰਜਾਬੀ ਸੱਭਿਆਚਾਰਕ ਵਿਰਸੇ ਨੂੰ ਯਾਦ ਰੱਖਣ ਅਤੇ ਸੰਭਾਲਣ ਦਾ ਇਹ ਕੰਮ ਜਿਨ੍ਹਾਂ ਦੇ ਹਿੱਸੇ ਆਇਆ ਹੈ ਅਤੇ ਇਸ ਡਿਊਟੀ ਨੂੰ ਜਿਹੜੇ ਬਾ-ਖ਼ੂਖੀ ਨਿਭਾ ਵੀ ਰਹੇ ਹਨ, ਉਨ੍ਹਾਂ ਵਿਚ ਇਕ ਮਾਣ-ਮੱਤਾ ਨਾਂਓਂ ਸ਼ਾਮਲ ਹੈ- ਬੂਟਾ ਗੁਲਾਮੀ ਵਾਲਾ।

ਬੂਟਾ ਗੁਲਾਮੀ ਵਾਲਾ ਦਾ ਜਨਮ ਜਿਲ੍ਹਾ ਫਿਰੋਜ਼ਪੁਰ ਦੇ ਪਿੰਡ ਗੁਲਾਮ ਪੱਤਰਾ ਵਿਚ ਮਾਤਾ ਸੁਰਜੀਤ ਕੌਰ ਅਤੇ ਪਿਤਾ ਬੁੱਢਾ ਸਿੰਘ ਦੇ ਘਰ ਹੋਇਆ। ਗੁਲਾਮੀ ਵਾਲਾ ਨੇ ਦੱਸਿਆ ਕਿ ਲਿਖਣ ਦੀ ਚੇਟਕ ਉਸ ਨੂੰ ਅੱਠਵੀਂ ਕਲਾਸ ਵਿਚ ਪੜ੍ਹਦਿਆਂ ਹੀ ਲੱਗ ਗਈ ਸੀ। ਉਸ ਟਾਇਮ ਮਾੜੇ-ਮੋਟੇ ਸ਼ੇਅਰ ਲਿਖਣੇ ਅਤੇ ਜਲੰਧਰ ਤੋਂ ਛਪਦੇ ਸਪਤਾਹਿਕ 'ਸਮਰਾਟ' ਵਿਚ ਛਪਵਾ ਲੈਣੇ। ਬੱਸ ਇੰਝ ਸ਼ੇਅਰਾਂ ਦੇ ਛਪਣ ਨਾਲ ਹੀ ਉਹ ਬੂਟਾ ਤੋਂ 'ਬੂਟਾ ਗੁਲਾਮੀ ਵਾਲਾ' ਬਣ ਗਿਆ। ਉਸ ਨੂੰ ਲਿਖਣ ਦੀ ਕਲਾ ਭਾਂਵੇ ਗੌਡ-ਗਿਫਟ ਹੀ ਮਿਲੀ ਸੀ, ਪਰ, ਉਸ ਨੇ ਰਵਾਇਤ ਮੁਤਾਬਕ ਆਪਣਾ ਉਸਤਾਦ ਸ਼੍ਰੀ ਚਮਨ ਲਾਲ ਸ਼ੁਗਲ ਜੀ ਨੂੰ ਬਣਾਇਆ। 1990 ਵਿਚ ਉਸ ਨੂੰ ਆਪਣਾ ਪਿੰਡ ਛੱਡ ਕੇ ਕੋਟ ਈਸੇ ਖਾਂ ਮੋਗਾ ਵਿਖੇ ਆਉਣਾ ਪਿਆ। ਇਥੇ ਆ ਕੇ ਉਸ ਨੇ ਆਸੇ-ਪਾਸੇ ਦੇ ਲੇਖਕਾਂ ਨੂੰ ਇਕੱਠਿਆਂ ਕਰਕੇ ਸਾਹਿਤ ਸਭਾ ਦਾ ਗਠਣ ਕੀਤਾ, ਜਿਸ ਦਾ ਕਿ ਉਹ ਅੱਜ ਵੀ ਪ੍ਰਧਾਨ ਹੈ।




ਗੁਲਾਮੀ ਵਾਲਾ ਨੇ ਆਪਣੀ ਸਭ ਤੋ ਪਹਿਲੀ ਪੁਸਤਕ ਸ਼ੇਅਰੋ ਸ਼ਾਇਰੀ ਦੀ ਛਪਵਾਈ, ਜਿਸ ਦੀ ਨੌਜਵਾਨ ਵਰਗ ਵਿਚ ਕਾਫੀ ਚਰਚਾ ਹੋਈ। ਇਸ ਦੋਰਾਨ, 'ਸਾਗ ਮੱਕੀ ਦੀ ਰੋਟੀ', 'ਮਾਈ ਲਾਲੀ ਦੀ ਭੱਠੀ ਤੇ ਮੇਰਾ ਪਿੰਡ', 'ਬੀਤੇ ਸਮੇ ਦਾ ਬਲਬ ਸੀ ਲਾਲਟੈਨ', 'ਪਿੰਡਾਂ ਦੀ ਪ੍ਰਾਹੁਣਚਾਰੀ', 'ਪੰਜਾਬੀ ਵਿਰਸੇ ਵਿੱਚ ਛੱਜ', 'ਆਉ ਤੱਤਾ ਤੱਤਾ ਗੁੜ ਖਵਾਈਏ', 'ਪੱਖੀ ਘੁੰਗਰੂਆਂ ਵਾਲੀ', 'ਦਾਤੀ ਨੂੰ ਲਵਾ ਦੇ ਘੁੰਗਰੂ' ਆਦਿ ਸੱਭਿਆਚਾਰਕ ਵਿਰਸੇ ਨੂੰ ਦਰਸਾਉਂਦੇ ਉਸ ਦੇ ਲਿਖੇ ਪੰਜਾਬੀ ਲੇਖ ਬਹੁਤ ਮਕਬੂਲ ਹੋਏ ਅਤੇ ਹਰੇਕ ਅਖਬਾਰ ਅਤੇ ਰਸਾਲੇ ਵਿਚ ਛਪਣ ਲੱਗੇ। ਫਿਰ, 2008 ਅਤੇ 2013 ਵਿਚ ਉਸ ਨੂੰ ਨਨਕਾਣਾ ਸਾਹਿਬ ਜੀ ਦੀ ਪਵਿੱਤਰ ਧਰਤੀ 'ਤੇ ਜਥੇ ਦੇ ਨਾਲ ਪਾਕਿਸਤਾਨ ਜਾਣ ਦਾ ਮੌਕਾ ਮਿਲਿਆ। ਇਨ੍ਹਾਂ ਦੋ ਯਾਤਰਾਵਾਂ ਨੂੰ ਇਕ ਪੁਸਤਕ ਦਾ ਰੂਪ ਦੇ ਕੇ 'ਪਾਕਿਸਤਾਨ ਜਿਹੋ ਜਿਹਾ ਮੈਂ ਵੇਖਿਆ' ਸਫ਼ਰਨਾਮਾ ਛਪਵਾਇਆ। ਇਸ ਸਫ਼ਰਨਾਮੇ ਨੇ ਗੁਲਾਮੀ ਵਾਲਾ ਨੂੰ ਉਚ ਕੋਟੀ ਦੇ ਲੇਖਕਾਂ ਵਿਚ ਲਿਆ ਖੜ੍ਹਾ ਕੀਤਾ। ਉਸ ਦਾ ਇਹ ਸਫ਼ਰਨਾਮਾ ਇੰਨਾ ਧੜਾ-ਧੜ ਵਿਕਿਆ ਕਿ ਇਸ ਦੇ ਤਿੰਨ ਐਡੀਸ਼ਨ ਆਏ। ਉਪਰੰਤ ਉਸ ਨੇ ਇਕ ਹੋਰ ਧਾਰਮਿਕ ਸਫ਼ਰਨਾਮਾ, 'ਸ਼੍ਰੀ ਹੇਮਕੁੰਟ ਸਾਹਿਬ' ਛਪਵਾਇਆ ਜਿਸ ਦੀ ਵੀ ਕਾਫੀ ਚਰਚਾ ਹੋਈ। ਇਸ ਦੇ ਨਾਲ ਹੀ 'ਜ਼ਿੰਦਗੀ ਦਾ ਗੀਤ', 'ਘੁੰਡ ਵਾਲੀ ਵਹੁਟੀ', 'ਬੇਬੇ ਦੀ ਰਗੜੀ ਚਿੱਬੜਾਂ ਦੀ ਚਟਣੀ', 'ਸਾਇਕਲ', 'ਬਾਪੂ', 'ਪਿੰਡ ਦੀ ਹਵਾ' ਅਤੇ 'ਮਾਂ ਦਾ ਗੀਤ' ਆਦਿ ਉਸਦੀਆਂ ਬਹੁਤ ਸਾਰੀਆਂ ਪੰਜਾਬੀ ਵਿਰਸੇ ਨਾਲ ਸਬੰਧਤ ਰਚਨਾਵਾਂ ਸਾਹਿਤਕ ਹਲਕਿਆਂ ਵਿਚ ਖ਼ੂਬ ਸਲਾਹੀਆਂ ਗਈਆਂ। ਗੁਲਾਮੀ ਵਾਲਾ ਦਾ ਕਹਿਣਾ ਹੈ ਕਿ ਭਾਂਵੇਂ ਥੋੜ੍ਹਾ ਹੀ ਲਿਖੋ ਪਰ ਚੰਗਾ ਲਿਖੋ। ਐਸਾ ਹੋਣਾ ਚਾਹੀਦਾ ਜੋ ਸਾਰੇ ਪਰਿਵਾਰ, ਰਿਸ਼ਤੇਦਾਰਾਂ ਅਤੇ ਯਾਰਾਂ ਦੋਸਤਾਂ ਵਿਚ ਬੈਠ ਕੇ ਬੇ-ਝਿਜਕ ਹੋ ਕੇ ਸੁਣਾਇਆ ਜਾ ਸਕੇ ਅਤੇ ਜਿਸ ਨਾਲ ਸਿਰ ਨੀਂਵਾਂ ਨਾ ਕਰਨਾ ਪਵੇ, ਬਲਕਿ ਫ਼ਖਰ ਮਹਿਸੂਸ ਹੋਵੇ। ਇਕ ਸਵਾਲ ਦਾ ਜੁਵਾਬ ਦਿੰਦਿਆਂ ਗੁਲਾਮੀ ਵਾਲਾ ਨੇ ਕਿਹਾ, 'ਯਾਰ ਅਜੇ ਤਾਂ ਮੈਂ ਸੇਰ ਵਿਚੋਂ ਪੂਣੀ ਵੀ ਨਹੀ ਕੱਤੀ : ਅਜੇ ਤਾਂ ਐਸਾ ਬਹੁਤ ਕੁਝ ਲਿਖਣਾ ਬਾਕੀ ਹੈ ਜਿਸ ਵਿਚੋ ਪਾਠਕਾਂ ਨੂੰ ਕੁਝ ਸੇਧ ਜਾਂ ਕੋਈ ਚੰਗਾ ਸੁਨੇਹਾ ਮਿਲ ਸਕੇ ਅਤੇ ਮੈਂ ਮਾਣ ਨਾਲ ਕਹਿ ਸਕਾਂ ਕਿ ਇਹ ਰਚਨਾ ਮੈਂ ਲਿਖੀ ਹੈ। ਜਦੋ ਤੱਕ ਮੇਰੀ ਜ਼ਿੰਦਗੀ ਹੈ, ਸਾਹਿਤ ਨੂੰ ਜਿਉਂਦਾ ਰੱਖਣ ਲਈ ਮੈਂ ਹਮੇਸ਼ਾਂ ਲਿਖਦੇ ਰਹਿਣ ਲਈ ਯਤਨਸ਼ੀਲ ਰਵ੍ਹਾਂਗਾ।'

ਗੁਲਾਮੀ ਵਾਲਾ ਇਨ੍ਹਾਂ ਵਿਚਾਰਾਂ ਦਾ ਹੈ ਕਿ ਲਿਖਤਾਂ ਘਰ ਬੈਠ ਕੇ ਨਹੀਂ ਬਣਦੀਆਂ, ਬਲਕਿ ਲੋਕਾਂ ਵਿਚ ਵਿਚਰ ਕੇ, ਉਨ੍ਹਾਂ ਦੇ ਦੁੱਖ-ਸੁੱਖ ਸੁਣ ਕੇ, ਸਮਾਜਿਕ ਇਛਾਈਆਂ ਬੁਰਾਈਆਂ ਨੂੰ ਬਹੁਤ ਨੇੜਿਓਂ ਤੱਕ ਕੇ, ਮਾਣ ਕੇ, ਹੰਢਾ ਕੇ, ਹੀ ਲਿਖਿਆ, ਸਿਰਜਿਆ ਅਤੇ ਰੰਗ ਭਰਿਆ ਜਾ ਸਕਦਾ ਹੈ। ਗੁਲਾਮੀ ਵਾਲਾ ਨੂੰ ਮਿਲੇ ਮਾਣ-ਸਨਮਾਨ ਦੀ ਗੱਲ ਕਰੀਏ ਤਾਂ ਪੰਜਾਬ ਹੀ ਨਹੀਂ ਸਗੋ ਪੰਜਾਬ ਤੋ ਬਾਹਰ ਰਾਜਸਥਾਨ ਅਤੇ ਪਾਕਿਸਤਾਨ ਵਿੱਚੋਂ ਵੀ ਬਹੁਤ ਸਾਰੇ ਇਨਾਮ-ਸਨਮਾਨ ਉਨ੍ਹਾਂ ਦੀ ਝੋਲੀ ਪੈ ਚੁੱਕੇ ਹਨ।

ਗੁਲਾਮੀ ਵਾਲਾ ਦਾ ਕਹਿਣਾ ਹੈ ਕਿ ਪੰਜਾਬ ਵਿਚ ਬਹੁਤ ਸਾਰੀਆਂ ਵਧੀਆ ਕਲਮਾਂ ਗਰੀਬੀ ਵਿੱਚ ਦੱਬੀਆਂ ਪਈਆਂ ਹਨ। ਜਿਹੜੀ ਕਲਮ ਵਿਚ ਦਮ ਹੈ ਉਸ ਦੀ ਪੁਸਤਕ ਫਰੀ ਛਾਪ ਕੇ ਉਸ ਲੇਖਕ ਦੀ ਸਾਲਾਂ ਬੱਧੀ ਕੀਤੀ ਮਿਹਨਤ ਦਾ ਸਰਕਾਰ ਨੂੰ ਮੁੱਲ ਪਾਉਣਾ ਚਾਹੀਦਾ ਹੈ।

# ਕਥਾ : ਮਹਾਨ ਸ਼ਹੀਦ ਭਾਈ ਸੰਗਤ ਸਿੰਘ ਜੀ ਦੀ

(ਸਫਾ 15 ਦੀ ਬਾਕੀ)

ਦੇ ਪੰਨਾ 503 ਉੱਤੇ ਗੁਰੂ ਸਾਹਿਬ ਵਲੋਂ ਭਾਈ ਸੰਗਤ ਸਿੰਘ ਜੀ ਨੂੰ ਕਲਗੀ ਅਤੇ ਬਸਤਰ ਦੇ ਕੇ ਆਪਣਾ ਰੂਪ ਬਖਸ਼ ਦੇਣ ਬਾਰੇ ਲਿਖਦੇ ਹਨ।

ਗਿਆਨੀ ਗਿਆਨ ਸਿੰਘ 'ਤਵਾਰੀਖ ਗੁਰੂ ਖਾਲਸਾ' ਦੇ ਪੰਨਾ 1016 ਤੇ ਲਿਖਦੇ ਹਨ ਕਿ 'ਭਾਈ ਸੰਗਤ ਸਿੰਘ ਜੋ ਹੂ-ਬ-ਹੂ ਗੁਰੂ ਜੀ ਦੇ ਸਰੂਪ ਵਾਲਾ ਸੀ ਨੂੰ ਆਪਣੀ ਜਗ੍ਹਾ ਤੇ ਬਿਠਾ ਕੇ ਆਪਣਾ ਸਾਰਾ ਪੁਸ਼ਾਕਾ, ਜਿਗਾ ਕਲਗੀ ਸਮੇਤ ਪਹਿਨਾ ਦਿੱਤਾ। ਫੇਰ ਅਰਦਾਸਾ ਸੋਧਿਆ ਅਤੇ ਕਿਹਾ ਕਿ ਮੈਂ ਅੱਜ ਤੋਂ ਖਾਲਸੇ ਨੂੰ ਗੁਰਿਆਈ ਬਖਸ਼ ਦਿੱਤੀ।

ਸੋਹਣ ਸਿੰਘ ਸੀਤਲ ਗੁਰ ਇਤਿਹਾਸ ਦਸ ਪਾਤਸ਼ਾਹੀਆਂ ਪੰਨਾ 349 'ਤੇ ਭਾਈ ਸੰਗਤ ਸਿੰਘ ਜੀ ਦੇ ਸੀਸ 'ਤੇ ਕਲਗੀ ਸਜਾ ਕੇ ਆਪਣਾ ਪੌਸ਼ਾਕਾ ਪਹਿਨਾ ਦੇਣ ਬਾਰੇ ਲਿਖਦੇ ਹਨ।

ਪ੍ਰਿ: ਸਤਬੀਰ ਸਿੰਘ ਸਿੱਖ ਇਤਿਹਾਸ ਭਾਗ ਪਹਿਲਾ ਦੇ ਪੰਨਾ 349 ਉੱਤੇ ਲਿਖਦੇ ਹਨ 'ਗੁਰੂ ਗੋਬਿੰਦ ਸਿੰਘ ਜੀ ਨੇ ਪੰਥ ਦਾ ਹੁਕਮ ਮੰਨ ਕੇ ਗੜ੍ਹੀ ਛੱਡਣਾ ਪਰਵਾਨ ਕਰ ਲਿਆ ਅਤੇ ਭਾਈ ਸੰਗਤ ਸਿੰਘ ਨੂੰ ਕਲਗੀ ਦੇ ਕੇ ਗੜ੍ਹੀ ਛੱਡਣ ਦੀ ਤਿਆਰੀ ਕਰ ਲਈ।'

ਪ੍ਰੋ: ਹਰਿੰਦਰ ਸਿੰਘ ਮਹਿਬੂਬ ਸਹਿਜ ਰਚਿਓ ਖਾਲਸਾ ਦੇ ਪੰਨਾ 410 'ਤੇ ਕਲਗੀ ਭਾਈ ਸੰਗਤ ਸਿੰਘ ਦੇ ਸਿਰ ਉੱਤੇ ਸਜਾਉਣ ਦੀ ਗੱਲ ਦਰਜ ਕਰਦੇ ਹਨ।

ਡਾ: ਅਨੂਪ ਸਿੰਘ 'ਦਾਰਸ਼ਨਿਕ ਯੋਧਾ ਗੁਰੂ ਗੋਬਿੰਦ ਸਿੰਘ' ਦੇ ਪੰਨਾ 196 ਤੇ ਲਿਖਦੇ ਹਨ ਕਿ ਭਾਈ ਸੰਗਤ ਸਿੰਘ ਦੀ ਸ਼ਕਲ ਸੂਰਤ ਤੇ ਕੱਦ-ਕਾਠ ਗੁਰੂ ਜੀ ਨਾਲ ਮਿਲਦਾ ਜੁਲਦਾ ਸੀ ਇਸ ਵਾਸਤੇ ਉਸਨੂੰ ਕਲਗੀ ਸਜਾਈ ਤੇ ਗੜ੍ਹੀ ਵਿਚਲੇ ਸਿੰਘਾਂ ਨੂੰ ਆਦੇਸ਼ ਦਿੱਤਾ ਕਿ ਸਾਡੇ ਨਿਕਲਣ ਸਮੇਂ ਨਗਾਰਾ ਵਜਾਉਂਦੇ ਰਹਿਣਾ ਤੇ ਦੁਸ਼ਮਣ ਵਲੋਂ ਕੀਤੇ ਜਾਂਦੇ ਵਾਰਾਂ ਦਾ ਮੂੰਹ ਤੋੜ ਜਵਾਬ ਦਿੰਦੇ ਰਹਿਣਾ ਤਾਂ ਜੋ ਦੁਸ਼ਮਣ ਨੂੰ ਗੜ੍ਹੀ ਵਿੱਚ ਬਹੁਤੇ ਸਿੰਘ ਹੋਣ ਦਾ ਭੁਲੇਖਾ ਬਣਿਆ ਰਹੇ।

ਗਿਆਨੀ ਗੁਰਚਰਨ ਸਿੰਘ ਨੇ 'ਜੀਵਨ ਕਥਾ ਗੁਰੂ ਗੋਬਿੰਦ ਸਿੰਘ' ਵਿੱਚ ਲਿਖਿਆ ਹੈ ਕਿ ਗੁਰੂ ਸਾਹਿਬ ਨੇ ਆਪਣੀ ਜਿਗਾ ਕਲਗੀ ਤੇ ਬਸਤਰ ਭਾਈ ਸੰਗਤ ਸਿੰਘ ਨੂੰ ਪਹਿਨਾ ਦਿੱਤੇ।

ਡਾ: ਗੰਡਾ ਸਿੰਘ ਜੀ ਦੀ ਲਿਖਤ ਅਨੁਸਾਰ 23 ਦਸੰਬਰ 1704 ਨੂੰ ਸਵੇਰੇ ਜਦੋਂ ਮੁਗਲ ਫੌਜਾਂ ਨੇ ਚਮਕੌਰ ਦੀ ਗੜ੍ਹੀ ਨੂੰ ਘੇਰਾ ਪਾਇਆ ਤਾਂ ਬਾਬਾ ਸੰਗਤ ਸਿੰਘ ਦੇ ਗੁਰੂ ਸਾਹਿਬ ਵਾਲੀ ਪਹਿਨੀ ਹੋਈ ਪੌਸ਼ਾਕ ਤੇ ਕਲਗੀ ਤੋਂ ਭੁਲੇਖਾ ਖਾ ਗਏ। ਬਾਬਾ ਸੰਗਤ ਸਿੰਘ ਜੀ ਅੰਤ ਸਮੇਂ ਤੱਕ ਗੁਰੂ ਫਤਹਿ ਦੇ ਜੈਕਾਰੇ ਗਜਾਉਂਦੇ ਰਹੇ।

ਸਵੇਰੇ ਮੁਗਲਾਂ ਦੀ ਸਲਾਹ ਹੋਈ ਸੀ ਕਿ ਸਿੱਖਾਂ ਦੇ ਗੁਰੂ ਨੂੰ ਜੀਊਂਦੇ ਫੜਿਆ ਜਾਵੇ। ਸਿੰਘ ਸਾਰੇ ਹੀ ਭੁੱਖਣ ਭਾਣੇ। ਆਖਰ ਮੁਗਲਾਂ ਨੇ ਹਮਲਾ ਕੀਤਾ ਤੇ ਲੜਾਈ ਹੱਥੋ-ਹੱਥੀ ਹੋਈ। ਭਾਈ ਸੰਗਤ ਸਿੰਘ ਜੀ ਵੈਰੀਆਂ ਵਿੱਚ ਘਿਰੇ ਹੋਣ ਦੇ ਬਾਵਜੂਦ ਵੈਰੀਆਂ ਦੇ ਆਹੂ ਲਾਹੁੰਦੇ ਰਹੇ। ਆਖਰ ਬਹੁਤ ਹੀ ਜਖਮੀ ਹਾਲਤ ਵਿੱਚ ਧਰਤੀ 'ਤੇ ਡਿਗ ਪਏ। ਮੁਗਲ ਇਹ ਹੀ ਸੋਚਦੇ ਰਹੇ ਕਿ ਇਹ ਗੁਰੂ ਹੀ ਹੈ। ਇੱਕ ਪਠਾਣ ਨੇ ਕਾਹਲੀ ਨਾਲ ਅੱਗੇ ਵਧ ਕੇ ਸਿਰ ਧੜ ਨਾਲੋਂ ਜੁਦਾ ਕਰ ਦਿੱਤਾ। ਇਸ ਸਮੇਂ ਬਾਰੇ ਭਾਈ ਕੁਇਰ ਸਿੰਘ ਲਿਖਦੇ ਹਨ :

ਕਲਗੀ ਜਿਗਾ ਔਰ ਯਹ ਹੋਈ, ਗੋਬਿੰਦ ਇਹੈ ਹੈ ਸੋਈ
ਮਾਰ ਮੀਸ਼ ਸ਼ਮਸ਼ੀਰ ਪਠਾਨਾਂ, ਸੀਸ ਰਹਿਤ ਕਲਗੀ ਲੀ ਮਾਨਾ।

ਭਾਈ ਸੰਗਤ ਸਿੰਘ ਜੀ ਦੀ ਸ਼ਹੀਦੀ ਉਪਰੰਤ ਮੁਗਲਾਂ ਅਤੇ ਪਹਾੜੀ ਰਾਜਿਆਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਮਾਰੇ ਜਾਣ ਦੀ ਖਬਰ ਫੈਲਾਈ ਗਈ। ਪਰ ਅਗਲੇ ਹੀ ਦਿਨ ਚਮਕੌਰ ਦੀ ਗੜ੍ਹੀ ਵਿਚੋਂ ਭਾਈ ਸੰਗਤ ਸਿੰਘ ਜੀ ਦਾ ਸੀਸ ਲਿਆ ਕੇ ਸੂਬਾ ਸਰਹੰਦ ਦੀ ਕਚਿਹਰੀ ਵਿੱਚ ਗੁਰੂ ਸਾਹਿਬ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਨੂੰ ਵੀ ਦਿਖਾਇਆ ਗਿਆ। ਛੋਟੇ ਸਾਹਿਜ਼ਾਦਿਆਂ ਨੇ ਗੁਰੂ ਪਿਤਾ ਦਾ ਸੀਸ ਹੋਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਇਹ ਸੀਸ ਸਾਡੇ ਗੁਰੂ ਪਿਤਾ ਦਾ ਨਹੀਂ ਸਗੋਂ ਇਹ ਸੀਸ ਤਾਂ ਗੁਰੂ ਪਿਆਰੇ ਭਾਈ ਸੰਗਤ ਸਿੰਘ ਜੀ ਦਾ ਹੈ। ਇਸ ਤੋਂ ਬਾਅਦ ਸਾਹਿਬਜ਼ਾਦਿਆਂ ਨੂੰ ਬਚਪਨ ਵਿੱਚ ਖਿਡਾਉਣ ਵਾਲੀ ਬੀਬੀ ਜੈਨਾ ਨੂੰ ਬੁਲਾ ਕੇ ਪੁੱਛਿਆ ਗਿਆ ਤਾਂ ਬੀਬੀ ਜੈਨਾ ਨੇ ਵੀ ਇਸ ਨੂੰ ਭਾਈ ਸੰਗਤ ਸਿੰਘ ਦਾ ਸੀਸ ਕਿਹਾ। ਪਰ ਮੁਗਲਾਂ ਨੂੰ ਜਿਵੇਂ ਇਤਬਾਰ ਹੀ ਨਾ ਆ ਰਿਹਾ ਹੋਵੇ ਇਸ ਦੇ ਉਪਰੰਤ ਗੁਰੂ ਸਾਹਿਬ ਨੂੰ ਬਚਪਨ ਵਿੱਚ ਫਾਰਸੀ ਦੀ ਸਿੱਖਿਆ ਦੇਣ (ਇੱਥੇ ਯਾਦ ਰਹੇ ਕਿ ਫਾਰਸੀ ਦਾ ਸਬਕ ਲੈਣ ਵੇਲੇ ਕਦੇ ਕਦੇ ਭਾਈ ਸੰਗਤ ਸਿੰਘ ਵੀ ਬਾਲ ਗੋਬਿੰਦ ਦੇ ਨਾਲ ਹੀ ਹੁੰਦੇ ਸਨ) ਵਾਲੇ ਕਾਜ਼ੀ ਨੂਰਦੀਨ ਨੂੰ ਸੱਦਿਆ ਗਿਆ। ਉਨ੍ਹਾਂ ਨੇ ਵੀ ਕਚਿਹਰੀ ਵਿੱਚ ਕਿਹਾ ਕਿ ਇਹ ਸੀਸ ਤਾਂ ਭਾਈ ਸੰਗਤ ਸਿੰਘ ਦਾ ਹੈ ਗੁਰੂ ਸਾਹਿਬ ਦਾ ਨਹੀਂ।

ਇਸ ਤਰ੍ਹਾਂ ਭਾਈ ਸੰਗਤ ਸਿੰਘ ਜੀ ਨੇ ਗੁਰਸਿੱਖੀ ਦੇ ਅਸੂਲਾਂ 'ਤੇ ਚੱਲਦਿਆਂ ਗੁਰੂ ਸਾਹਿਬ ਦੇ ਬੋਲ ਪੁਗਾਉਂਦਿਆਂ ਸ਼ਹਾਦਤ ਦਾ ਜਾਮ ਪੀਤਾ। ਇੱਥੇ ਹੀ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਨਾਲ ਹੀ 37 ਸਿੰਘ ਹੋਰ ਸ਼ਹੀਦ ਹੋਏ ਜਿਨ੍ਹਾਂ ਵਿੱਚ 1699 ਦੀ ਵਿਸਾਖੀ ਵਿੱਚ ਸਾਜੇ ਪਹਿਲੇ ਪੰਜ ਪਿਆਰਿਆਂ ਵਿਚੋਂ ਤਿੰਨ ਭਾਈ ਮੋਹਕਮ ਸਿੰਘ, ਭਾਈ ਹਿੰਮਤ ਸਿੰਘ ਅਤੇ ਭਾਈ ਸਾਹਿਬ ਸਿੰਘ ਨੇ ਵੀ ਇਸੇ ਚਮਕੌਰ ਦੀ ਗੜ੍ਹੀ ਵਿੱਚ ਸ਼ਹਾਦਤ ਦਾ ਜਾਮ ਪੀਤਾ।

ਭਾਈ ਜੀਵਨ ਸਿੰਘ ਜੀ ਦੀ ਜੀਵਨ ਕਥਾ ਇਕ ਸੱਚੇ ਸੁੱਚੇ ਸਿਦਕਵਾਨ ਸਿੱਖ ਦੀ ਜੀਵਨ ਕਥਾ ਹੈ। ਆਪ ਗੁਰੂ ਗੋਬਿੰਦ ਸਿੰਘ ਜੀ ਦੇ ਆਗਿਆਕਾਰੀ ਤੇ ਪੂਰੇ ਵਿਸ਼ਵਾਸ ਦੇ ਪਾਤਰ ਸਨ। ਸਿੱਖ ਸੰਗਤਾਂ ਪ੍ਰਤੀ ਆਪ ਦਾ ਅਥਾਹ ਪਿਆਰ ਸੀ।

ਸਿੱਖ ਇਤਿਹਾਸ ਵਿੱਚ ਜਿੱਥੇ ਵੀ ਸਿਦਕਦਿਲੀ ਵਾਲੇ ਸੂਰਮਿਆਂ ਦੀ ਤੇ ਗੁਰੂ ਸਾਹਿਬ ਦੇ ਵਫਾਦਾਰ ਕੁਰਬਾਨੀ ਵਾਲੇ ਬਹਾਦਰ ਯੋਧਿਆਂ ਦੀ ਗੱਲ ਚੱਲੇਗੀ ਉੱਥੇ ਹਮੇਸ਼ਾ ਹੀ ਭਾਈ ਸੰਗਤ ਸਿੰਘ ਜੀ ਦਾ ਨਾਮ ਮੋਹਰਲੀਆਂ ਕਤਾਰਾਂ ਵਿੱਚ ਲਿਆ ਜਾਵੇਗਾ। ਆਪਾ ਵਾਰਨ ਵਾਲਾ ਸੂਰਮਤਾਈ ਭਰਿਆ ਅਜਿਹਾ ਇਤਿਹਾਸ ਹੀ ਭਵਿੱਖ ਨੂੰ ਰੁਸ਼ਨਾਉਣ ਦਾ ਕਾਰਜ ਕਰਦਾ ਹੈ।

ਆਖਰ ਵਿੱਚ ਇਹ ਦੱਸਣਾ ਵੀ ਬਣਦਾ ਹੈ ਕਿ ਜਿੱਥੇ ਚਮਕੌਰ ਦੀ ਗੜ੍ਹੀ ਵਾਲੀ ਘਮਸਾਣ ਦੀ ਜੰਗ ਹੋਈ ਸੀ ਉੱਥੇ ਹੁਣ ਗੁਰਦੁਆਰਾ ਗੜ੍ਹੀ ਸਾਹਿਬ ਸਥਿੱਤ ਹੈ।

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

**DHANDHAN SRI GURU RAVIDASS JI**



**Bole' So Nirbhay! Guru Ravidass Maharaj Ki Jai!**

## Guru Piari Sadh Sangat Ji

**Devoted families are requesting entire Sangat to attend the following functions:**

**December 24, 2017 Shaheedi Divas of Guru Gobind Singh Ji's Sahibzadey**

Sukhmani Sahib Path and Langar will be hosted by Gurugharon the occasion of Barsi of Shri Guru Gobind Singh Ji's four Sahibzadey: Baba Ajit Singh, Baba Jujhar Singh, Baba Zorawar Singh and Baba Fateh Singh. Guru Gobind Singh sacrificed his dear and brave sons, only to prove that when it comes to making sacrifices for the Sikh cause, he would not hesitate to offer his own sons to show the world that the Sikh ideals alone, and not his own sons, were dearer to him. Entire Sangat is humbly requested to participate and do the SEWA.

**December 31, 2017 Sukhmani Sahib and LangarSewafromGurughar**

**December 31, 2017 Rain Sabai New Year's celebrations by Suman family**

We are celebrating New Year's Eve at Gurughar in welcoming the 2018. Sukhmani Sahib Path and Langar Sewa will be hosted by Bhai Ramesh Suman, Bibi Gyan Suman and family. Let us start the New Year with a prayer for love, happiness and prosperity of our Sangat. Jathas of GianiGurnam Singh/Ompal Singh and GianiHarjinder Singh Rasia will do the shabadkirtan. The entire Sangat is requested to participate whole heartedly.

**January 7, 2018 Sukhmani Sahib Path and Langar Sewa from Gurughar**

**January 13, 2018 LOHRI Celebration**

Lohri will be celebrated in the Gurughar at 6:00 PM on Saturday, January 13, 2018.Sukhmani Sahib Path and Langar Sewa will be hosted by Bhai Ramesh Suman and Family with the help and cooperation of Sangat. Sangat is requested to come with their families and friends. This is the 6th year we are celebrating Lohri in Gurughar. Parents of newborn children are specially requested to come and celebrate first Lohri of their new born children in the Gurughar.

**January 14,2018 Sukhmani Sahib Path and LangarSewa from Gurughar**

**February 2-3-4, 2018 Gurupurb Sri Guru Ravidass Ji**

Sri Guru Ravidass Sabha CA, Pittsburg is celebrating the 641th ParkashUtasav of SATGURU RAVIDASS JI on Sunday, February 4, 2018 at the temple as per program noted below:

ARAMBH SHRI AKHAND PATH February 2, 2018 (FRIDAY) 9:30 AM
BHOG SHRI AKHAND PATH February 4, 2018 (SUNDAY) 9:30 AM
KIRTAN DIWAN After Bhog Ceremony until 2:00 PM

Sangat will perform Langer, Path and Parshad Sewa for this program. Prominent Kirtani Jathas, distinguished Speakers and community leaders well versed with life and teachings of Satguru will enhance this Kirtan Diwan.

**Nishan Sahib Hoisting Ceremony will be held on February 3rd 2018 (Saturday)**

Entire Sangat is cordially invited to participate in this celebration with family and friends and receive the benign blessings of Sri Guru Ravidass Ji. Satguru Ravidass Ji was a great religious and social reformer dedicated his whole life for the welfare of the humanity. Guru Ji preached social harmony and stood against caste discrimination.

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥1॥
ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥
ਕਾਰਨ ਕਵਨ ਅਬੋਲ ॥1॥ਰਹਾਉ॥
ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥

We need volunteers to help with this event to prepare and serve Langar, keep Gurughar clean and organized, directing traffic/parking, kitchen and other Sewa. Please contact President Kashmiri Bhatia at (408) 460 0262 or Chairman Ramesh Suman at (925)366-3618 or General Secretary Dilbag Singh at (209)834-4641. We need your help and support. Your contributions will be greatly appreciated.

***"NANAK NAM CHARDI KALA TERE BHANE SARBAT DA BHALA"***

| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Vinod Kumar |

# "ਭਾਸ਼ਾ, ਸਮਾਂ ਤੇ ਸੰਵਾਦ" ਵਿਸ਼ੇ ਤੇ ਹੋਇਆ ਰਾਸ਼ਟਰੀ ਸੈਮੀਨਾਰ





**ਹੁਸ਼ਿਆਰਪੁਰ–** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਵਲੋਂ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਅਤੇ ਪੰਜਾਬ ਆਰਟ ਕੌਂਸਲ ਚੰਡੀਗੜ੍ਹ ਦੇ ਸਹਿਯੋਗ ਨਾਲ 'ਭਾਸ਼ਾ, ਸਮਾਂ ਤੇ ਸੰਵਾਦ' ਵਿਸ਼ੇ ਤੇ ਰਾਸ਼ਟਰੀ ਸੈਮੀਨਾਰ ਸਰਕਾਰੀ ਕਾਲਜ ਹੁਸ਼ਿਆਰਪੁਰ ਵਿਚ ਕਰਾਇਆ ਗਿਆ ਜਿਸ ਦੀ ਪ੍ਰਧਾਨਗੀ ਡਾ. ਲਖਵਿੰਦਰ ਜੌਹ.ਲ ਸਕੱਤਰ ਜਨਰਲ ਪੰਜਾਬ ਆਰਟ ਕੌਂਸਲ ਨੇ ਕੀਤੀ।ਪ੍ਰਧਾਨਗੀ ਮੰਡਲ ਵਿਚ ਡਾ. ਸਰਬਜੀਤ ਸਿੰਘ ਪ੍ਰਧਾਨ ਕੇਂਦਰੀ ਸਭਾ, ਸੁਸ਼ੀਲ ਦੁਸਾਂਝ ਜਨਰਲ ਸਕੱਤਰ, ਪ੍ਰਿੰਸੀਪਲ ਡਾ. ਪਰਮਜੀਤ ਸਿੰਘ, ਡਾ. ਕਰਮਜੀਤ ਸਿੰਘ, ਮਦਨ ਵੀਰਾ ਬੈਠੇ।ਸੈਮੀਨਾਰ ਵਿਚ ਆਏ ਵਿਦਵਾਨਾਂ ਨੂੰ ਜੀ ਆਇਆਂ ਆਖਦਿਆਂ ਸੁਸ਼ੀਲ ਦੁਸਾਂਝ ਨੇ ਸੈਮੀਨਾਰ ਦੀ ਰੂਪ-ਰੇਖਾ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੀਆਂ ਗਤੀਵਿਧੀਆਂ ਦੀ ਜਾਣਕਾਰੀ ਦਿੱਤੀ। ਆਪਣਾ ਮੁਖ ਭਾਸ਼ਣ ਦਿੰਦਿਆਂ ਡਾ. ਪਰਮਿੰਦਰ ਸਿੰਘ ਨੇ ਕਿਹਾ ਕਿ ਭਾਸ਼ਾ ਵਿਵਹਾਰਕ ਚੇਤਨਤਾ ਦਾ ਹਿੱਸਾ ਹੈ ਜਿਸ ਦੇ ਵਿਕਾਸ ਨਾਲ ਸਮਾਜ ਵਿਚ ਪਰਿਵਰਤਨ ਆਉਂਦੇ ਹਨ।ਭਾਸ਼ਾ ਹਮੇਸ਼ਾਂ ਸੰਵਾਦ ਦੀ ਹੁੰਦੀ ਹੈ।ਪੁਜਾਰੀ ਹਮੇਸ਼ਾਂ ਹੁਕਮ ਦੀ ਭਾਸ਼ਾ ਸਿਰਜਦਾ ਅਤੇ ਸੰਵਾਦ ਨੂੰ ਖਤਮ ਕਰਦਾ ਹੈ।ਜਦ ਕਿ ਸਮਾਜ ਵਿਚ ਦੋ ਧਿਰਾਂ ਦਾ ਭਾਸ਼ਾਈ ਸੰਵਾਦ ਸਮਾਜ ਨੂੰ ਅਗਾਂਹ ਲੈ ਕੇ ਜਾਂਦਾ ਹੈ।ਵਿਸ਼ਵ/ਭਾਰਤ ਵਿਚ ਵਧਦੇ ਆਰਥਿਕ ਸੰਕਟ ਦੇ ਨਾਲ ਸੰਪਰਦਾਇਕਤਾ ਵੀ ਵਧਦੀ ਰਹੀ ਹੈ।ਮਦਨ ਵੀਰਾ ਨੇ ਸਮਕਾਲੀ ਅਤਾਰਕਿਕ ਮਾਹੌਲ ਵਿਚ ਡਰਾਉਣ ਧਮਕਾਉਣ ਦੀ ਰਾਜਨੀਤੀ ਨੂੰ ਕੇਂਦਰ ਵਿਚ ਲਿਆਂਦਾ।ਪ੍ਰੋ. ਬਲਦੇਵ ਸਿੰਘ ਬੱਲੀ ਨੇ ਸਭਿਆਚਾਰਕ ਅੰਧਵਿਸ਼ਵਾਸ਼ ਦੇ ਖਤਰਿਆਂ ਨੂੰ ਰੇਖਾਂਕਿਤ ਕੀਤਾ। ਡਾ. ਕਰਮਜੀਤ ਸਿੰਘ ਨੇ ਭਾਰਤੀ ਪ੍ਰੰਪਰਾ 'ਚ ਸੰਵਾਦ ਦੀ ਸਥਿਤੀ ਦਾ ਮੁਲਾਂਕਣ ਕਰਦਿਆਂ ਕਿਹਾ ਕਿ ਜਦੋਂ ਸੱਤਾ ਤਰਕ ਸਾਹਵੇਂ ਨਿਰਉਤਰ ਹੁੰਦੀ ਹੈ ਤਾਂ ਉਹ ਕਤਲਾਂ ਦੇ ਰਾਹ ਪੈਂਦੀ ਹੈ।ਅਜੋਕੀ ਸੱਤਾ ਸਭਿਆਚਾਰ ਦੇ ਨਾਂਹ ਪੱਖਾਂ ਨੂੰ ਵਰਤ ਕੇ ਭਾਰਤੀ ਸਮਾਜ ਨੂੰ ਹਜ਼ਾਰਾਂ ਸਾਲ ਪਿੱਛੇ ਲਿਜਾਣਾ ਚਾਹੁੰਦੀ ਹੈ।ਡਾ. ਸਰਬਜੀਤ ਸਿੰਘ ਨੇ ਭਾਸ਼ਾਵਾਂ ਦੇ ਸੰਕਟਾਂ ਤੇ ਇਨ੍ਹਾਂ ਵੱਲ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਦ੍ਰਿਸ਼ਟੀਕੋਣ ਨੂੰ ਸਪੱਸ਼ਟ ਕੀਤਾ।ਡਾ. ਰਾਮ ਮੂਰਤੀ, ਐਡਵੋਕੇਟ ਰਣਜੀਤ ਸਿੰਘ, ਹਰਬੰਸ ਹਿਓਂ ਤੇ ਕੰਵਰ ਇਕਬਾਲ ਨੇ ਬੋਲਦਿਆਂ ਆਪਣੇ ਆਪਣੇ ਜ਼ਿਲ੍ਹਿਆਂ ਦੀਆਂ ਸਾਹਿਤਕ ਸਭਾਵਾਂ ਦੀ ਕਾਰਗੁਜ਼ਾਰੀ ਬਾਰੇ ਜਾਣਕਾਰੀ ਦਿੰਦਿਆਂ ਕੇਂਦਰੀ ਸਭਾ ਦੇ ਸਹਿਯੋਗ ਨਾਲ ਵੱਡੇ ਸੈਮੀਨਾਰ ਕਰਾਉਣ ਦੀ ਹਾਮੀ ਭਰੀ।ਆਪਣੇ ਪ੍ਰਧਾਨਗੀ ਭਾਸ਼ਣ ਵਿਚ ਡਾ. ਲਖਵਿੰਦਰ ਜੌਹਲ ਨੇ ਸਮਕਾਲੀ ਧੌਂਸ ਵਾਲੇ ਮਾਹੌਲ ਵਿਚ ਤਰਕ ਨਾਲ ਪ੍ਰਤੀਬੱਧਤਾ ਉਪਰ ਜ਼ੋਰ ਦਿੰਦਿਆਂ ਪੰਜਾਬ ਆਰਟ ਕੌਂਸਲ ਵਲੋਂ ਕੇਂਦਰੀ ਸਭਾ ਨਾਲ ਅਗਾਂਹ ਵੀ ਮਿਲ ਕੇ ਚੱਲਣ ਦਾ ਭਰੋਸਾ ਪ੍ਰਗਟਾਇਆ।

ਇਸ ਮੌਕੇ ਡਾ. ਜਸਵੰਤ ਰਾਏ ਦੀ ਪੁਸਤਕ ਉਮਦਨ ਵੀਰਾ ਦੀ ਕਵਿਤਾ ਦਾ ਕਾਵਿ ਸ਼ਾਸ਼ਤਰ" ਵੀ ਲੋਕ ਅਰਪਣ ਕੀਤੀ ਗਈ।ਸਟੇਜ ਦਾ ਕਾਰਜ ਭਾਰ ਡਾ. ਜਸਵੰਤ ਰਾਏ ਨੇ ਸੰਭਾਲਿਆ।ਪ੍ਰਿੰਸੀਪਲ ਡਾ. ਪਰਮਜੀਤ ਸਿੰਘ ਨੇ ਸਾਹਿਤ ਸਭਾ ਹੁਸ਼ਿਆਰਪੁਰ ਵਲੋਂ ਕਾਲਜ ਵਿਚ ਕੀਤੇ ਇਸ ਸੈਮੀਨਾਰ ਵਿਚ ਆਏ ਹੋਏ ਸਾਰੇ ਦੋਸਤਾਂ ਲਈ ਧੰਨਵਾਦੀ ਸ਼ਬਦ ਆਖੇ।ਸਾਰੇ ਸੈਮੀਨਾਰ ਦੀ ਰਿਕਾਰਡਿੰਗ ਲਿਟ ਬੁਕ ਪੰਜਾਬੀ ਵਲੋਂ ਕੀਤੀ ਗਈ।ਇਸ ਸਮੇਂ ਕੁਲਤਾਰ ਸਿੰਘ ਕੁਲਤਾਰ, ਜਸਬੀਰ ਧੀਮਾਨ, ਡਾ. ਮਨਮੋਹਨ ਸਿੰਘ ਤੀਰ, ਲਾਲ ਸਿੰਘ ਕਹਾਣੀਕਾਰ, ਪ੍ਰਿੰਸੀਪਲ ਧਰਮਪਾਲ ਸਾਹਿਲ, ਪ੍ਰੋ. ਜਸਪਾਲ ਸਿੰਘ, ਸੁਰਿੰਦਰ ਕੰਗਵੀ, ਲਖਵਿੰਦਰ ਰਾਮ, ਆਯੁਸ਼ ਸ਼ਰਮਾ, ਪਰਮਜੀਤ ਸਿੰਘ, ਪ੍ਰੋ. ਇੰਦਰਜੀਤ ਸਿੰਘ, ਪ੍ਰੋ. ਜੇ.ਬੀ. ਸੇਖੋਂ, ਸਤੀਸ਼ ਕੁਮਾਰ, ਤ੍ਰਿਪਤਾ ਕੇ. ਸਿੰਘ, ਪ੍ਰਿੰਸੀ. ਸਤਵੰਤ ਕਲੋਟੀ ਬਬੀਤਾ ਰਾਣੀ, ਪ੍ਰਵੀਨ, ਡੀ ਕੇ. ਸ਼ਰਮਾ, ਅਮਨਗੀਤ ਸਿੰਘ, ਰੁਪਿੰਦਰ ਸਿੰਘ, ਸਤਨਾਮ ਸਿੰਘ, ਲਵਜਿੰਦਰ ਸਿੰਘ, ਡਾ. ਰਵਿੰਦਰ ਕੌਰ, ਲਵਦੀਪ ਸਿੰਘ, ਅਵਤਾਰ ਸਿੰਘ ਹੋਠੀ, ਦਵਿੰਦਰ ਕੌਰ, ਲੈਕ. ਬਲਜੀਤ ਸਿੰਘ, ਕਰਨੈਲ ਸਿੰਘ ਨੇਕਨਾਮਾ, ਡਾ. ਜਤਿੰਦਰਪਾਲ ਸਿੰਘ, ਅਮਰੀਕ ਡੋਗਰਾ, ਵਿਜੇ ਕਲਸੀ, ਪੰਮੀ ਦਿਵੇਦੀ, ਅਜੀਬ ਦਿਵੇਦੀ, ਡਾ, ਐੱਸ. ਪੀ. ਸਿੰਘ, ਜੁਗਿੰਦਰ ਸਿੰਘ ਮਾਨ, ਜਗਦੀਪ ਸਿੰਘ ਸਿੱਧੂ, ਚੰਦਰ ਸ਼ੇਖਰ, ਸੋਮਦੱਤ ਦਿਲਗੀਰ, ਠੇਕੇਦਾਰ ਭਗਵਾਨ ਦਾਸ ਬੱਧਣ, ਗੌਰਵ ਕਾਲੀਆ, ਅਸ਼ੋਕ ਕਾਲੀਆ, ਸੁਰਿੰਦਰ ਸਿੰਘ ਨੇਕੀ, ਪ੍ਰਿੰਸੀ. ਗੁਰਦਿਆਲ ਸਿੰਘ ਫੁਲ, ਸੁਰਜੀਤ ਰਾਜਾ, ਡਾ. ਸੁਖਦੇਵ ਸਿੰਘ ਢਿੱਲੋਂ, ਅਵਤਾਰ ਲੰਗੇਰੀ, ਪ੍ਰਸ਼ੋਤਮ ਅਹੀਰ, ਸੁਖਜੀਤ ਕੌਰ ਨੰਦ, ਦਰਸ਼ਨ ਸਿੰਘ ਦਰਸ਼ਨ, ਮੀਨਾਕਸ਼ੀ, ਗੁਰਦੀਪ ਗਿੱਲ, ਪ੍ਰਭਜੋਤ ਕੌਰ, ਧਵਨ, ਪ੍ਰੀਤ ਦਵਿੰਦਰ ਕੌਰ, ਕੁਲਦੀਪ ਸਿੰਘ, ਮੇਜ਼ਰ ਸਿੰਘ ਅਤੇ ਸਾਹਿਤ ਪ੍ਰੇਮੀ ਹਾਜ਼ਰ ਸਨ।

**ਰਿਪੋਰਟ: ਡਾ. ਜਸਵੰਤ ਰਾਏ (ਜਨਰਲ ਸਕੱਤਰ ਪੰਜਾਬੀ ਸਾਹਿਤ ਸਭਾ** (98158-25999)

# ਅਨੁਸੂਚਿਤ ਜਾਤੀ ਉੱਦਮੀ ਸਸ਼ਕਤੀਕਰਨ ਫੋਰਮ ਵਲੋਂ ਸੈਮੀਨਾਰ







**ਜਲੰਧਰ–** ਰਾਸ਼ਟਰੀ ਲਘੂ ਉਦਯੋਗ ਕਾਰਪੋਰੇਸ਼ਨ ਦੇ ਸਹਿਯੋਗ ਨਾਲ ਅਨੁਸੂਚਿਤ ਜਾਤੀ ਉੱਦਮੀ ਸਸ਼ਕਤੀਕਰਨ ਫੋਰਮ ਪੰਜਾਬ ਵਲੋਂ ਇਕ ਸੈਮੀਨਾਰ ਕਰਵਾਇਆ ਗਿਆ, ਜਿਸ ਵਿਚ ਲਘੂ ਉਦਯੋਗ ਨਾਲ ਜੁੜੇ ਉੱਦਮੀਆਂ ਅਤੇ ਹੋਰਨਾਂ ਲੋਕਾਂ ਨੂੰ ਭਾਰਤ ਸਰਕਾਰ ਵਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਗਈ । ਇਸ ਮੌਕੇ ਉਨ੍ਹਾਂ ਨੂੰ ਉਦਯੋਗ ਆਧਾਰ ਨਾਲ ਵੀ ਜੋੜਿਆ ਗਿਆ ਤਾਂ ਜੋ ਉਨ੍ਹਾਂ ਨੂੰ ਸਰਕਾਰੀ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਮਿਲ ਸਕੇ । ਇਸ ਮੌਕੇ ਮਲੇਸ਼ੀਆ ਤੋਂ ਉਚੇਚੇ ਤੌਰ 'ਤੇ ਪੁੱਜੇ ਸਿਆਸੀ ਅਤੇ ਸਮਾਜਿਕ ਕਾਰਕੁੰਨ ਡਾ. ਜਸਵਿੰਦਰ ਸਿੰਘ ਢਿੱਲੋਂ ਅਤੇ ਸ੍ਰੀ ਜਗਦੇਵ ਸਿੰਘ ਢਿੱਲੋਂ ਦਾ ਫੋਰਮ ਵਲੋਂ ਨਿੱਘਾ ਸਵਾਗਤ ਕੀਤਾ ਗਿਆ ।

ਇਸ ਮੌਕੇ ਡਾ. ਜਸਵਿੰਦਰ ਸਿੰਘ ਢਿੱਲੋਂ ਅਤੇ ਜਗਦੇਵ ਸਿੰਘ ਢਿੱਲੋਂ ਨੇ ਮਲੇਸ਼ੀਆ 'ਚ ਵਪਾਰ ਦੀਆਂ ਸੰਭਾਵਨਾਵਾਂ ਬਾਰੇ ਗੱਲ ਕਰਦਿਆਂ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਮਲੇਸ਼ੀਆ 'ਚ ਵਪਾਰ ਕਰਨ ਦਾ ਸੱਦਾ ਦਿੱਤਾ । ਇਸ ਮੌਕੇ ਰਾਸ਼ਟਰੀ ਲਘੂ ਉਦਯੋਗ ਕਾਰਪੋਰੇਸ਼ਨ (ਐਨ. ਐਸ. ਆਈ. ਸੀ.) ਦੇ ਉਪ ਮਹਾਂ ਪ੍ਰਬੰਧਕ ਸ੍ਰੀ ਏ. ਕੇ. ਵਰਮਾ ਨੇ ਸੈਮੀਨਾਰ 'ਚ ਭਾਗ ਲੈਣ ਵਾਲੇ ਉੱਦਮੀਆਂ, ਵਿਸ਼ੇਸ਼ ਮਹਿਮਾਨਾਂ ਅਤੇ ਫੋਰਮ ਦੇ ਅਹੁਦੇਦਾਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਨੁਸੂਚਿਤ ਜਾਤੀ ਦੇ ਉੱਦਮੀਆਂ ਨੂੰ ਅੱਗੇ ਵਧਾਉਣ ਲਈ ਭਾਰਤ ਸਰਕਾਰ ਹਰ ਸੰਭਵ ਸਹਾਇਤਾ ਕਰੇਗੀ। ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਪੁੱਜੇ ਡਾ. ਵਰਿੰਦਰ ਗਰਗ, ਸਾਬਕਾ ਰਾਜਦੂਤ ਰਮੇਸ਼ ਚੰਦਰ, ਐਸ. ਸੀ. ਕਮਿਸ਼ਨ ਦੇ ਸਾਬਕਾ ਚੇਅਰਮੈਨ ਰਾਜੇਸ਼ ਬਾਘਾ, ਮਨਜੀਤ ਬਾਲੀ ਮੈਂਬਰ ਡਾ. ਅੰਬੇਡਕਰ ਫਾਊਂਡੇਸ਼ਨ, ਫੋਰਮ ਦੇ ਕਾਰਜਕਾਰੀ ਚੇਅਰਮੈਨ ਜੀਵਨ ਸਿੰਘ, ਜਨਰਲ ਸਕੱਤਰ ਭੁਪਿੰਦਰ ਕੁਮਾਰ, ਉਪ ਪ੍ਰਧਾਨ ਗੁਰਦੇਵ ਮਹੇ, ਸੰਤੋਖ ਸਿੰਘ ਗੁੰਮਟਾਲਾ, ਵਿਜੈ ਸਹਿਗਲ ਅਤੇ ਹੋਰਨਾਂ ਜ਼ਿਲ੍ਹਿਆਂ ਤੋਂ ਆਏ ਉੱਦਮੀ ਵੀ ਮੌਜੂਦ ਸਨ ।

# ਬੈਡਮਿੰਟਨ ਵਿੱਚ ਭਾਰਤੀ ਖਿਡਾਰੀਆਂ ਦਾ ਦਬਦਬਾ ਇਸ ਸਾਲ ਵੀ ਰਿਹਾ ਬਰਕਰਾਰ

**ਨਵੀ ਦਿੱਲੀ–** ਬੈਡਮਿੰਟਨ ਖੇਡ ਵਿੱਚ ਭਾਰਤੀ ਖਿਡਾਰੀਆਂ ਦਾ ਦਬਦਬਾ ਸਾਲ 2017 ਵਿੱਚ ਵੀ ਕਾਇਮ ਰਿਹਾ। ਪੁਲੇਲਾ ਗੋਪੀਚੰਦ ਦੀ ਅਕੈਡਮੀ ਦੇ ਖਿਡਾਰੀਆਂ ਨੇ ਸਾਲ ਭਰ ਕੌਮਾਂਤਰੀ ਟੂਰਨਾਮੈਂਟਾਂ ਵਿੱਚ ਆਪਣੀ ਜੇਤੂ ਹਾਜ਼ਰੀ ਲਗਾਉਂਦਿਆਂ ਕਈ ਪੁਰਸਕਾਰ ਜਿੱਤੇ। ਪੂਰਾ ਸਾਲ ਕੌਮਾਂਤਰੀ ਪੱਧਰ ਦੇ ਮੱਲਾਂ ਮਾਰਨ ਵਾਲੇ ਸਾਰੇ ਹੀ ਖਿਡਾਰੀ ਗੋਪੀਚੰਦ ਦੇ ਅਕੈਡਮੀ ਦੇ ਹਨ। ਇਸ ਸਾਲ ਮਹਿਲਾ ਖਿਡਾਰਨਾਂ ਪੀ.ਵੀ.ਸਿੰਧੂ ਤੇ ਸਾਇਨਾ ਨੇਹਵਾਲ ਤੋਂ ਇਲਾਵਾ ਪੁਰਸ਼ ਖਿਡਾਰੀਆਂ ਨੇ ਵੀ ਵੱਡੀਆਂ ਜਿੱਤਾਂ ਦਰਜ ਕਰ ਕੇ ਸਾਬਤ ਕੀਤਾ ਕਿ ਬੈਡਮਿੰਟਨ ਵਿੱਚ ਭਾਰਤ ਦੀਆਂ ਅਸੀਮ ਸੰਭਾਵਨਾਵਾਂ ਹਨ। ਬੈਡਮਿੰਟਨ ਦੀ ਵਿਸ਼ਵ ਰੈਂਕਿੰਗ ਵਿੱਚ ਦੋ ਭਾਰਤੀ ਖਿਡਾਰਨਾਂ ਅਤੇ ਤਿੰਨ ਪੁਰਸ਼ ਖਿਡਾਰੀਆਂ ਨੇ ਪਹਿਲੀਆਂ 20 ਪੁਜੀਸ਼ਨਾਂ ਵਿੱਚ ਜਗ੍ਹਾ ਲਈ। ਮਹਿਲਾ ਵਰਗ ਵਿੱਚ ਪੀ.ਵੀ.ਸਿੰਧੂ ਤੀਜੇ ਅਤੇ ਸਾਇਨਾ ਨੇਹਵਾਲ 10ਵੇਂ ਸਥਾਨ 'ਤੇ ਕਾਇਮ ਹੈ। ਇਸੇ ਤਰ੍ਹਾਂ ਪੁਰਸ਼ਾਂ ਦੀ ਵਿਸ਼ਵ ਰੈਂਕਿੰਗ ਵਿੱਚ ਸ੍ਰੀਕਾਂਤ ਕਦੰਬੀ ਚੌਥੇ, ਪ੍ਰਣਾਏ ਹਸੀਨਾ ਸੁਨੀਲ ਕੁਮਾਰ 10ਵੇਂ ਤੇ ਬੀ.ਸਾਈ ਪ੍ਰਨੀਤ 17ਵੇਂ ਸਥਾਨ 'ਤੇ ਕਾਇਮ ਹਨ। ਮਿਕਸਡ ਡਬਲਜ਼ ਵਿੱਚ ਪ੍ਰਣਵ ਜੈਰੀ ਚੋਪੜਾ ਤੇ ਐਨ.ਸਿੱਕੀ ਰੈਡੀ ਦੀ ਜੋੜੀ ਦਾ ਕੌਮਾਂਤਰੀ ਦਰਜਾਬੰਦੀ ਵਿੱਚ 18ਵਾਂ ਸਥਾਨ ਹੈ। ਭਾਰਤ ਦੇ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਖਿਡਾਰੀਆਂ ਦੀ ਸ਼ਮੂਲੀਅਤ ਨਾਲ ਇਸ ਸਾਲ ਕਰਵਾਈ ਗਈ ਸੀਨੀਅਰ ਨੈਸ਼ਨਲ ਬੈਡਮਿੰਟਨ ਚੈਂਪੀਅਨਸ਼ਿਪ ਦਾ ਨਜ਼ਾਰਾ ਕਿਸੇ ਕੌਮਾਂਤਰੀ ਟੂਰਨਾਮੈਂਟ ਤੋਂ ਘੱਟ ਨਹੀਂ ਰਿਹਾ।

ਸ੍ਰੀਕਾਂਤ ਕਦੰਬੀ ਇਸ ਵਰ੍ਹੇ ਵਿਸ਼ਵ ਪੱਧਰੀ ਮੁਕਾਬਲਿਆਂ ਵਿੱਚ ਛਾਇਆ ਰਿਹਾ। ਇਸ ਸਾਲ ਉਸ ਨੇ ਚਾਰ ਸੁਪਰ ਸੀਰੀਜ਼ ਖ਼ਿਤਾਬ ਜਿੱਤ ਕੇ ਧਮਾਕੇਦਾਰ ਪ੍ਰਦਰਸ਼ਨ ਕੀਤਾ। ਸ੍ਰੀਕਾਂਤ ਨੇ ਦੋ ਸੁਪਰ ਸੀਰੀਜ਼ ਟੂਰਨਾਮੈਂਟ ਫਰੈਂਚ ਓਪਨ ਤੇ ਆਸਟਰੇਲੀਅਨ ਓਪਨ ਅਤੇ ਦੋ ਹੀ ਸੁਪਰ ਸੀਰੀਜ਼ ਪ੍ਰੀਮੀਅਰ ਟੂਰਨਾਮੈਂਟ ਡੈਨਮਾਰਕ ਓਪਨ ਤੇ ਇੰਡੋਨੇਸ਼ੀਆ ਓਪਨ ਜਿੱਤਿਆ। ਇੱਕ ਸਾਲ ਵਿੱਚ ਚਾਰ ਸੁਪਰ ਸੀਰੀਜ਼ ਜਿੱਤਣ ਵਾਲਾ ਉਹ ਵਿਸ਼ਵ ਦਾ ਚੌਥਾ ਅਤੇ ਭਾਰਤ ਦਾ ਪਹਿਲਾ ਖਿਡਾਰੀ ਬਣਿਆ। ਇਸ ਤੋਂ ਇਲਾਵਾ ਇੰਡੋਨੇਸ਼ੀਆ ਓਪਨ ਜਿੱਤਣ ਵਾਲਾ ਅਤੇ ਲਗਾਤਾਰ ਤਿੰਨ ਸੁਪਰ ਸੀਰੀਜ਼ ਟੂਰਨਾਮੈਂਟ ਦੇ ਫਾਈਨਲ ਖੇਡਣ ਵਾਲਾ ਪਹਿਲਾ ਭਾਰਤੀ ਖਿਡਾਰੀ ਬਣਿਆ। ਸ੍ਰੀਕਾਂਤ ਨੇ ਸਿੰਗਾਪੁਰ ਓਪਨ ਦੇ ਫਾਈਨਲ ਵਿੱਚ ਦਾਖਲਾ ਪਾਇਆ ਜਿੱਥੇ ਉਸ ਦਾ ਮੁਕਾਬਲਾ ਭਾਰਤ ਦੇ ਹੀ ਇਕ ਹੋਰ ਨਵੇਂ ਉਭਰੇ ਸਿਤਾਰੇ ਬੀ.ਸਾਈ ਪ੍ਰਨੀਤ ਨਾਲ ਸੀ। ਕਿਸੇ ਸੁਪਰ ਸੀਰੀਜ਼ ਕੌਮਾਂਤਰੀ ਮੁਕਾਬਲੇ ਵਿੱਚ ਪਹਿਲੀ ਵਾਰ ਦੋ ਭਾਰਤੀ ਇਕੱਠੇ ਫਾਈਨਲ ਵਿੱਚ ਪਹੁੰਚੇ। ਇਸ ਮੁਕਾਬਲੇ ਵਿੱਚ ਪ੍ਰਨੀਤ ਨੇ ਵੱਡਾ ਉਲਟਫੇਰ ਕਰਦਿਆਂ ਜਿੱਤ ਪ੍ਰਾਪਤ ਕੀਤੀ। ਇਕ ਹੋਰ ਭਾਰਤੀ ਖਿਡਾਰੀ ਪ੍ਰਨਾਏ ਹਸੀਨਾ



ਸੁਨੀਲ ਕੁਮਾਰ ਨੇ ਯੂ.ਐਸ. ਓਪਨ ਦਾ ਖਿਤਾਬ ਜਿੱਤਿਆ ਜਿਸ ਨੇ ਫਾਈਨਲ ਵਿੱਚ ਇਕ ਹੋਰ ਭਾਰਤੀ ਪਾਰੂਪੱਲੀ ਕਸ਼ਯਪ ਨੂੰ ਹਰਾਇਆ। ਪ੍ਰਣਾਏ ਇਸ ਸਾਲ ਕੌਮੀ ਬੈਡਮਿੰਟਨ ਚੈਂਪੀਅਨ ਵੀ ਬਣਿਆ ਜਿੱਥੇ ਉਸ ਨੇ ਫਾਈਨਲ ਵਿੱਚ ਸ੍ਰੀਕਾਂਤ ਕਦੰਬੀ ਨੂੰ ਹਰਾਇਆ। ਫਾਈਨਲ ਖੇਡਣ ਸਮੇਂ ਸ੍ਰੀਕਾਂਤ ਦੀ ਵਿਸ਼ਵ ਰੈਂਕਿੰਗ ਦੂਜੀ ਅਤੇ ਪ੍ਰਣਾਏ ਦੀ 11ਵੀਂ ਸੀ।

ਮਹਿਲਾ ਵਰਗ ਦੀ ਗੱਲ ਕਰੀਏ ਤਾਂ ਇਹ ਸਾਲ ਸਾਇਨਾ ਨੇਹਵਾਲ ਤੇ ਪੀ.ਵੀ.ਸਿੰਧੂ ਦੀਆਂ ਪ੍ਰਾਪਤੀਆਂ ਦੇ ਨਾਂ ਰਿਹਾ। 2016 ਵਿੱਚ ਗੋਡੇ ਦੇ ਆਪਰੇਸ਼ਨ ਤੋਂ ਬਾਅਦ ਬੈਡਮਿੰਟਨ ਕੋਰਟ 'ਤੇ ਵਾਪਸੀ ਕਰਨ ਵਾਲੀ ਸਾਇਨਾ ਨੇ ਮੁੜ ਪੁਲੇਲਾ ਗੋਪੀਚੰਦ ਦੀ ਨਿਗਰਾਨੀ ਹੇਠ ਖੇਡਣਾ ਸ਼ੁਰੂ ਕੀਤਾ ਅਤੇ ਧਮਾਕੇਦਾਰ ਵਾਪਸੀ ਕੀਤੀ। ਸਾਇਨਾ ਗ੍ਰਾਂ ਪ੍ਰੀ. ਗੋਲਡ ਮਲੇਸ਼ੀਆ ਮਾਸਟਰਜ਼ ਦੀ ਜੇਤੂ ਰਹੀ। ਫਾਈਨਲ ਵਿੱਚ ਉਸ ਨੇ ਥਾਈਲੈਂਡ ਦੀ ਪੀ. ਚੋਛਵੌਂਗ ਨੂੰ 22-20 ਤੇ 22-20 ਨਾਲ ਹਰਾਇਆ। ਸਾਇਨਾ ਦੇ ਕਰੀਅਰ ਦਾ ਇਹ 21ਵਾਂ ਕੌਮਾਂਤਰੀ ਖ਼ਿਤਾਬ ਸੀ। ਸਾਇਨਾ ਨੇ ਵਿਸ਼ਵ ਬੈਡਮਿੰਟਨ ਚੈਂਪੀਅਨਸ਼ਿਪ ਵਿੱਚ ਕਾਂਸੀ ਦਾ ਤਗ਼ਮਾ ਜਿੱਤਿਆ। ਬੈਡਮਿੰਟਨ ਕੋਰਟ ਵਿੱਚ ਇਕ ਹੋਰ ਭਾਰਤੀ ਖਿਡਾਰਨ ਪੀ.ਵੀ.ਸਿੰਧੂ ਨੇ ਵਿਸ਼ਵ ਚੈਂਪੀਅਨਸ਼ਿਪ ਵਿੱਚ ਚਾਂਦੀ ਦਾ ਤਮਗਾ ਜਿੱਤ ਕੇ ਭਾਰਤ ਨੂੰ ਆਲਮੀ ਮੁਕਾਬਲੇ ਵਿੱਚ ਸਨਮਾਨ ਦਿਵਾਇਆ। ਸਿੰਧੂ ਨੇ ਇਸ ਸਾਲ ਤਿੰਨ ਕੌਮਾਂਤਰੀ ਟੂਰਨਾਮੈਂਟ ਜਿੱਤੇ ਜਿਨ੍ਹਾਂ ਵਿੱਚ ਇੱਕ ਗ੍ਰਾਂ ਪ੍ਰੀ ਗੋਲਡ ਸਈਅਦ ਮੋਦੀ ਇੰਟਰਨੈਸ਼ਨਲ ਅਤੇ ਦੋ ਸੁਪਰ ਸੀਰੀਜ਼ ਟੂਰਨਾਮੈਂਟ ਇੰਡੀਆ ਓਪਨ ਤੇ ਕੋਰੀਆ ਓਪਨ ਸ਼ਾਮਲ ਸਨ। ਸਿੰਧੂ ਦੇ ਕਰੀਅਰ ਦੇ ਕੌਮਾਂਤਰੀ ਖ਼ਿਤਾਬਾਂ ਦੀ ਗਿਣਤੀ ਵੀ 10 ਤੱਕ ਅੱਪੜ ਗਈ। ਦੁਬਈ ਵਿਖੇ ਸੁਪਰ ਸੀਰੀਜ਼ ਫਾਈਨਲ ਵਿੱਚ ਪਹੁੰਚਣ ਵਾਲੀ ਸਿੰਧੂ ਪਹਿਲੀ ਭਾਰਤੀ ਬੈਡਮਿੰਟਨ ਖਿਡਾਰੀ ਬਣੀ ਜਿੱਥੇ ਉਹ ਉਪ ਜੇਤੂ ਰਹੀ। ਇਕ ਹੋਰ ਸੁਪਰ ਸੀਰੀਜ਼ ਟੂਰਨਾਮੈਂਟ ਹਾਂਗ ਕਾਂਗ ਓਪਨ ਵਿੱਚ ਸਿੰਧੂ ਉਪ ਜੇਤੂ ਰਹੀ ਜਿੱਥੇ ਉਸ ਨੂੰ ਫਾਈਨਲ ਵਿੱਚ ਹਾਰ ਦਾ ਸਾਹਮਣਾ ਕਰਨਾ ਪਿਆ। ਫਰੈਂਚ ਓਪਨ ਸੁਪਰ ਸੀਰੀਜ਼ ਵਿੱਚ ਉਸ ਨੇ ਸੈਮੀ ਫਾਈਨਲ ਤੱਕ ਸਫਰ ਤੈਅ ਕੀਤਾ। ਸਾਇਨਾ ਤੇ ਸਿੰਧੂ ਦੋਵੇਂ ਖਿਡਾਰਨਾਂ ਵਿਚਾਲੇ ਸਭ ਤੋਂ ਫਸਵਾਂ ਮੁਕਾਬਲਾ ਕੌਮੀ ਬੈਡਮਿੰਟਨ ਚੈਂਪੀਅਨਸ਼ਿਪ ਦੇ ਫਾਈਨਲ ਵਿੱਚ ਦੇਖਣ ਨੂੰ ਮਿਲਿਆ। ਫਾਈਨਲ ਵਿੱਚ ਨੇਹਵਾਲ ਨੇ ਪਹਿਲੀ ਗੇਮ 21-17 ਨਾਲ ਜਿੱਤੀ। ਦੂਜੀ ਗੇਮ ਵਿੱਚ ਦੋਵੇਂ ਖਿਡਾਰਨਾਂ ਦੀ ਖੇਡ ਨੂੰ ਦੇਖਦਿਆਂ ਕੌਮੀ ਮੁਕਾਬਲੇ ਕਿਸੇ ਓਲੰਪਿਕਸ ਜਾਂ ਸੁਪਰ ਸੀਰੀਜ਼ ਦੇ ਫਾਈਨਲ ਤੋਂ ਘੱਟ ਨਹੀਂ ਜਾਪ ਰਿਹਾ ਸੀ। ਦੂਜੀ ਗੇਮ ਵਿੱਚ ਕਈ ਵਾਰ ਸਕੋਰ ਬਰਾਬਰ ਹੋਇਆ ਅਤੇ ਅੰਤ ਨੇਹਵਾਲ ਨੇ 27-25 ਨਾਲ ਦੂਜੀ ਗੇਮ ਅਤੇ ਫਾਈਨਲ ਜਿੱਤ ਲਿਆ। ਦੋਵਾਂ ਖਿਡਾਰਨਾਂ ਦੀ ਫਾਰਮ ਨੂੰ ਦੇਖਦਿਆਂ ਭਾਰਤੀ ਮਹਿਲਾ ਬੈਡਮਿੰਟਨ ਦਾ ਭਵਿੱਖ ਸੁਨਹਿਰੀ ਜਾਪਦਾ ਹੈ।

ਡਬਲਜ਼ ਦੀ ਮਾਹਿਰ ਖਿਡਾਰਨ ਅਸ਼ਵਨੀ ਪੋਨੱਪਾ ਦੋ ਵਾਰ ਉਪ ਜੇਤੂ ਰਹੀ ਦੋਵੇਂ ਖ਼ਿਤਾਬ ਉਸ ਨੇ ਸਈਅਦ ਮੋਦੀ ਗ੍ਰਾਂ.ਪ੍ਰੀ. ਗੋਲਡ ਟੂਰਨਾਮੈਂਟ ਵਿੱਚ ਜਿੱਤੇ। ਮਹਿਲਾ ਡਬਲਜ਼ ਵਿੱਚ ਐਨ.ਸਿੱਕੀ ਰੈਡੀ ਅਤੇ ਮਿਕਸਡ ਡਬਲਜ਼ ਵਿੱਚ ਬੀ. ਸੁਮੀਥ ਰੈਡੀ ਨਾਲ ਖੇਡਦਿਆਂ ਦੋਵਾਂ ਵਰਗਾਂ ਵਿੱਚ ਹੀ ਉਪ ਜੇਤੂ ਖ਼ਿਤਾਬ ਹਾਸਲ ਕੀਤਾ। ਨੈਸ਼ਨਲ ਚੈਂਪੀਅਨਸ਼ਿਪ ਵਿੱਚ ਅਸ਼ਵਨੀ ਪੋਨੱਪਾ ਨੇ ਦੋ ਸੋਨ ਤਗ਼ਮੇ ਜਿੱਤੇ। ਉਹ ਮਿਕਸਡ ਡਬਲਜ਼ ਅਤੇ ਮਹਿਲਾ ਡਬਲਜ਼ ਦੋਵਾਂ ਵਿੱਚ ਆਪੋ-ਆਪਣੇ ਜੋੜੀਦਾਰਾਂ ਨਾਲ ਚੈਂਪੀਅਨ ਰਹੀ। ਬੈਡਮਿੰਟਨ ਪ੍ਰੀਮੀਅਰ ਲੀਗ ਦਾ ਇਸ ਸਾਲ ਦਾ ਖ਼ਿਤਾਬ ਚੇਨਈ ਸਮੈਸ਼ਰਜ਼ ਨੇ ਮੁੰਬਈ ਰੌਕਰਜ਼ ਨੂੰ 4-3 ਨਾਲ ਹਰਾ ਕੇ ਜਿੱਤਿਆ। ਭਾਰਤੀ ਖਿਡਾਰੀਆਂ ਵਿੱਚੋਂ ਚੇਨਈ ਦੀ ਟੀਮ ਵਿੱਚ ਪੀ.ਵੀ.ਸਿੰਧੂ, ਪਾਰੂਪੱਲੀ ਕਸ਼ਯਪ ਅਤੇ ਮੁੰਬਈ ਦੀ ਟੀਮ ਪ੍ਰਨਾਏ, ਅਜੈ ਜੈਰਾਮ ਤੇ ਸ਼੍ਰੇਆਂਸ ਜੈਸਵਾਲ ਅਹਿਮ ਸਨ। ਸੈਮੀ ਫਾਈਨਲ ਵਿੱਚ ਹਾਰਨ ਵਾਲੀ ਅਵਧ ਵਾਰੀਅਰਜ਼ ਲੀਗ ਦੌਰ ਵਿੱਚ 21 ਅੰਕਾਂ ਨਾਲ ਪਹਿਲੇ ਸਥਾਨ 'ਤੇ ਰਹੀ ਸੀ। ਇਸ ਟੀਮ ਵਿੱਚ ਸ੍ਰੀਕਾਂਤ ਕਦਾਂਬੀ ਅਤੇ ਸਾਇਨਾ ਨੇਹਵਾਲ ਪ੍ਰਮੁੱਖ ਸਨ ਜਦੋਂ ਕਿ ਸੈਮੀ ਫਾਈਨਲ ਹਾਰਨ ਵਾਲੀ ਦੂਜੀ ਟੀਮ ਹੈਦਰਾਬਾਦ ਹੰਟਰਜ਼ ਵਿੱਚ ਬੀ.ਸਾਈ ਪ੍ਰੀਨਥ ਸ਼ਾਮਲ ਸੀ।

# ਦੇਸ਼ ਦੁਆਬਾ ਦੇ ਕੰਧ ਚਿੱਤਰ - 7 ਪਿੰਡ ਜਨੌੜੀ ਜ਼ਿਲ੍ਹਾ ਹੁਸ਼ਿਆਰਪੁਰ



ਪ੍ਰਿੰਸੀਪਲ ਦਰਸ਼ਨ ਸਿੰਘ ਦਰਸ਼ਨ
1102 ਫਰੈੱਂਨਡਜ਼ ਇੰਨਕਲੇਵ, ਹੁਸ਼ਿਆਰਪੁਰ
singhdarshan1362@gmail.com

ਜਨੌੜੀ ਕਸਬਾ-ਨੁਮਾ ਪਿੰਡ ਹੈ ਜੋ ਸ਼ਿਵਾਲਿਕ ਪਹਾੜੀਆਂ ਦੇ ਪੈਰਾਂ ਵਿੱਚ ਉੱਚੀ ਨੀਵੀਂ ਜਗਾ 'ਤੇ ਕਾਫੀ ਵੱਡੇ ਰਕਬੇ ਵਿੱਚ ਵਸਿਆ ਹੋਇਆ ਹੈ। ਇਸ ਪਿੰਡ ਵਿੱਚ ਪਹੁੰਚਣ ਵਾਸਤੇ, ਹੁਸ਼ਿਆਰਪੁਰ ਤੋਂ ਕਸਬਾ ਹਰਿਆਣਾ ਰਾਹੀਂ ਲਗਪਗ 30 ਕਿਲੋ ਮੀਟਰ ਦੀ ਦੂਰੀ ਤਹਿ ਕਰਨੀ ਪੈਂਦੀ ਹੈ ਜਿੱਥੇ ਬੜੀ ਆਸਾਨੀ ਨਾ਼ਲ ਪਹੁੰਚਿਆ ਜਾ ਸਕਦਾ ਹੈ। ਇਹ ਪਿੰਡ ਆਪਣੀ ਪ੍ਰਾਚੀਨਤਾ ਤੇ ਤੇ ਵਿਸ਼ਾਲਤਾ ਕਰਕੇ ਪ੍ਰਸਿੱਧ ਹੈ ਜੋ ਕਈ ਪੱਤੀਆਂ (ਮੁਹੱਲਿਆਂ) ਵਿੱਚ ਵੰਡਿਆ ਹੋਇਆ ਹੈ ਜਿਨ੍ਹਾਂ ਦਾ ਪ੍ਰਬੰਧ ਇੱਕ ਤੋਂ ਵੱਧ ਪੰਚਾਇਤਾਂ ਕੋ਼ਲ ਹੈ।ਇੱਥੇ ਮੰਦਿਰ ਬਹੁਤ ਹਨ ਜੋ ਤਰ੍ਹਾਂ ਤਰ੍ਹਾਂ ਦੀਆਂ ਕਲਾਵਾਂ ਦਾ ਖਜ਼ਾਨਾ ਹਨ। ਇਸ ਦੇ ਨੇੜੇ ਹੀ ਇੱਕ ਹੋਰ ਪਿੰਡ ਢੋਲਵਾਹਾ ਹੈ ਜੋ ਇਤਹਾਸਿਕ ਪੈੜਾਂ ਨੂੰ ਆਪਣੇ ਵਿੱਚ ਸਮੋਈ ਬੈਠਾ ਹੈ ਜਿਸ ਦਾ ਜਿਕਰ ਅਗਲੇ ਲੇਖਾਂ ਵਿੱਚ ਕੀਤਾ ਜਾਵੇਗਾ,।

ਇਸ ਪਿੰਡ ਦੀ ਯਾਤਰਾ ਕਰਦਿਆਂ ਕਈ ਮੰਦਿਰ ਜੋ ਕਈ ਕਲਾਵਾਂ ਨਾ਼ਲ ਭਰਪੂਰ ਹਨ ਦੇਖੇ ਗਏ ਜਿਨ੍ਹਾਂ ਵਿੱਚ ਇੱਕ ਅਜਿਹਾ ਮੰਦਿਰ ਮਿਲਿਆ ਜਿਸ ਵਿੱਚ ਅਨੇਕਾਂ ਤਰ੍ਹਾਂ ਦੇ ਛੋਟੇ ਤੋਂ ਛੋਟੇ ਤੇ ਵੱਡੇ ਤੋਂ ਵੱਡੇ ਪੁਰਾਣੀ ਸ਼ੈਲੀ ਨੂੰ ਨਵੀਨਤਾ ਰਾਂਹੀ ਅੱਗੇ ਲਿਆਉਂਦੇ ਦਿਖਾਏ ਗਏ ਹਨ ਜਿਨ੍ਹਾਂ ਵਿੱਚ ਹਿੰਦੂ ਮਤ ਅਨੁਸਾਰ ਲਗਪਗ ਸਾਰੀਆਂ ਦੇਵੀਆਂ, ਵੱਖ ਵੱਖ ਮੁਦਰਾਵਾਂ ਵਿੱਚ, ਉਨ੍ਹਾਂ ਦੇ ਵਾਹਨ ਸਮੇਤ ਚਿੱਤਰਿਤ ਕੀਤੀਆਂ ਮਿਲਦੀਆਂ ਹਨ। ਇਨ੍ਹਾਂ ਤੋਂ ਇਲਾਵਾ ਪਸ਼ੂ ਪੰਛੀਆਂ, ਡਿਜਾਇਨਾਂ (ਕੁਦਰਤੀ ਡਿਜ਼ਾਇਨ- ਜੁਮੈਟਰੀਕਲ ਡਿਯਾਇਨ) ਅਤੇ ਹੋਰ ਲੋਕਾਂ ਦੇ ਆਮ ਜੀਵਨ ਨਾ਼ਲ ਸੰਬੰਧਤ ਚਿੱਤਰ, ਮਾਤਾ ਦੇ ਇਸ ਮੰਦਿਰ ਵਿੱਚ ਦੇਖਣ ਨੂੰ ਮਿਲੇ।

ਇਹ ਦੁਰਗਾ ਮਾਤਾ ਜੀ ਦਾ ਮੰਦਿਰ,ਭੱਦਰਕਾਲੀ ਮਾਤਾ ਦੇ ਨਾਮ ਨਾ਼ਲ ਵੀ ਪ੍ਰਸਿੱਧ ਹੈ ਤੇ ਛਮੇੜੀ ਪੱਟੀ (ਮੁਹੱਲਾ) ਵਿੱਚ ਪੱਕੀ ਗ਼ਲੀ ਦੇ ਪੱਛਮ ਵਿੱਚ ਚੜਦੇ ਨੂੰ ਮੂੰਹ ਕਰਕੇ ਬਣਾਇਆ ਹੈ।ਜਿਸ ਸੇ ਮੁੱਖ ਦਰਵਾਣੇ ਉੱਤੇ ਇਸ ਦੀ ਉਸਾਰੀ ਦੀ ਪਹਿਚਾਣ ਲਈ ਦੋ ਤਾਰੀਖਾਂ ਲਿਖੀਆਂ ਹੋਈਆ ਹਨ ਜੋ ਇਸ ਪ੍ਰਕਾਰ ਹਨ।

'ਪ੍ਰਾਰੰਭਕ 1995 ਸੰਮਤ 12 ਭਾਦੋਂ",
'ਸੰਮਤ 1995, 20 ਮਾਘ'।

ਦੁਰਗਾ ਮਾਤਾ ਦਾ ਇਹ ਮੰਦਿਰ ਚਾਰ ਦਿਵਾਰੀ ਦੇ ਅੰਦਰ ਹੈ। ਮੰਦਿਰ ਦੀ ਮੁੱਖ ਇਮਾਰਤ ਵਰਗਾਕਾਰ (ਅੱਠ ਫੁੱਟ ਲੰਬਾਈ ਤੇ ਅੱਠ ਫੁੱਟ ਚੌੜਾਈ) ਹੈ।ਜਿਸ ਦੇ ਅਗੇ ਛੋਟਾ ਬਰਾਂਦਾ ਹੈ। ਇਸ ਮੰਦਿਰ ਦੀਆਂ ਕੰਧਾਂ ਦੀ ਚੌੜਾਈ ਲਗਪਗ ਡੇੜ ਤੋਂ ਦੋ ਫੁੱਟ ਦੀ ਹੈ।

ਜਿੰਨੀਆਂ ਮਾਤਾਵਾਂ ਦੇ ਚਿੱਤਰ ਇਸ ਮੰਦਿਰ ਦੀਆਂ ਕੰਧਾਂ ਉੱਤੇ ਚਿੱਤਰੇ ਦੇਖੇ ਗਏ ਹਨ ਉਨ੍ਹੇ ਹੋਰ ਕਿਸੇ ਮਮਦਰ ਵਿੱਚ ਦੈਖਣ ਨੂੰ ਨਹੀਂ ਮਿਲਦੇ।ਹਰੇਕ ਚਿੱਤਰ ਵਿੱਚ ਇਨ੍ਹਾਂ ਦੇ ਨਾਮ ਵੀ ਲਿਖੇ ਹੋਏ ਹਨ ਜਿਸ ਕਰਕੇ ਇਨ੍ਹਾਂ ਨੂੰ ਪਹਿਚਾਣ ਵਿੱਚ ਕੋਈ ਸੰਦੇਹ ਨਹੀਂ ਹੈਕਿ ਇਨ੍ਹਾਂ ਵਿੱਚ ਵਿਸ਼ੇਸ਼ ਤੌਰ 'ਤੇ ਸ਼੍ਰੀ ਤਾਰਾ, ਸ਼੍ਰੀ ਮਤੰਗੀ, ਸ਼੍ਰੀ ਮਹਾਂਕਾਲੀ, ਸ਼੍ਰੀ ਛੋਡਸ਼ੀ, ਸ਼੍ਰੀ ਗਾਇਤਰੀ, ਸ਼੍ਰੀ ਤਰੀਕਰ ਭੈਰਵੀ, ਸ਼੍ਰੀ ਭੂਮਤੀ, ਸ਼੍ਰੀ ਸਰਸਵਤੀ, ਸ਼੍ਰੀ ਮਹਾਂ ਕਾਲੀ,ਸ਼੍ਰੀ ਮਹਾਂ ਲੱਕਸ਼ਮੀ, ਸ਼੍ਰੀ ਪਿਤਮਬਰਾ, ਸ਼੍ਰੀ ਛਿੰਨ ਮਸਤਕਾ, ਸ਼੍ਰੀ ਸਰਸਵਤੀ, ਸ਼੍ਰੀ ਰਹਿਚਰਾ, ਸ਼੍ਰੀ ਦੁਰਗਾ ਮਾਤਾ, ਸ਼੍ਰੀ ਬਰਮਦੇਸ਼ਵਰੀ ਜੀ ਆਦਿ ਮਾਤਾਵਾਂ ਦੇ ਨਾਮ ਲਿਖੇ ਚਿੱਤਰ ਪ੍ਰਾਪਤ ਹੋਏ ਹਨ। ਇਨ੍ਹਾਂ ਤੋਂ ਇਲਾਵਾ ਹੋਰ ਵੱਖ ਵੱਖ ਤਰ੍ਹਾਂ ਦੇ ਡਿਜਾਇਨ, ਪੰਛੀਆਂ ਦੇ ਚਿੱਤਰ ਵੀ ਕਲਾਕਾਰ ਨੇ ਭੜੀ ਸ਼ਿੱਦਤ ਨਾ਼ਲ ਚਿੱਤਰੇ ਹਨ, ਜੋ ਮੰਦਿਰ ਦੀਆਂ ਅੰਦਰਲੀਆਂ ਕੰਧਾਂ ਉੱਤੇ



ਸ਼੍ਰੀ ਦੁਰਗਾ ਭਵਨਮ ਜਨੌੜੀ ਦਾ ਪਰਵੇਸ਼ ਦੁਆਰ (ਹੁਸ਼ਿਆਰਪੁਰ)



ਮਾਤਾ ਸਰਸਵਤੀ ਜੀ



ਪੈਨਲ ਵਿੱਚ (ਖੱਬੇ) ਮੋਰ, (ਸੱਜੇ) ਸ਼ੇਰ ਉੱਤੇ ਸਵਾਰ ਮਾਤਾ ਦੁਰਗਾ ਜੀ ਤੇ ਡਿਜ਼ਾਇਨ ਆਦਿ

ਹੋਣ ਕਰਕੇ ਸੁਰੱਖਿਅਤ ਹਨ।

ਇਹ ਚਿੱਤਰ ਮੰਦਿਰ ਦੀ ਅੰਦਰਲੀ ਉੱਤਰ ਪਾਸੇ ਦੀ ਦਿਵਾਰ 'ਤੇ ਚਿੱਤਰਿਆ ਹੋਇਆ ਹੈ ਜਿਸ ਵਿੱਚ ਮਾਂ ਸਰਸਵੀ ਜੀ ਦੀਆਂ ਚਾਰ ਭੁਜਾਵਾਂ ਦਿਖਾਈਆਂ ਹਨ। ਉਹ ਸਿਤਾਰ ਬਜਾ ਰਹੀ ਹੈ ਅਤੇ ਧਿਆਨ ਸਿੱਧਾ ਸਾਹਮਣੇ ਕੀਤਾ ਦਿਖਾਇਆ ਹੋਇਆ ਹੈ। ਇਸ ਚਾਰਭੁਜੀ ਚਿੱਤਰ ਵਿੱਚ ਦੋ ਹੱਥਾਂ ਵਿੱਚ ਸਿਤਾਰ।ਤੀਸਰਾ ਸੱਜਾ ਹੱਥ ਜੋ ਉਪਰ ਨੂੰ ਕੀਤਾ ਹੋਇਆ ਹੈ, ਵਿੱਚ ਰਚਨਾ ਹੈ ਤੇ ਚੌਥਾ ਖੱਬੇ ਹੱਥ ਵਿੱਚ ਵੀ ਕੁੱਝ ਫੜਿਆ ਹੋਈਆ ਹੈ, ਜੋ ਖੱਬੀ ਲੱਤ ਦੇ ਉੱਪਰ ਚਿੱਤਰਿਆ ਹੈ। ਬਸਤਰਾਂ ਵਿੱਚ ਜਿਆਦਾਤਰ ਭੁਰੇ ਰੰਗ ਦੀ ਭਰਮਾਰ ਹੈ। ਸਰੀਰ ਵਿੱਚ ਵੀ ਇਸ ਰੰਗ ਨੂੰ ਹਲਕੇ ਕਰਕੇ ਭਰਿਆ ਹੈ ਤੇ ਬਾਹਰੀ ਰੇਖਾ ਨਾਲ ਵੱਖਰਾ ਕੀਤਾ ਹੈ। ਇਸ ਤੋਂ ਇਲਾਵਾ ਪੀਲੇ ਅਤੇ ਨੀਲੇ ਰੰਗ ਦਾ ਵੀ ਬਸਤਰਾਂ ਵਿੱਚ ਪ੍ਰਯੋਗ ਕੀਤਾ ਹ ਸਿਰ ਉੱਤੇ ਪੀਲੇ ਰੰਗ ਵਿੱਚ ਹੀ ਮੁੱਕਟ ਬਣਾਇਆ ਹੈ ਤੇ ਇਸੇ ਰੰਗ ਨਾ਼ਲ ਹੀ ਮਾਤਾ ਦੇ ਸਿਰ ਦੇ ਪਿੱਛੇ ਵੱਡਾ ਭਗਤੀ ਚੱਕਰ ਦਿਖਾਇਆ ਹੈ ਜਿਸ ਨੂੰ,ਮਤਾਤ ਦੇ ਸਿਰ ਦੇ ਵਾ਼ਲਾ ਵਿੱਚ ਹਰਾ ਰੰਗ ਭਰ ਕੇ ਵੱਖਰਾ ਕੀਤਾ ਹੈ। ਇਸ ਤੋਂ ਇਹ ਪ੍ਰਗਟ ਹੂੰਦਾ ਹੈ ਕਿ ਕਲਾਕਾਰ ਰੰਗਾਂ ਦੇ ਇਸਤੇਮਾਲ ਵਿੱਚ ਆਜ਼ਾਦੀ ਚਹੁੰਦਾ ਹੈ। ਪਿੱਠ ਭੂਮੀ ਵਿੱਚ ਨੀਲੇ ਰੰਗ ਦਾ ਇਸਤੇਮਾਲ ਕੀਤਾ ਹੋਇਆ ਹੈ ਜਿਸ ਨੇ ਬਾਕੀ ਸਾਰੇ ਰੰਗਾਂ ਨੂੰ ਆਪਣੇ ਪ੍ਰਬੰਧ ਵਿੱਚ ਰੱਖਿਆ ਹੋਇਆ ਹੈ। ਚਿੱਤਰ ਵਿੱਚ ਕਲਾਕਾਰ ਨੇ ਮਾਤਾ ਦੀ ਆਕਰੀਤੀ ਨੂੰ ਪੂਰਾ ਡਿਜ਼ਾਇਨਾਂ ਅਤੇ ਗਹਿਣਿਆਂ ਨਾ਼ਲ ਸਜਾਇਆ ਹੋਇਆ ਹੈ। ਕਲਾਕਾਰ ਨੇ ਸਾਰੇ ਰੰਗਾਂ ਦਾ ਪ੍ਰਯੋਗ ਚਿੱਤਰ ਦੀ ਪਿੱਠ ਭੂਮੀ ਵਿੱਚ ਕਰਕੇ ਸਾਰੇ ਚਿੱਤਰ ਵਿੱਚ ਇੱਕਸੁਰਤਾ ਪੈਦਾ ਕੀਤੀ ਹੈ।

ਮੰਦਿਰ ਦੇ ਗੁੰਬਦ ਵਿੱਚ ਮਨੁੱਖੀ ਆਕਾਰ ਦੀਆਂ ਨੀਲੇ ਰੰਗ ਦੀਆਂ ਵੱਡੀਆਂ ਵੱਡੀਆਂ ਆਕਰੀਤੀਆਂ ਵੀ ਚਿੱਤਰੀਆਂ ਹੋਈਆਂ ਹਨ। ਇਨ੍ਹਾਂ ਦੇ ਚਿਹਰੇ ਇੱਕ ਪਾਸੜ ਹਨ। ਇਹ ਨੀਲੇ ਰੰਗ ਦੀਆਂ ਹਨ। ਮੋਟੀਆਂ ਤੇ ਭਾਰੀਆਂ ਇਨ੍ਹਾਂ ਆਕਰੀਤੀਆਂ ਦੇ ਬਸਤਰ (ਲੰਗੋਟ) ਗੇਰੂਏ ਰੰਗ ਦੇ ਹਨ।

ਕੰਧ ਚਿੱਤਰਾਂ ਦੇ ਇਨ੍ਹਾਂ ਪੈਨਲਾਂ ਵਿੱਚ (ਖੱਬੇ) ਕਲਾਕਾਰ ਨੇ ਮੋਰ ਨੂੰ ਬੜੀ ਬਾਖੂਬੀ ਨਾਲ ਸੂੰਦਰ ਰੰਗਾਂ ਵਿੱਚ ਚਿੱਤਰਿਆ ਹੈ। ਉਸ ਦੀ ਲੰਬੀ ਧੌਣ ਉਸ ਦੇ ਕੂਕਣ ਨੂੰ ਪ੍ਰਗਟ ਕਰਦੀ ਹੈ ਜਿਵੇਂ ਸਾਵਣ ਆਇਆ ਹੋਇਆ ਹੋਵੇ। ਹਲਕੇ ਰੰਗੀ ਗਰੇ ਪਿੱਠਭੂਮੀ ਉੱਤੇ ਮੋਰ ਵਿੱਚ ਗੂੜੇ ਨੀਲੇ ਪੀਲੇ ਬਸੰਤੀ ਅਤੇ ਹਰੇ ਰੰਗ ਦਾ ਕਲਾਕਾਰ ਨੇ ਇਸਤੇਮਾਲ ਕਰਕੇ ਅਤੇ ਉਨ੍ਹਾਂ ਹੀ ਰੰਗਾਂ ਵਿੱਚ ਦਰਖਤ ਨੂੰ, ਜਿਸ ਉੱਤੇ ਮੋਰ ਬੈਠਾ ਹੈ, ਚਿੱਤਰ ਕੇ ਆਪਣੀ ਵਿਲੱਖਣਕਾਰੀ ਸੋਝ ਦਾ ਸਬੂਤ ਦਿੱਤਾ ਹੈ। ਦਰਖਤ ਦੇ ਮੁੱਖ ਤਣਿਆਂ ਦੇ ਸਿਰਿਆਂ ਉੱਤੇ ਬਣਾਏਆਂ ਡਾਹਣੀਆ ਤੇ ਪੱਤੇ ਆਦਿ ਵੀ ਇੱਕ ਖਾਸ ਪ੍ਰਭਾਵ ਨੂੰ ਪ੍ਰਗਟ ਕਰਦੇ ਹਨ।

ਇਸ ਚਿੱਤਰ ਦੇ ਸੱਜੇ ਪੈਨਲ ਵਿੱਚ ਮਾਂ ਦੁਰਗਾ ਸ਼ੇਰ ,ਤੇ ਸਵਾਰ ਦਿਕਾਈ ਹੈ ਜਿਵੇਂ ਉਹ ਯੁੱਧ ਨੂੰ ਜਾ ਰਹੀ ਹੋਵੇ। ਸ਼ੇਰ ਦੀ ਬਾਹਰ ਨਿੱਕਲੀ ਜੀਭ ਹਮਲਾ ਕਰਨ ਵਾ਼ਲੀ ਚਿੱਤਰੀ ਹੋਈ ਹੈ। ਮਾਤਾ ਦੀ ਦ੍ਰਿਸ਼ਟੀ ਦੂਰ ਸਾਹਣੇ ਨੂੰ ਦੇਖਦੇ ਦਿੰਖਾਈ ਹੈ। ਇਸ ਪੈਨਲ ਵਿੱਚਲੀ ਪਿੱਠ ਭੂਮੀ ਦਾ ਗਰੇ ਰੰਗ ਕਿਤਿਓ ਕਿਤਾਂ ਕਲਾਕਾਰ ਨੇ ਲੋੜ ਅਨੁਸਾਰ ਜਿਅਦਾ ਸਫੇਦ ਵੀ ਕੀਤਾ ਹੈ ਜਿੱਥੇ ਉਸ ਨੇ ਆਕਰੀਤੀਆਂ ਵਿੱਚ ਗੂੜੇ ਰੰਗ ਦਾ ਇਸਤੇਮਾਲ ਕੀਤਾ ਹੈ। ਇਸ ਚਿੱਤਰ ਵਿੱਚ ਕਲਾਕਾਰ ਨੇ ਗੂੜ੍ਹੇ ਪੀਲੇ-ਬਸੰਤੀ ਨੀਲੇ ਅਤੇ ਭਾਰਤੀ ਲਾ਼ਲ ਰੰਗ ਦਾ ਸਿੱਟ ਤੌਰ 'ਤੇ ਇਸਤੇਮਾਲ ਕੀਤਾ ਹੇ ਜੋ ਬੜਾ ਸੁੰਦਰ ਲੱਗਦਾ ਹੈ।

ਇਸ ਪੈਨਲ ਦੇ ਉੱਪਰ ਡਿਜਾਇਨ ਬਣਾਏ ਹੋਏ ਹਨ। ਓੱਪਰਲੇ ਹਿੱਸੇ ਵਿੱਚਲ ਫਿੱਕੇ ਸਲੇਟੀ ਰੰਗ ਦੀ ਪਿੱਠ ਭੂਮੀ 'ਤੇ ਗੂੜੇ ਲਾਲ ਰੰਗ ਦਾ ਜਿਉਮੈਟਰੀਕਲ ਡਿਜਾਇਨ ਗੂੜੇ ਨੀਲੇ ਰੰਗ ਦੇ ਨਾ਼ਲ ਤਿਆਰ ਕੀਤਾ ਹੈ। ਜਦ ਕਿ ਹੇਠਲੇ ਹਿੱਸੇ ਵਿੱਚ ਕੁਦਰਤੀ ਫਿੱਕੇ ਹਰੇ ਫੁੱਲਾਂ ਵਿੱਚ ਘੂੜੇ ਲਾਲ ਰੰਗ ਨਾਲ ਬਾਰਡਰੀਕਲ ਨਮੂਨਾ ਅਤੀ ਸੁੰਦਰ ਢੰਗ ਨਾ਼ਲ ਲਗਾਤਾਰਤਾ ਵਿੱਚ ਤਿਆਰ ਕੀਤਾ ਹੋਇਆ ਹੈ। ਜਿੱਥੇ ਚਿੱਤਰਾਂ ਵਿੱਚ ਕਲਾਕਾਰ ਨੇ ਬੜੀ ਮਿਹਨਤ ਕੀਤੀ ਹੈ ਉੱਥੇ ਡਿਜਾਇਨਾਂ ਵਿੱਚ ਵੀ ਪੂਰੀ ਰੁੱਚੀ ਨਾਲ ਕੰਮ ਕੀਤਾ ਗਿਆ ਹੈ।

ਸੋ ਅਖੀਰ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ ਇਸ ਮੰਦਿਰ ਵਿੱਚ ਉੱਥੋਂ ਦੇ ਲੋਕਲ ਕਲਾਕਾਰਾਂ ਦਾ ਪਰੰਪਰਾਵਾਦੀ ਸ਼ੈਲੀ ਵਿੱਚ ਕੰਮ ਕੀਤਾ ਮਿਲਦਾ ਹੈ।

ਉਨ੍ਹਾਂ ਨੇ ਮਾਤਾਵਾਂ ਦੇ ਅਨੇਕਾਂ ਚਿੱਤਰ ਦੇ ਨਾਲ ਹੋਰ ਵੀ ਪਸ਼ੂਆਂ, ਪੰਛੀਆਂ,ਬੇਲ-ਬੂਟਿਆਂ ਆਦਿ ਦੇ ਚੱਤਰ ਬੜੀ ਨਿੱਠਠਾ ਨਾਲ ਇਸ ਲਕਿ ਕਲਾ ਸ਼ੈਲੀ ਵਿੱਚ ਚਿੱਤਰੇ ਹਨ ਜੋ ਆਉਣ ਵਾਲੇ ਕਲਾ ਖੋਜੀਆਂ ਤੇ ਕਲਾ ਪ੍ਰੇਮੀਆਂ ਲਈ ਸਾਰਥਕ ਸਿੱਧ ਹੋਣਗੇ।

# ਹੈ ਤਾਂ ਵਿਚਾਰਨ ਦੀ ਗੱਲ !

* ਕਾਗਜ਼ ਦੀ ਖੋਜ ਕਿਸ ਨੇ ਕੀਤੀ?.. ਇਨਸਾਨ ਨੇ।
* ਅੱਗ ਦੀ ਖੋਜ ਕਿਸ ਨੇ ਕੀਤੀ?.. ਇਨਸਾਨ ਨੇ।
* ਪਹੀਏ ਦੀ ਖੋਜ ਕਿਸ ਨੇ ਕੀਤੀ?.. ਇਨਸਾਨ ਨੇ।
* ਖੇਤੀ ਦੀ ਖੋਜ ਕਿਸ ਨੇ ਕੀਤੀ?... ਇਨਸਾਨ ਨੇ।
* ਵੱਡੇ-ਵੱਡੇ ਘਰ ਤੇ ਬੰਗਲੇ ਕਿਸ ਨੇ ਬਣਾਏ?... ਇਨਸਾਨ ਨੇ।
* ਸਮੁੰਦਰੀ ਜਹਾਜ਼ ਦੀ ਖੋਜ ਕਿਸ ਨੇ ਕੀਤੀ?... ਇਨਸਾਨ ਨੇ।
* ਹਵਾਈ ਜਹਾਜ਼ ਦੀ ਖੋਜ ਕਿਸ ਨੇ ਕੀਤੀ?... ਇਨਸਾਨ ਨੇ।
* ਕੰਪਿਊਟਰ ਦੀ ਖੋਜ ਕਿਸ ਨੇ ਕੀਤੀ?... ਇਨਸਾਨ ਨੇ।
* ਮੋਬਾਈਲ ਸੈੱਲ ਫ਼ੋਨ ਦੀ ਖੋਜ ਕਿਸ ਨੇ ਕੀਤੀ?... ਇਨਸਾਨ ਨੇ।
* ਗੱਡੀਆਂ ਕਿਸ ਨੇ ਬਣਾਈਆਂ?... ਇਨਸਾਨ ਨੇ।
* ਘਰਾਂ ਵਿੱਚ ਸੁੱਖ-ਆਰਾਮ ਦੇ ਸਾਧਨ ਕਿਸ ਨੇ ਬਣਾਏ? ... ਇਨਸਾਨ ਨੇ।
* ਸਮਾਜ ਕਿਸ ਨੇ ਬਣਾਇਆ?... ਇਨਸਾਨ ਨੇ।
* ਧਰਮ ਕਿਸ ਨੇ ਬਣਾਇਆ?... ਇਨਸਾਨ ਨੇ।
* ਮੰਦਰ, ਮਸਜਿਦ ਕਿਸ ਨੇ ਬਣਾਏ?... ਇਨਸਾਨ ਨੇ।
* ਮੰਦਰਾਂ, ਮਸਜਿਦਾਂ ਵਿੱਚ ਭਗਵਾਨ, ਅੱਲ੍ਹਾ, ਗੌਡ ਕਿਸ ਨੇ ਬਿਠਾਏ?
... ਇਨਸਾਨ ਨੇ।

**ਹੈ ਨਾ ਕਮਾਲ ਦੀ ਗੱਲ, ਸਭ ਕੰਮ ਕੀਤੇ ਹਨ ਤਾਂ ਇਨਸਾਨ ਨੇ**

** ਜੋ ਕੁਝ ਵੀ ਕੀਤਾ ਹੈ, ਤਾਂ ਇਨਸਾਨ ਨੇ।
** ਫਿਰ ਵੀ ਲੋਕ ਇਨਸਾਨ ਤੋਂ ਜ਼ਿਆਦਾ ਭਗਵਾਨ ਜਾਂ ਰੱਬ ਦਾ ਕ੍ਰਿਸ਼ਮਾ ਮੰਨਦੇ ਹਨ।
** ਅਸੀਂ ਇਨਸਾਨਾਂ ਨੇ ਹੀ ਆਪਣੀ ਖ਼ੁਦਗਰਜ਼ੀ ਲਈ ਰੱਬ ਦਾ ਨਿਰਮਾਣ ਕੀਤਾ ਹੈ।

ਕਿਉਂਕਿ :-

(1) ਮਨੁੱਖ ਤੋਂ ਇਲਾਵਾ ਦੁਨੀਆਂ ਦਾ ਕੋਈ ਵੀ ਹੋਰ ਪ੍ਰਾਣੀ ਰੱਬ ਨੂੰ ਨਹੀਂ ਮੰਨਦਾ।
(2) ਜਿੱਥੇ ਇਨਸਾਨ ਅਜੇ ਨਹੀਂ ਪੁੱਜਾ, ਉੱਥੇ ਤੁਹਾਨੂੰ ਕੋਈ ਮੰਦਰ, ਮਸਜਿਦ ਨਹੀਂ ਮਿਲਣਗੇ।
(3) ਵੱਖ-ਵੱਖ ਥਾਵਾਂ 'ਤੇ ਅਲੱਗ-ਅਲੱਗ ਦੇਵਤੇ ਹਨ। ਇਸ ਦਾ ਮਤਲਬ, ਇਨਸਾਨ ਨੂੰ ਜਿਸ ਤਰ੍ਹਾਂ ਦੀ ਕਲਪਨਾ ਸੁੱਝੀ, ਉਸ ਤਰ੍ਹਾਂ ਦਾ ਰੱਬ ਬਣਾ ਦਿੱਤਾ।
(4) ਦੁਨੀਆਂ ਵਿੱਚ ਅਨੇਕਾਂ ਧਰਮ, ਪੰਥ ਅਤੇ ਉਨ੍ਹਾਂ ਦੇ ਆਪਣੇ-ਆਪਣੇ ਦੇਵਤੇ ਹਨ। ਇਸ ਦਾ ਮਤਲਬ ਰੱਬ ਵੀ ਇੱਕ ਨਹੀਂ ਹੈ।
(5) ਹਰ ਰੋਜ਼ ਨਵੇਂ-ਨਵੇਂ ਰੱਬ ਪੈਦਾ ਹੋ ਰਹੇ ਹਨ।
(6) ਵੱਖ-ਵੱਖ ਪ੍ਰਾਰਥਨਾਵਾਂ ਹਨ।
(7) ਇਹ ਕਹਾਵਤ ਕਿ 'ਮੰਨੋ ਤਾਂ ਰੱਬ – ਨਾ ਮੰਨੋ ਤਾਂ ਪੱਥਰ ' ਐਵੇਂ ਤਾਂ ਨਹੀਂ ਬਣੀ।
(8) ਦੁਨੀਆਂ ਵਿੱਚ ਦੇਵਤਾਵਾਂ ਦੇ ਵੱਖ-ਵੱਖ ਆਕਾਰ ਅਤੇ ਉਨ੍ਹਾਂ ਨੂੰ ਖ਼ੁਸ਼ ਕਰਨ ਦੇ ਵੱਖ-ਵੱਖ ਪੂਜਾ ਦੇ ਤਰੀਕੇ ਹਨ।
(9) ਅਜੇ ਤੱਕ ਕਿਸੇ ਇਨਸਾਨ ਨੂੰ ਰੱਬ ਮਿਲਣ ਦਾ ਕੋਈ ਸਬੂਤ ਨਹੀਂ ਹੈ।
(10) ਰੱਬ ਨੂੰ ਮੰਨਣ ਵਾਲਾ ਅਤੇ ਨਾ ਮੰਨਣ ਵਾਲਾ ਇੱਕੋ-ਜਿਹੀ ਜ਼ਿੰਦਗੀ ਜਿਊਂਦਾ ਹੈ।
(11) ਰੱਬ ਕਿਸੇ ਦਾ ਵੀ ਭਲਾ ਜਾਂ ਬੁਰਾ ਨਹੀਂ ਕਰ ਸਕਦਾ।
(12) ਰੱਬ ਭ੍ਰਿਸ਼ਟਾਚਾਰ, ਅਨਿਆਂ, ਚੋਰੀ, ਬਲਾਤਕਾਰ, ਦਹਿਸ਼ਤਗਰਦੀ, ਅਤਿਵਾਦ ਨੂੰ ਰੋਕ ਨਹੀਂ ਸਕਦਾ।
(13) ਛੋਟੇ-ਛੋਟੇ ਮਾਸੂਮ ਬੱਚਿਆਂ ਉੱਤੇ ਬੰਦੂਕਾਂ ਨਾਲ ਗੋਲੀਆਂ ਵਰ੍ਹਾਉਣ ਵਾਲਿਆਂ ਦੇ ਹੱਥ ਰੱਬ ਨਹੀਂ ਫੜ ਸਕਦਾ।
(14) ਮੰਦਰ, ਮਸਜਿਦ, ਮੱਠ, ਆਸ਼ਰਮ, ਪ੍ਰਾਰਥਨਾ ਅਸਥਾਨ, ਜਿੱਥੇ ਮੰਨਿਆਂ ਜਾਂਦਾ ਹੈ ਰੱਬ ਦਾ ਵਾਸਾ ਹੁੰਦਾ ਹੈ, ਉੱਥੇ ਵੀ ਬੱਚੇ, ਔਰਤਾਂ ਸੁਰੱਖਿਅਤ ਨਹੀਂ ਹਨ।
(15) ਮੰਦਰ, ਮਸਜਿਦ, ਚਰਚ ਨੂੰ ਡੇਗਦੇ ਸਮੇਂ ਇੱਕ ਵੀ ਰੱਬ ਨੇ ਸਾਹਮਣੇ ਆ ਕੇ ਵਿਰੋਧ ਨਹੀਂ ਕੀਤਾ।
(16) ਬਿਨਾਂ ਅਭਿਆਸ ਕੀਤਿਆਂ ਇੱਕ ਵੀ ਵਿਦਿਆਰਥੀ ਨੂੰ ਇਮਤਿਹਾਨ ਵਿੱਚ ਰੱਬ ਨੇ ਪਾਸ ਕੀਤਾ ਹੋਵੇ, ਅਜਿਹੀ ਕੋਈ ਮਿਸਾਲ ਅੱਜ ਤੱਕ ਨਹੀਂ ਮਿਲੀ।
(17) ਬਹੁਤ ਸਾਰੇ 'ਰੱਬ' ਅਜਿਹੇ ਹਨ, ਜਿਨ੍ਹਾਂ ਨੂੰ 25 ਸਾਲ ਪਹਿਲਾਂ ਕੋਈ ਨਹੀਂ ਸੀ ਜਾਣਦਾ, ਤੇ ਹੁਣ ਉਹ ਮਸ਼ਹੂਰ 'ਰੱਬ' ਬਣੇ ਹੋਏ ਹਨ।
(18) ਆਪਣੇ ਆਪ ਨੂੰ ਰੱਬ ਸਮਝਣ ਵਾਲੇ ਹੁਣ ਜੇਲ੍ਹ ਦੀ ਹਵਾ ਖਾ ਰਹੇ ਹਨ।
(19) ਦੁਨੀਆਂ ਵਿੱਚ ਕਰੋੜਾਂ ਲੋਕ ਹਨ, ਜਿਹੜੇ ਰੱਬ ਨੂੰ ਨਹੀਂ ਮੰਨਦੇ। ਫਿਰ ਵੀ ਉਹ ਸੁਖ-ਚੈਨ ਦੀ ਜ਼ਿੰਦਗੀ ਗੁਜ਼ਾਰ ਰਹੇ ਹਨ।

ਜਿਸ ਦਿਨ ਧਾਰਮਿਕ ਅਸਥਾਨਾਂ ਵਿੱਚ ਇਨਸਾਨ ਦੇ ਬਣਾਏ ਕਥਿਤ ਭਗਵਾਨਾਂ ਦੀਆਂ ਮੂਰਤੀਆਂ ਅੱਗੇ ਚੜ੍ਹਾਵਾ ਚੜ੍ਹਨਾ ਬੰਦ ਹੋ ਜਾਏਗਾ, ਉਸੇ ਦਿਨ ਤੋਂ ਪੁਜਾਰੀ ਇਨ੍ਹਾਂ ਮੰਦਰਾਂ ਵਿੱਚੋਂ ਮੂਰਤੀਆਂ ਕੱਢ ਕੇ ਆਪਣਾ ਕੋਈ ਦੂਜਾ ਕੰਮ-ਧੰਦਾ ਸ਼ੁਰੂ ਕਰ ਦੇਣਗੇ।

ਇਸ ਲਈ ਗਿਆਨ ਦਾ ਦੀਵਾ ਜਗਾਓ

**(ਅਨੁਵਾਦ ਹਰਮਿੰਦਰ ਕਾਲੜਾ)**
**ਪੇਸ਼ਕਸ-**
**ਪ੍ਰੋ: ਪਰਬਿੰਦਰ ਸਿੰਘ**

# 'ਮਿੱਟੀ ਦਿਆ ਬਾਵਿਆ' ਸਿੰਗਲ ਟਰੈਕ ਰਿਲੀਜ਼ ਲਈ ਤਿਆਰ

**ਸ਼ਾਮਚੁਰਾਸੀ (ਚੁੰਬਰ)-** ਪੀਰਾਂ ਫਕੀਰਾਂ ਦੀਆਂ ਸਟੇਜਾਂ ਦਾ ਸ਼ਾਹ ਅਸਵਾਰ ਕਲਾਕਾਰ ਤਰਸੇਮ ਦਿਵਾਨਾ ਦਾ ਲਖਤੇ ਜਿਗਰ ਅਜਮੇਰ ਦਿਵਾਨਾ 'ਮਿੱਟੀ ਦਿਆ ਬਾਵਿਆ' ਸਿੰਗਲ ਟ੍ਰੈਕ ਲੈ ਕੇ ਹਾਜ਼ਰੀ ਭਰ ਰਿਹਾ ਹੈ। ਪ੍ਰਸਿੱਧ ਮਰਹੂਮ ਸੂਫ਼ੀ ਸ਼ਾਇਰ ਆਰ ਪੀ ਦੀਵਾਨਾ ਜੀ ਦਾ ਇਹ ਕਲਾਮ ਲਿਖਿਆ ਹੋਇਆ ਹੈ। ਜਿਸ ਨੂੰ ਐਚ ਐਮ ਇੰਟਰਨੈਸ਼ਨਲ ਕੰਪਨੀ ਨੇ ਲਾਂਚ ਕਰਨ ਦੀ ਜਿੰਮੇਵਾਰੀ ਲਈ ਹੈ। ਕੰਪਨੀ ਦੇ ਐਮ ਡੀ ਹਰਜੀਤ ਸਿੰਘ ਮਠਾਰੂ ਇਸ ਟ੍ਰੈਕ ਲਈ ਕਾਫ਼ੀ ਮਸ਼ਰੂਫ ਹਨ। ਇਸ ਦਾ ਸੰਗੀਤ ਸੁਨੀਲ ਬਾਵਾ ਦਾ ਹੈ। ਜਦ ਕਿ ਕੰਪੋਜ ਸਾਈਂ ਗੀਤਾ ਸ਼ਾਹ ਕਾਦਰੀ ਦੀ ਹੈ। ਤਰਸੇਮ ਦਿਵਾਨਾ ਦੀ ਪੇਸ਼ਕਸ਼ ਦੇ ਇਸ ਟ੍ਰੈਕ ਦਾ ਵੀਡੀਓ ਫਿਲਮਾਂਕਣ ਅਵਤਾਰ ਟਾਂਕ ਕਾਫ਼ੀ ਮਿਹਨਤ ਨਾਲ ਤਿਆਰ ਕੀਤਾ ਹੈ। ਜ਼ਿਕਰਯੋਗ ਹੈ ਕਿ ਇਸ ਕਲਾਮ ਦੇ ਲੇਖਕ ਆਰ ਪੀ ਦੀਵਾਨਾ ਜੀ ਦੇ ਅਕਾਲ ਚਲਾਣੇ ਮੌਕੇ ਇਸ ਗੀਤ ਨੂੰ ਇਕ ਯਾਦਗਾਰ ਭੂਮਿਕਾ ਵਜੋਂ ਫਿਲਮਾਇਆ ਗਿਆ ਹੈ, ਜੋ ਲੋਕ ਦਿਲਾਂ ਤੇ ਅਮਿੱਟ ਛਾਪ ਛੱਡੇਗਾ। ਇਸ ਟ੍ਰੈਕ ਨੂੰ ਰਾਜ ਕੁਮਾਰ ਭਾਟੀਆ ਯੂ ਐਸ ਏ, ਉਸਤਾਦ ਮਾ. ਬ੍ਰਹਮਾ ਨੰਦ ਜੀ, ਮਾ. ਜੱਸ਼ ਕਸ਼ਅਪ ਨੇ ਵੀ ਭਰਪੂਰ ਸਹਿਯੋਗ ਦਿੱਤਾ।



## ਜ਼ਮੀਰ ਰਹੇ ਲਾਈਵ!



ਬੁਰਾ ਸੁਣਨ ਨੂੰ ਮਿਲਦਾ ਏ ਰੋਜ ਐਸਾ
ਚੰਗੇ ਭਲਿਆਂ ਦਾ ਦਿਲ ਜੋ ਤੋੜ ਦੇਵੇ।

ਚਮਕ ਦਮਕ ਬਜ਼ਾਰ ਦੀ ਛੱਡਦੀ ਨਾ
ਦਿਲ ਦਿਮਾਗ 'ਚੋਂ ਅਕਲ ਨੂੰ ਰੋੜ੍ਹ ਦੇਵੇ।

ਧੱਫਾ ਵੱਜਦਾ ਜਦੋਂ ਮਜ਼ਬੂਰੀਆਂ ਦਾ
ਸਿੱਧੇ ਰਸਤਿਉਂ ਪੁੱਠੇ ਨੂੰ ਮੋੜ ਦੇਵੇ।

ਸ਼ਾਂਤ ਚਿੱਤ ਸ਼ਰੀਫ ਜਿਹੇ ਬੰਦਿਆਂ ਦਾ
ਮੱਥਾ ਨਾਲ ਬੁਰਾਈਆਂ ਦੇ ਜੋੜ ਦੇਵੇ।

ਸਿਦਕ ਤੋੜਨੇ ਵਾਸਤੇ ਹੋਰ ਵੀ ਨੇ
'ਕੱਲੇ ਵੈਰੀ ਪੁਰਾਣੇ ਨਹੀਂ 'ਫਾਈਵ' ਯਾਰੋ।

ਫੇਸ-ਬੁੱਕ 'ਤੇ ਹੋਈਏ ਜਾਂ ਨਾ ਹੋਈਏ
ਰੱਖੋ ਸਦਾ ਜ਼ਮੀਰ ਨੂੰ 'ਲਾਈਵ' ਯਾਰੋ!

**– ਤਰਲੋਚਨ ਸਿੰਘ 'ਦੁਪਾਲਪੁਰ'**
001-408-915-1268

## ਗੋਬਿੰਦ ਦੇ ਲਾਲ

ਬਾਲ ਦਿਵਸ ਤਾਂ ਲੱਖ ਮਨਾਓ ।
ਚੇਤਾ ਉਹਨਾਂ ਦਾ ਲੈ ਆਓ ॥



ਜਿਹੜੇ ਨੀਹਾਂ ਵਿੱਚ ਚਿਣੇ ਸੀ ,
ਨਾ ਹੌਂਸਲੇ ਗਏ ਮਿਣੇ ਸੀ ।

ਸ਼ੇਰਾਂ ਵਾਂਗੂੰ ਜਿਹੜੇ ਗੱਜੇ,
ਦੁਸ਼ਮਣ ਦਰ ਦਰ ਅੱਗੇ ਭੱਜੇ ।

ਸਿੱਖ ਧਰਮ ਦੇ ਜੋ ਨਗੀਨੇ,
ਦੁਸ਼ਮਣ ਤਾਂਈ ਆਉਣ ਪਸੀਨੇ ।

ਗੱਲ ਸਿਆਣੀ ਕਰਦੇ ਸੀ ਜੋ ,
ਨਾਹੀਂ ਪਾਣੀ ਭਰਦੇ ਸੀ ਜੋ ।

ਚਿਹਰੇ ਉੱਤੇ ਨੂਰ ਇਲਾਹੀ,
ਜ਼ਾਲਮ ਨੂੰ ਸੀ ਗੱਲ ਸਮਝਾਈ ।

ਬਾਲ ਬੜੇ ਸਨ ਉਹ ਗਿਆਨੀ,
ਮਾਤ ਗਈ ਸੀ ਖਾ ਜਵਾਨੀ ।

ਤਨ ਤੋਂ ਭਾਵੇਂ ਬਾਲ ਜਿਹੇ ਸਨ,
ਬਲਦੀ ਪਰ ਮਸ਼ਾਲ ਜਿਹੇ ਸਨ ।

ਵੱਡੇ ਵੱਡੇ ਸਨ ਘਬਰਾਏ,
ਉਹ ਗੋਬਿੰਦ ਦੇ ਲਾਲ ਕਹਾਏ ।

ਉਹਨਾਂ ਜੇਹੇ ਬਾਲ ਕਹਾਓ,
ਏਦਾਂ ਦੇ ਦਿਨ ਲੱਖ ਮਨਾਓ ।

**– ਹਰਦੀਪ ਬਿਰਦੀ**
90416-00900

## ਸਿੱਖ

ਜਦੋਂ ਪਿਤਾ ਤੋਰਿਆ ਹੱਥੀਂ ਸੀ ਫਿਰ ਚੌਂਕ ਚਾਂਦਨੀ ਕੰਬਿਆ
ਕੋਈ ਆਰੇ ਤੇ ਕੋਈ ਦੰਦੀ ਤੇ ਕਿਵੇਂ ਸੇਜ ਵਿਛਾਈ ਕੰਡਿਆਂ।
ਧਰਮ ਕੌਮ ਦੀ ਖਾਤਰ ਤੇ ਜਦੋਂ ਹੋਣਾ ਪਿਆ ਕੁਰਬਾਨ ਤਾਹੀਉਂ
ਪਰਿਵਾਰ ਵਾਰਤਾ ਸਾਰਾ ਤੇ ਸਾਨੂੰ ਸਿੱਖ ਹੋਣ ਦਾ ਮਾਣ ਤਾਹੀਓ।

ਪੰਡਿਤ ਸੀ ਕਸ਼ਮੀਰ ਦੀ ਪਿੱਟੇਘਰ ਆ ਕੇ ਤੇਗ ਬਹਾਦਰ
ਗਊ ਗਰੀਬ ਦੀ ਰਾਖੀ ਲਈ ਫਿਰ ਬਣ ਗਏ ਹਿੰਦ ਦੀ ਚਾਦਰ
ਸੀਸ ਪਿਆ ਧੜ ਵੱਖਰੀ ਹੋਇਆ ਸਾਡੇ ਲਈ ਨੁਕਸਾਨ ਤਾਹੀਓ
ਪਰਿਵਾਰ ਵਾਰਤਾ ਸਾਰਾ ਤੇ ਸਾਨੂੰ ਸਿੱਖ ਹੋਣ ਦਾ ਮਾਣ ਤਾਹੀਓ।

ਵਿਛੜ ਗਿਆ ਪਰਿਵਾਰ ਸਾਰਾ ਆ ਕੇ ਸਰਸਾ ਨਦੀ ਕਿਨਾਰੇ
ਦੋ ਚਮਕੌਰ ਗੜ੍ਹੀ ਵਿਚ ਤੋਰੇ ਦੋ ਸਰਹਿੰਦ ਦੇ ਬਣੇ ਸਿਤਾਰੇ
ਮਾਂ ਗੁਜਰੀ ਵੀ ਠੰਡੇ ਬੁਰਜ਼ ਵਿਚ ਬਹਿ ਗਈ ਸੀਨਾ ਤਾਣ ਤਾਹੀਓ
ਪਰਿਵਾਰ ਵਾਰਤਾ ਸਾਰਾ ਤੇ ਸਾਨੂੰ ਸਿੱਖ ਹੋਣ ਦਾ ਮਾਣ ਤਾਹੀਓ।

ਇਕ ਬਾਜ਼ ਤੇ ਦੂਜਾ ਸਿਰ ਸਜਿਆ ਸਰਤਾਜ ਤੀਜਾਘੋੜਾ ਰਹਿ ਗਿਆ ਨੀਲਾ
ਉਸ ਮਰਦ ਅਗੰਮੜੇ ਫਿਕਰ ਨਾ ਕੀਤਾ ਹੀਲਾ ਨਾਲ ਵਸੀਲਾ
ਖਾਲਸਾ ਪੰਥ ਸਜਾਇਆ ਤੇ ਹੁੰਦਾ ਲੱਖਾਂਦੇ ਵਿਚੋਂ ਪਛਾਣ ਤਾਹੀਓ
ਪਰਿਵਾਰ ਵਾਰਤਾ ਸਾਰਾ ਤੇ ਸਾਨੂੰ ਸਿੱਖ ਹੋਣ ਦਾ ਮਾਣ ਤਾਹੀਓ।

ਉਹਦੇ ਕੌਣ ਦੇਊ ਦੱਸ ਤੇਰਾ ਤੇ ਕਿਵੇਂ ਔਖੀ ਘੜੀ ਗੁਜ਼ਰੀ
ਦੁਨੀਆਂ ਦੇ ਵਿਚ ਝੰਡੇ ਝੂਲਦੇ ਹਰ ਸਿੱਖ ਨੂੰ ਸਿੱਖੀ ਪਿਆਰੀ
ਦੱਸੇ 'ਦੇਵ ਘੋਲੀਏ' ਵਾਲਾ ਸਾਡੀ ਹੋਈ ਉਚੀ ਸ਼ਾਨ ਤਾਹੀਓ
ਪਰਿਵਾਰ ਵਾਰਤਾ ਸਾਰਾ ਤੇ ਸਾਨੂੰ ਸਿੱਖ ਹੋਣਦਾ ਮਾਣ ਤਾਹੀਓ।



**– ਦੇਵ ਘੋਲੀਆ ਖੁਰਦ**
**(ਫਰਿਜ਼ਨੋ)**
559-232-7764

## ਸ਼ਹਿਰ ਜਲੰਧਰ



ਮਿੱਟੀ ਗਾਰਾ ਸ਼ਹਿਰ ਜਲੰਧਰ,
ਫਿਰ ਵੀ ਪਿਆਰਾ ਸ਼ਹਿਰ ਜਲੰਧਰ।
ਟੁੱਟੀਆਂ ਸੜਕਾਂ ਬਿਖਰੇ ਰਸਤੇ,
ਅਜਬ ਨਜ਼ਾਰਾ ਸ਼ਹਿਰ ਜਲੰਧਰ।
ਧੱਕਮ-ਧੱਕਾ, ਭੀੜ ਭੜੱਕਾ,
ਵੇਖ ਲੈ ਯਾਰਾ ਸ਼ਹਿਰ ਜਲੰਧਰ।
ਕਈਆਂ ਨੂੰ ਚੰਨ ਸੂਰਜ ਲੱਗਦੈ,
ਕਿਸੇ ਨੂੰ ਤਾਰਾ ਸ਼ਹਿਰ ਜਲੰਧਰ।
ਹਰ ਕੋਈ ਸੁਪਨਾ ਵੇਖ ਰਿਹਾ ਏ,
ਪਾਈਏ ਚੁਬਾਰਾ ਸ਼ਹਿਰ ਜਲੰਧਰ।
ਸਾਡੇ ਲਈ ਕਿਸੇ ਤਾਜ ਤੋਂ ਘੱਟ ਨਾ,
ਸਾਡਾ ਢਾਰਾ ਸ਼ਹਿਰ ਜਲੰਧਰ।
ਹਿੰਦੂ, ਮੁਸਲਿਮ, ਸਿੱਖ, ਈਸਾਈਆਂ 'ਚ,
ਹੈ ਭਾਈਚਾਰਾ ਸ਼ਹਿਰ ਜਲੰਧਰ।
ਸਭ ਲਈ ਮੰਦਰ, ਮਸਜਿਦ ਇੱਥੇ,
ਹੈ ਗੁਰਦੁਆਰਾ ਸ਼ਹਿਰ ਜਲੰਧਰ।
ਇਨਸਾਨਾਂ ਵਿਚ ਵੰਡੀਆਂ ਪਾਉਂਦੇ,
ਕਰਨਗੇ ਕਾਰਾ ਸ਼ਹਿਰ ਜਲੰਧਰ।
ਪ੍ਰਦੂਸ਼ਿਤ ਹੁਣ ਹੁੰਦਾ ਜਾਂਦਾ,
ਵੇਖੋ ਪਾਰਾ ਸ਼ਹਿਰ ਜਲੰਧਰ।
ਹਰ ਪਾਸੇ ਫੈਸ਼ਨ ਦੀ ਵੇਖੋ,
ਵਹਿੰਦੀ ਧਾਰਾ ਸ਼ਹਿਰ ਜਲੰਧਰ।
ਰੋਜ਼ੀ ਖਾਤਿਰ ਫਿਰਦੈ ਹਰ ਕੋਈ,
ਮਾਰਾ-ਮਾਰਾ ਸ਼ਹਿਰ ਜਲੰਧਰ।
'ਬੰਗੜ' ਚੱਲ ਪ੍ਰਦੇਸ਼ ਨੂੰ ਚੱਲੀਏ,
ਨਹੀਂ ਗੁਜ਼ਾਰਾ ਸ਼ਹਿਰ ਜਲੰਧਰ

**– ਮਦਨ ਬੰਗੜ**
(91-95015-75511)

## ਮਿੰਨੀ ਕਹਾਣੀ

## ਚੰਚਲ ਮਨ



**ਸਕਰਿਪਟ ਰਾਈਟਰ**
**ਅਮਨਪ੍ਰੀਤ ਸਿੰਘ**
apsamaanbatra@gmail.com

ਜਗਤ ਸਿੰਘ ਨੇ ਰੱਬ ਨੂੰ ਕਿਹਾ ਕਿ ਬਸ ਉਸਨੂੰ ਇੱਕ ਵਾਰ ਨੌਕਰੀ ਮਿਲ ਜਾਵੇ, ਫਿਰ ਉਹ ਚੈਨ ਨਾਲ ਜੀ ਸਕੇਗਾ। ਉਸਨੂੰ ਇਕ ਚੰਗੀ ਨੌਕਰੀ ਮਿਲ ਗਈ। ਸਵੇਰ ਤੋਂ ਲੈ ਕੇ ਸ਼ਾਮ ਪੰਜ ਵਜੇ ਤਕ ਕਰਨਾ ਸੀ ਕੰਮ ਬਾਅਦ ਵਿੱਚ ਸਿਰਫ ਅਰਾਮ। ਸ਼ਨੀਵਾਰ ਅਤੇ ਐਤਵਾਰ ਨੂੰ ਵੀ ਸੀ ਛੁੱਟੀ। ਜਗਤ ਸਿੰਘ ਨੂੰ ਕੁਝ ਮਹੀਨੇ ਤਾਂ ਬਹੁਤ ਮਜ਼ਾ ਆਇਆ ਪਰ ਬਾਅਦ ਵਿੱਚ ਕੁਝ ਸਮਝ ਨਾ ਆਵੇ ਕਿ ਉਹ ਵਿਹਲੇ ਸਮੇਂ ਕੀ ਕਰੇ। ਵਿਹਲੇ ਸਮੇਂ ਉਹ ਸਿਰਫ ਕਿਤਾਬਾਂ ਹੀ ਪੜ੍ਹਦਾ ਰਹਿੰਦਾ। ਵਿਹਲਾ ਸਮਾਂ ਉਸਨੂੰ ਹੋਲੀ ਹੋਲੀ ਇੰਨਾਂ ਖਾਣ ਲੱਗ ਗਿਆ ਕਿ ਉਸਦਾ ਜ਼ਿੰਦਗੀ ਤੋਂ ਮਨ ਭਰਨ ਲਗ ਗਿਆ। ਉਸਨੇ ਸੋਚਿਆ ਕਿ ਇੰਝ ਤਾਂ ਉਸਦਾ ਜੀਵਨ ਨਹੀਂ ਚਲਣਾ, ਕਿਉਂ ਨਾ ਉਹ ਸ਼ਾਮ ਨੂੰ ਵੀ ਕੋਈ ਕੰਮ ਕਰ ਲਵੇ ਤਾਂ ਜੋ ਉਸਦਾ ਵਿਹਲਾ ਸਮਾਂ ਲੰਘ ਜਾਵੇ ਅਤੇ ਇਸ ਬਹਾਨੇ ਉਸ ਕੋਲ ਦੋ ਚਾਰ ਪੈਸੇ ਵੀ ਆਉਣ ਲਗ ਜਾਣਗੇ। ਉਹ ਸ਼ਾਮ ਨੂੰ ਟਾਈਪਿੰਗ ਦਾ ਕੰਮ ਕਰਨ ਲਗ ਪਿਆ। ਜਗਤ ਸਿੰਘ ਨੂੰ ਬਹੁਤ ਮਜ਼ਾ ਆਉਣ ਲਗਿਆ। ਉਸਨੇ ਸੋਚਿਆ ਹੁਣ ਤਾਂ ਬੜਾ ਮਜ਼ਾ ਆ ਰਿਹਾ ਹੈ, ਦਿਨ ਕਦੋਂ ਟੱਪ ਜਾਂਦਾ ਹੈ ਪਤਾ ਹੀ ਨਹੀਂ ਲਗਦਾ ਨਾਲੇ ਚਾਰ ਪੈਸੇ ਵੀ ਆਉਂਦੇ ਹਨ। ਦੋ ਮਹੀਨੇ ਲੰਘ ਗਏ। ਫਿਰ ਉਸਦਾ ਚਿੱਤ ਘਬਰਾਉਣ ਲਗਾ। ਉਸਨੇ ਸੋਚਿਆ ਮੇਰੀ ਜ਼ਿੰਦਗੀ ਤਾਂ ਇਕ ਮਸ਼ੀਨ ਹੀ ਬਣਕੇ ਰਹਿ ਗਈ ਹੈ। ਪਹਿਲਾਂ ਹੀ ਵਧੀਆ ਸੀ ਜੋ ਦਿਲ ਚਾਹੇ ਕਰ ਤਾਂ ਲਈਦਾ ਸੀ, ਹੁਣ ਤਾਂ ਇੰਝ ਲਗਦਾ ਮੈਂ ਆਪਣੀ ਕੋਈ ਵੀ ਮਨਪਸੰਦ ਦੀ ਪੁਸਤਕ ਕਦੇ ਵੀ ਨਹੀਂ ਪੜ੍ਹ ਪਾਵਾਂਗਾ। ਫਿਰ ਉਸਨੇ ਸੋਚਿਆ ਇਹ ਮੈਂ ਆਪਣੇ ਆਪ ਨੂੰ ਕੀ ਕਹਿ ਰਿਹਾ ਹਾਂ। ਮੈਂ ਕੀ ਊਲ ਜਲੂਲ ਸੋਚ ਰਿਹਾ ਹਾਂ। ਜਦੋਂ ਮੈਂ ਆਪਣੇ ਮਨਪਸੰਦ ਦੀਆਂ ਕਿਤਾਬਾਂ ਪੜ੍ਹਦਾ ਸੀ, ਉਦੋਂ ਮੈਨੂੰ ਇੰਝ ਸੀ ਕਿ ਕੋਈ ਕੰਮ ਮਿਲੇ ਜਿਸ ਨਾਲ ਚਾਰ ਪੈਸੇ ਬਣਨ । ਪਰ ਜਦੋਂ ਹੁਣ ਮੈਨੂੰ ਕੰਮ ਮਿਲਿਆ ਹੈ ਤਾਂ ਮੈਂ ਹੁਣ ਕਿਤਾਬਾਂ ਪੜ੍ਹਨ ਨੂੰ ਭੱਜ ਰਿਹਾ ਹਾਂ। ਮੈਂ ਤਾਂ ਖੁਦ ਹੀ ਆਪਣੇ ਆਪ ਨੂੰ ਧੋਖਾ ਦੇ ਰਿਹਾ ਹਾਂ। ਇਹ ਮਨ ਵੀ ਬੜਾ ਅਜੀਬ ਹੈ ਨਾ ਤਾਂ ਇਧਰ ਟਿਕਣ ਦਿੰਦਾ ਹੈ ਅਤੇ ਨਾ ਹੀ ਉਧਰ। ਮਨ ਤਾਂ ਚੰਚਲ ਅਤੇ ਅਵਾਰਾ ਹੈ। ਫਿਰ ਜਗਤ ਸਿੰਘ ਨੇ ਸੋਚਿਆ ਕਿ ਬਸ ਇਹਨਾਂ ਗੁਝਲਾਂ ਵਿੱਚ ਹੀ ਇਕ ਆਦਮੀ ਦਾ ਸਾਰਾ ਜੀਵਨ ਲੰਘ ਜਾਂਦਾ ਹੈ। ਉਸਨੂੰ ਕਦੇ ਪਤਾ ਹੀ ਨਹੀਂ ਲੱਗ ਪਾਉਂਦਾ ਕਿ ਸਥਾਈ ਖੁਸ਼ੀ ਕਿਥੇ ਹੈ। ਸ਼ਾਇਦ ਇਹੋ ਹੀ ਰੱਬ ਦੀ ਮਰਜ਼ੀ ਹੈ। ਸ਼ਾਇਦ ਇਹੋ ਹੀ ਕੁਦਰਤ ਦਾ ਨਿਯਮ ਹੈ।

## "ਕੀ ਵਾਕਯ ਹੀ ਟੀਵੀ ਆਪਣੇ ਲਈ ਮਾੜਾ ਹੈ ?"

ਜਗਤ ਸਿੰਘ ਸਬਜ਼ੀ ਲੈਣ ਜਾ ਰਿਹਾ ਸੀ। ਉਸਨੇ ਰਾਹ ਵਿੱਚ ਦੇਖਿਆ ਕਿ ਕਿਸੇ ਲੀਡਰ ਨੇ ਇਕੱਠ ਕੀਤਾ ਹੋਇਆ ਸੀ। ਲੀਡਰ ਬਹੁਤ ਵੱਡੇ ਵੱਡੇ ਭਾਸ਼ਣ ਦੇ ਰਿਹਾ ਸੀ । ਉਹ ਕਹਿ ਰਿਹਾ ਸੀ " ਆਪਣੇ ਧਰਮ ਨੂੰ ਖਤਮ ਕੀਤਾ ਜਾ ਰਿਹਾ। ਫਲਾਣੇ ਧਰਮ ਦੇ ਲੋਕ ਆਪਣੇ ਧਰਮ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਉਹ ਚਾਹੁੰਦੇ ਹਨ ਕਿ ਆਪਣੇ ਦੇਸ਼ ਵਿਚ ਸਿਰਫ ਉਹਨਾਂ ਦਾ ਹੀ ਧਰਮ ਰਹਿ ਜਾਵੇ । ਉਹ ਆਪਣੇ ਧਰਮ ਦਾ ਖੂਨ ਕਰ ਰਹੇ ਹਨ। ਉਹ ਸਾਡੇ ਦੁਸ਼ਮਣ ਹਨ। ਸਾਨੂੰ ਵੀ ਉਹਨਾਂ ਦੇ ਵਿਰੁੱਧ ਕੁਝ ਕਰਨਾ ਚਾਹੀਦਾ ਹੈ। ਆਪਣਾ ਧਰਮ ਮਹਾਨ ਹੈ। ਫਲਾਣੇ ਧਰਮ ਦੇ ਲੋਕ ਆਪਣੇ ਦੁਸ਼ਮਣ ਹਨ। ਉਹ ਆਪਣੇ ਗੁਰੂਆਂ ਪੀਰਾਂ ਦੀ ਧਰਤੀ ਨੂੰ ਭ੍ਰਿਸ਼ਟ ਕਰ ਰਹੇ ਹਨ। ਅਜਿਹੇ ਲੋਕਾਂ ਨੂੰ ਜਲਦ ਤੋਂ ਜਲਦ ਖਤਮ ਕਰ ਦੇਣਾ ਚਾਹੀਦਾ ਹੈ।" ਜਗਤ ਸਿੰਘ ਨੇ ਇਹ ਸਭ ਸੁਣਕੇ ਹੌਲੀ ਜਿਹੇ ਕਿਹਾ "ਆਹ ਦੇਖਲੋ ਵੱਡਾ ਲੋਕਾਂ ਦਾ ਸੱਜਣ ਬਣਿਆ ਪਿਆ ! ਸੱਭ ਤੋਂ ਵੱਡਾ ਇਨਸਾਨੀਅਤ ਦਾ ਦੁਸ਼ਮਣ ਹੀ ਇਹੋ ਹੈ। ਐਵੇਂ ਲੋਕਾਂ ਨੂੰ ਇਕ ਦੂਜੇ ਦੇ ਖੂਨ ਦੇ ਪਿਆਸੇ ਬਣਾ ਰਿਹਾ। ਧਰਮ ਦਾ ਤਾਂ ਪਤਾ ਨਹੀਂ ਬਚੇ ਨਾ ਬਚੇ, ਪਰ ਲੋਕਾਂ ਵਿੱਚ ਦੰਗੇ ਕਰਵਾ ਕੇ ਇਹ ਆਪਣਾ ਮਤਲਬ ਜ਼ਰੂਰ ਕੱਢ ਜਾਊ। ਧਰਮ ਤਾਂ ਸਾਰੇ ਹੀ ਇਕ ਬਰਾਬਰ ਹੁੰਦੇ ਐ। ਸਭ ਤੋਂ ਵੱਡਾ ਪਾਪੀ ਉਹੀ ਹੈ ਜੋ ਕਿਸੇ ਦੇ ਧਰਮ ਨੂੰ ਛੋਟਾ ਕਹੇ।" ਜਗਤ ਸਿੰਘ ਉਸ ਇਕੱਠ ਵਿਚ ਨਹੀਂ ਖੱੜਦਾ ਅਤੇ ਸਬਜ਼ੀ ਲੈ ਕ ਆਪਣੇ ਘਰ ਚਲਾ ਜਾਂਦਾ ਹੈ।

ਘਰ ਜਾਂਦਾ ਹੈ ਤਾਂ ਦੇਖਦਾ ਹੈ ਕਿ ਘਰ ਟੀਵੀ ਚਲਦਾ ਪਿਆ ਹੁੰਦਾ ਹੈ। ਜਗਤ ਸਿੰਘ ਉੱਚੀ ਬੋਲ ਕੇ ਕਹਿੰਦਾ ਹੈ "ਇਕ ਤਾਂ ਬਾਹਰ ਇਨਸਾਨੀਅਤ ਦੇ ਦੁਸ਼ਮਣ ਬੈਠੇ ਆ ਇਕ ਦੁਸ਼ਮਣ ਆਪਾਂ ਖੁਦ ਆਪਣੇ ਘਰ ਖਰੀਦ ਕੇ ਲਿਆਉਂਦਾ ਹੈ । ਪਰਿਵਾਰ ਵਾਲੇ ਨੱਕ ਜਿਹਾ ਵੱਟ ਕੇ ਫਿਰ ਟੀਵੀ ਦੇਖਣ ਲਗ ਜਾਂਦੇ ਹਨ। ਬਾਲ ਵਧੂ ਨਾਟਕ ਚਲ ਰਿਹਾ ਹੁੰਦਾ ਹੈ । ਪਹਿਲਾਂ ਤਾਂ ਜਗਤ ਸਿੰਘ ਨੂੰ ਨਾਟਕ ਚਲਦਾ ਦੇਖਕੇ ਖਿਝ ਚੜ੍ਹਦੀ ਹੈ ਅਤੇ ਕਹਿੰਦਾ ਹੈ "ਇਹਨਾਂ ਨਾਟਕਾਂ ਨੇ ਹੀ ਤੀਵੀਆਂ ਅਤੇ ਬੱਚਿਆਂ ਦਾ ਬੇੜਾ ਗਰਕ ਕੀਤਾ ਹੋਇਆ ਹੈ।" ਘਰ ਵਾਲੇ ਉਸਦੀ ਗੱਲ ਅਣਸੁਣੀ ਕਰ ਦਿੰਦੇ ਹਨ। ਜਗਤ ਸਿੰਘ ਆਪਣੇ ਪਰਿਵਾਰ ਨਾਲ ਬੈਠ ਜਾਂਦਾ ਹੈ ਅਤੇ ਟੀਵੀ ਚਲਦਾ ਹੀ ਪਿਆ ਹੁੰਦਾ ਹੈ। ਨਾਟਕ ਵਿੱਚ ਦਿਖਾ ਰਹੇ ਸੀ ਲੜਕੀਆਂ ਨੂੰ ਵੀ ਪੜ੍ਹਾਉਣਾ ਚਾਹੀਦਾ ਹੈ । ਬਾਲ ਵਿਆਹ ਨਹੀਂ ਹੋਣੇ ਚਾਹੀਦੇ। ਨਾਟਕ ਵੇਖਦੇ ਵੇਖਦੇ ਜਗਤ ਸਿੰਘ ਦੇ ਮਨ ਵਿਚ ਗੱਲ ਆਈ "ਬਾਹਰ ਜੋ ਆਦਮੀ ਲੋਕਾਂ ਨੂੰ ਧਰਮ ਦੇ ਨਾਮ ਤੇ ਭੜਕਾ ਰਿਹਾ ਹੈ, ਉਸ ਨਾਲੋਂ ਤਾਂ ਇਹ ਨਾਟਕ ਵਧੇਰੇ ਚੰਗਾ ਹੈ। ਚਲੋ ਕੋਈ ਤਾਂ ਚੰਗੀ ਮਤ ਦੇ ਰਿਹਾ ਹੈ।" ਫਿਰ ਉਸਦੇ ਘਰ ਦੇ ਟੀਵੀ ਤੇ ਬਿਗ ਬੋਸ ਚਲ ਪੈਂਦਾ ਹੈ। ਨਾਟਕ ਵਿਚ ਸਲਮਾਨ ਖਾਨ ਨੇ ਕਿਹਾ ਕਿ ਇਸ ਘਰ ਵਿੱਚ ਕੋਈ ਵੀ ਘਰ ਵਾਲਾ ਨਾ ਜਾਤ ਪਾਤ ਤੇ ਕੋਈ ਗੱਲ ਕਰੇਗਾ ਅਤੇ ਨਾ ਹੀ ਕੋਈ ਧਰਮ ਤੇ । ਸਾਰਿਆਂ ਨੇ ਸਲਮਾਨ ਖਾਨ ਨਾਲ ਸਹਿਮਤੀ ਦਿਖਾਈ। ਜਗਤ ਸਿੰਘ ਨੇ ਸੋਚਿਆ "ਕਾਸ਼ ਆਪਣਾ ਸਮਾਜ ਵੀ ਇੰਝ ਬਣ ਜਾਵੇ, ਨਾ ਕੋਈ ਜਾਤ ਪਾਤ ਤੇ ਗੱਲ ਕਰੇ ਅਤੇ ਨਾ ਹੀ ਕੋਈ ਧਰਮ ਬਾਰੇ ਗੱਲ ਕਰੇ। ਜੇ ਇੰਨਾਂ ਹੀ ਹੋ ਜਾਵੇ ਤਾਂ ਲੱਖਾਂ ਹੀ ਝਗੜੇ ਘਟ ਜਾਣਗੇ।" ਫਿਰ ਜਗਤ ਸਿੰਘ ਨੇ ਸੋਚਿਆ "ਮੀਡੀਆ, ਟੀਵੀ ਇੰਨੇ ਵੀ ਬੁਰੇ ਨਹੀਂ ਹਨ , ਇਹਨਾਂ ਵਿੱਚ ਚੰਗੀਆਂ ਗੱਲਾਂ ਵੀ ਕੀਤੀਆਂ ਜਾਂਦੀਆਂ ਹਨ ਅਤੇ ਮਾੜੀਆਂ ਵੀ ਠੀਕ ਬਾਹਰ ਦੀ ਤਰਾਂ। ਬਾਹਰ ਵੀ ਤਾਂ ਲੋਕ ਕੁਝ ਚੰਗੀਆਂ ਗੱਲਾਂ ਕਰਦੇ ਹਨ ਅਤੇ ਕੁਝ ਮਾੜੀਆਂ ਵੀ। ਇਹ ਤਾਂ ਆਪਣੇ ਤੇ ਹੀ ਹੈ ਕਿ ਆਪਾਂ ਕੀ ਦੇਖਦੇ ਹਾਂ, ਕੀ ਸੁਣਦੇ ਹਾਂ, ਕੀ ਸਮਝਦੇ ਹਾਂ ਅਤੇ ਕੀ ਅਪਣਾਉਂਦੇ ਹਾਂ।

## ਸੁੱਚੇ ਸਭਿਆਚਾਰਕ ਭਰੇ ਗੀਤਾਂ ਦਾ ਮੁੱਦਈ :- ਗੀਤਕਾਰ ਜਿੰਦਾ ਨਾਗੋਕੇ



**ਹਰਮਿੰਦਰ ਸਿੰਘ ਭੱਟ**
91-99140-62205

ਪ੍ਰਮਾਤਮਾ ਜਿਸ ਇਨਸਾਨ ਦੀ ਸੱਚੇ ਦਿਲੋਂ ਕੀਤੀ ਮਿਹਨਤ ਤੇ ਲੋਕਾਂ ਲਈ ਸੇਵਾ ਦੀ ਭਾਵਨਾ ਨੂੰ ਤਤਪਰ ਰਹਿਣ ਵਾਲੇ ਇਨਸਾਨ ਤੇ ਮਿਹਰਬਾਨ ਹੋ ਜਾਵੇ ਤਾਂ ਉਸ ਨੂੰ ਆਪਣੀ ਸਹੋਜ ਕਲਾ ਤੇ ਸ਼ੁਹਰਤ ਦੇ ਤੋਹਫ਼ਿਆਂ ਨਾਲ ਨਿਵਾਜ ਕੇ ਰਾਤੋਂ ਰਾਤ ਅਸਮਾਨ ਦੇ ਤਾਰਿਆ ਜਿਹੀ ਬੁਲੰਦੀ ਤੱਕ ਪਹੁੰਚਾ ਦਿੰਦਾ ਹੈ । ਪ੍ਰਮਾਤਮਾ ਨੇ ਆਪਣੀ ਰਚੀ ਸ੍ਰਿਸ਼ਟੀ ਕੁਦਰਤ ਦੀ ਅਜਿਹੀ ਕਲਾ ਦਾ ਨਮੂਨਾ ਪਿਛਲੇ ਕੁੱਝ ਸਾਲਾਂ ਤੋ ਸਭਿਅਕ ਗੀਤਾਂ ਦੇ ਗੀਤਕਾਰ ਜਿੰਦਾ ਨਾਗੋਕੇ ਤੇ ਮਿਹਰਬਾਨ ਹੋ ਕੇ ਦਿਖਾਇਆ ਹੈ।

ਕਵਿਤਾਵਾਂ, ਗ਼ਜ਼ਲਾਂ, ਗੀਤਾਂ, ਕਹਾਣੀਆਂ ਜਾਂ ਸ਼ੇਅਰਾਂ ਦੁਆਰਾ ਅਨੇਕਾਂ ਹੀ ਲਿਖਾਰੀ ਪੰਜਾਬੀ ਮਾਂ-ਬੋਲੀ ਦੀ ਸੇਵਾ ਕਰ ਰਹੇ ਹਨ । ਇਸੇ ਲੜੀ ਵਿਚ ਹੀ ਫ਼ੌਜ ਵਿਚ ਸੇਵਾ ਨਿਭਾ ਚੁੱਕੇ ਅਜੋਕੇ ਸਮੇਂ ਵਿਚ ਕਲਮ ਚਲਾਉਂਦਿਆਂ ਪੰਜਾਬੀ ਸਾਹਿੱਤ ਅਤੇ ਆਪਣੇ ਦੇਸ਼ ਦੀ ਸੇਵਾ ਕਰਨ ਵਾਲਾ ਮਾਣ-ਮੱਤਾ ਹਸੂ-ਹਸੂ ਕਰਦੇ ਚਿਹਰੇ ਵਾਲਾ ਛੈਲ-ਛਬੀਲਾ ਨੌਜਵਾਨ ਲੇਖਕ ਹੈ -ਜਿੰਦਾ ਨਾਗੋਕੇ। ਇਸ ਲੇਖਕ ਦਾ ਜਨਮ ਤਰਨਤਾਰਨ ਜ਼ਿਲ੍ਹੇ ਦੇ ਪਿੰਡ 'ਨਾਗੋਕੇ' ਵਿਖੇ ਸ੍ਰ. ਹਰਭਜਨ ਸਿੰਘ ਦੇ ਘਰ ਮਾਤਾ ਹਰਜੀਤ ਕੌਰ ਦੀ ਪਾਕਿ ਕੁੱਖ ਤੋਂ ਹੋਇਆ ।



ਜਿੰਦਾ ਨਾਗੋਕੇ ਦਾ ਪਹਿਲਾ ਗੀਤ 'ਗੇੜਾ ਸ਼ੌਕ ਦਾ' 2013 ਵਿਚ, ''ਮੈਚਿੰਗ ਯਾਰਾਂ ਦੀ ਪੱਗ ਨਾਲ'', ''ਰੰਗ ਮੁੰਡੇ ਦਾ ਅਨਾਰਾਂ ਦੇ ਬੀਜ ਵਰਗਾ'' ਗੁਰਮੇਜ ਸਹੋਤਾ ਦੀ ਆਵਾਜ਼ ਵਿਚ ਰਿਲੀਜ਼ ਹੋਇਆ । ਉਸ ਤੋਂ ਬਾਅਦ ਲਵਲੀ ਨਾਗੋਕੇ ਦੀ ਆਵਾਜ਼ ਵਿਚ 'ਸੋਹਣੀ ਮਹੀਂਵਾਲ' ਅਤੇ ਤੂੰਬਾ ਗੀਤਾ ਤੋਂ ਬਾਅਦ ਸੁਖਚੈਨ ਸਹੋਤਾ ਦੀ ਆਵਾਜ਼ ਵਿਚ "4 ਜੀ ਨੈੱਟ" ਅਤੇ ਧਾਰਮਿਕ ਗੀਤ "ਕਰਤਾਰ" ਰੀਲੀਜ਼ ਕੀਤਾ ਗਿਆ, ਸੁੱਖਾ ਗੋਬਿੰਦ ਪੂਰੀ ਵੱਲੋਂ ''ਸ਼੍ਰੀ ਨਨਕਾਣਾ ਸਾਹਿਬ'' ਤੋਂ ਇਲਾਵਾ ਆਦਿ ਡੇਢ ਦਰਜਨ ਤੋਂ ਵੱਧ ਗੀਤ ਅਲੱਗ-ਅਲੱਗ ਗਾਇਕਾਂ ਦੀ ਆਵਾਜ਼ ਵਿਚ ਰਿਕਾਰਡ ਹੋਏ । ਉਸ ਦੇ ਲਿਖੇ ਹੋਏ ਹੋਰ ਵੀ ਕਈ ਗੀਤ ਰਿਕਾਰਡ ਹੋ ਚੁੱਕੇ ਹਨ ਜੋ ਜਲਦੀ ਹੀ ਰਿਲੀਜ਼ ਹੋਣ ਵਾਲੇ ਹਨ ।

ਗੀਤਕਾਰੀ ਦੀ ਦੁਨੀਆ ਵਿਚ ਜਿੰਦਾ ਨਾਗੋਕੇ ਨੇ ਸਭਿਅਕ ਗੀਤਾਂ ਨੂੰ ਆਪਣੀ ਕਲਮ ਦੁਆਰਾ ਸ਼ਿੰਗਾਰ ਕੇ ਇੱਕ ਵੱਖਰਾ ਮੁਕਾਮ ਹਾਸਲ ਕੀਤਾ ਹੈ। ਨਾਗੋਕੇ ਦਾ ਕਹਿਣਾ ਹੈ 'ਭਾਵੇਂ ਮੈਂ ਥੋੜ੍ਹਾ ਹੀ ਲਿਖਾਂਗਾ ਪਰ ਹਮੇਸ਼ਾ ਸਾਫ਼-ਸੁਥਰਾ ਅਤੇ ਸਭਿਅਕ ਹੀ ਲਿਖਾਂਗਾ। ਜੇਕਰ ਮੈਂ ਸਭਿਆਚਾਰ ਦੀ ਸੇਵਾ ਨਹੀਂ ਕਰ ਸਕਾਂਗਾ ਤਾਂ ਘੱਟੋ-ਘੱਟ ਅਸ਼ਲੀਲ ਅਤੇ ਘਟੀਆ ਲਿਖ ਕੇ ਸਭਿਆਚਾਰ ਨੂੰ ਗੰਦਾ ਵੀ ਨਾ ਕਰਾਂਗਾ ।'

ਭਾਵੇ ਜਿੰਦਾ ਨਾਗੋਕੇ ਦੀ ਫ਼ੌਜ ਵਿਚੋਂ ਸੇਵਾ ਮੁਕਤ ਹੋ ਕੇ ਜਲੰਧਰ ਕਾਲਜ ਵਿਖੇ ਸਿਕਿਉਰਿਟੀ ਵਿਚ ਸੇਵਾ ਨਿਭਾ ਰਹੇ ਹਨ ਪਰ ਫ਼ੁਰਸਤ ਭਰੇ ਪਲਾਂ ਵਿਚ ਫੇਸਬੁਕ ਦੇ ਜ਼ਰੀਏ ਸਮਾਜਿਕ ਕੁਰੀਤੀਆਂ ਦੇ ਖ਼ਿਲਾਫ਼ ਲਿਖਣ ਦੀ ਕੋਸ਼ਿਸ਼ ਕਰਦਾ ਉਹ ਹਮੇਸ਼ਾ ਆਪਣੇ ਸਟੇਟ ਅਤੇ ਪੰਜਾਬੀ ਮਾਂ-ਬੋਲੀ ਨਾਲ ਜੁੜਿਆ ਰਹਿੰਦਾ ਹੈ ।

ਨਾਗੋਕੇ ਦਾ ਕਹਿਣਾ ਹੈ ਕਿ ਬੇਰੁਜ਼ਗਾਰੀ, ਗ਼ਰੀਬੀ, ਅਨਪੜ੍ਹਤਾ, ਦਾਜ ਭਰੂਣ ਹੱਤਿਆ, ਅਤੇ ਨਸ਼ੇ ਵਰਗੀਆਂ ਬਹੁਤ ਭਿਆਨਕ ਬਿਮਾਰੀਆਂ ਸਾਡੇ ਸਮਾਜ ਨੂੰ ਘੁਣ ਵਾਂਗ ਖਾ ਰਹੀਆਂ ਹਨ। ਪਰ ਗੀਤਕਾਰ ਇਹਨਾਂ ਕੁਰੀਤੀਆਂ ਨੂੰ ਛੱਡ ਕੇ ਕੁੜੀਆਂ ਦੇ ਅੰਗਾਂ ਅਤੇ ਹਥਿਆਰਾਂ ਉੱਤੇ ਜ਼ਿਆਦਾ ਲਿਖਦੇ ਹਨ ਜੋ ਕਿ ਚਿੰਤਾ ਦਾ ਵਿਸ਼ਾ ਹੈ । ਅਜਿਹੇ ਗੀਤ ਲਿਖ ਕੇ ਅਤੇ ਗਾ ਕੇ ਗੀਤਕਾਰਾਂ ਅਤੇ ਗਾਇਕਾਂ ਨੇ ਸਭਿਆਚਾਰ ਅਤੇ ਪੰਜਾਬੀ ਮਾਂ-ਬੋਲੀ ਦਾ ਬਹੁਤ ਨੁਕਸਾਨ ਕੀਤਾ ਹੈ । ਸਰਕਾਰ ਨੂੰ ਵੀ ਚਾਹੀਦਾ ਹੈ ਕਿ ਅਜਿਹੇ ਗੀਤਾਂ ਤੇ ਰੋਕ ਲਾਈ ਜਾਵੇ ਜੋ ਸਾਡੇ ਸਭਿਆਚਾਰ ਨੂੰ ਗੰਧਲ਼ਾ ਕਰ ਰਹੇ ਹਨ ।

ਸਾਡੇ ਵੱਲੋਂ ਤਾਂ ਦੁਆ ਹੈ ਕਿ ਪੰਜਾਬੀ ਸਭਿਆਚਾਰ, ਪੰਜਾਬੀ ਮਾਂ-ਬੋਲੀ ਅਤੇ ਦੇਸ਼ ਸੇਵਾ ਵਿਚ ਜੁਟਿਆ ਹੋਇਆ ਜਿੰਦਾ ਨਾਗੋਕੇ, ਨਵੀਆਂ ਪਗਡੰਡੀਆਂ ਸਿਰਜਦਾ, ਲਗਾਤਾਰ ਸੁਹਰਤਾਂ ਅਤੇ ਮਾਣ-ਵਡਿਆਈਆਂ ਖੱਟਦਾ ਰਹੇ ਆਸ ਕਰਦੇ ਹਾਂ ਜਿੰਦਾ ਨਾਗੋਕੇ ਆਉਣ ਵਾਲੇ ਸਮੇਂ ਵਿਚ ਰੱਬ ਦੀ ਅਪਾਰ ਕਿਰਪਾ ਦੇ ਸਦਕਾ ਆਪਣੀ ਕਲਮ ਨਾਲ ਮਨੋਰੰਜਕ ਗੀਤਾਂ ਰਾਹੀ ਇਸੇ ਤਰਾਂ ਆਪਣੀ ਸਾਫ਼ ਸੁਥਰੀ ਗੀਤਕਾਰੀ ਦੇ ਜਰੀਏ ਸਰੋਤਿਆਂ ਦੀ ਵਾਹ ਵਾਹ ਖੱਟ ਕੇ ਪੰਜਾਬੀ ਸਭਿਆਚਾਰ ਦੀ ਸੇਵਾ ਕਰਦਾ ਰਹੇ ਅਤੇ ਦਿਨ ਦੁੱਗਣੀ ਰਾਤ ਚੁਗਣੀ ਤਰੱਕੀਆਂ ਕਰਦਾ ਹੋਇਆ ਆਪਣੇ ਮਾਪਿਆਂ, ਇਲਾਕੇ ਅਤੇ ਪੰਜਾਬ ਸੂਬੇ ਦਾ ਨਾਮ ਦੁਨੀਆ ਭਰ ਵਿਚ ਰੌਸ਼ਨ ਕਰਦਾ ਰਹੇਗਾ।

# ਮੈਨੂੰ ਜੋ ਮਿਲਿਆ ਰੈਸਲਿੰਗ ਦੀ ਬਦੌਲਤ ਮਿਲਿਆ- ਜਗਜੀਤ ਸਿੰਘ ਸਰੋਇਆ (ਐਸ ਪੀ)

**ਪਿਛਲੇ ਦਿਨੀ ਹੋਲਾ-ਮਹੱਲਾ ਰੈਸਲਿੰਗ ਕਲੱਬ ਵਿਖੇ ਸਟਾਕਟਨ ਵਿਖੇ ਕਰਵਾਏ ਗਏ ਸਨਮਾਨ ਸਮਾਗਮ ਦੌਰਾਨ ਜਗਜੀਤ ਸਿੰਘ ਸਰੋਇਆ (ਐਸ. ਪੀ.) ਦੇ ਭਾਸ਼ਣ ਦੀ ਇਕ ਝਲਕ।**

***ਰਿਪੋਰਟ- ਪ੍ਰੇਮ ਕੁਮਾਰ ਚੁੰਬਰ***

ਮੈਨੂੰ ਆਪ ਸਭ ਨੂੰ ਮਿਲ ਕੇ ਬੜੀ ਖੁਸ਼ੀ ਹੋਈ। ਮੈਂ ਦੇਖਦਾ ਹਾਂ ਕਿ ਆਪ ਵਿਚ ਬਹੁਤ ਸਾਰੇ ਰੈਸਲਿੰਗ ਖੇਡ ਨਾਲ ਸਬੰਧਿਤ ਪਰਿਵਾਰਕ ਮੈਂਬਰ ਮੌਜੂਦ ਹਨ, ਜਿਹਨਾਂ ਨੂੰ ਦੇਖ ਕੇ, ਮਿਲ ਕੇ ਬੇਹੱਦ ਖੁਸ਼ੀ ਹੋਈ ਕਿ ਮੈਂ ਬਿਆਨ ਨਹੀਂ ਕਰ ਸਕਦਾ ਕਿ ਮੈਨੂੰ ਮੇਰੇ ਬਚਪਨ ਦੀਆਂ ਯਾਦਾਂ ਯਾਦ ਆ ਰਹੀਆਂ ਹਨ। ਬਚਪਨ ਦੀਆਂ ਮਿਹਨਤਾਂ, ਸ਼ਰਾਰਤਾਂ, ਗੱਲਾਂ ਕਈ ਦਿਨ ਨਹੀਂ ਮੁੱਕਣੀਆਂ, ਜੇਕਰ ਅਸੀਂ ਇਕੱਠੇ ਬੈਠ ਕੇ ਕਰਨ ਲੱਗ ਜਾਈਏ।

ਮੈਂ ਧੰਨਵਾਦ ਕਰਦਾ ਹਾਂ ਹਰਦੀਪ ਸਿੰਘ ਤੇ ਹਰਕੰਵਲ ਸਿੰਘ ਦਾ ਜਿਹਨਾਂ ਨੇ ਅਮਰੀਕਾ ਵਿਚ ਇਹਨਾਂ ਸਾਰੇ ਭੈਣ-ਭਰਾਵਾਂ ਨੂੰ ਇਕ ਥੋੜ੍ਹੇ ਨੋਟਿਸ ਚ ਇਕੱਠੇ ਕਰਨ ਦਾ ਇਕ ਵੱਡਾ ਉਪਰਾਲਾ ਕੀਤਾ। ਐਸ. ਪੀ. ਨੇ ਸੋਨੂੰ ਪਹਿਲਵਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਕੱਲ੍ਹ ਸਾਡਾ ਯਾਨਿ ਕਿ 18 ਨਵੰਬਰ ਨੂੰ ਵੈਨਕੂਵਰ 'ਚ ਰੈਸਲਿੰਗ ਖੇਡ ਦੇ ਪਰਿਵਾਰ ਵੀ ਇਕੱਠੇ ਹੋਏ ਸਨ ਤੇ ਸੋਨੂੰ ਪਹਿਲਵਾਨ ਵੀਰ ਉਥੇ ਵੀ ਪਹੁੰਚਿਆ ਹੋਇਆ ਸੀ ਤੇ ਅੱਜ ਇੱਥੇ ਵੀ ਮੌਜੂਦ ਹੈ। ਰਾਜ ਕੁਮਾਰ ਰਾਜੂ ਪਹਿਲਵਾਨ ਵੀ ਮੌਜੂਦ ਹਨ। ਮੈਂ ਇਹਨਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ।

ਬਹੁਤ ਸਾਰੇ ਮੇਰੇ ਹੋਰ ਰੈਸਲਿੰਗ ਖਿਡਾਰੀ ਵੀਰ ਧੀਰਾ, ਰਾਜੂ, ਹਰਦੀਪ ਪਹਿਲਵਾਨ ਤੇ ਸਾਡੇ ਹੋਰ ਵੀ ਸਤਿਕਾਰਯੋਗ ਕੋਚ ਜਿਵੇਂ ਸ: ਗੁਰਪਾਲ ਸਿੰਘ ਤੱਖਰ ਜੀ ਵੀ ਬੈਠੇ ਹਨ, ਜਗਦੇਵ ਸਿੰਘ ਜੀ ਕੋਚ ਵੀ ਮੌਜੂਦ ਹਨ। ਸਾਡੀਆਂ ਰੈਸਲਿੰਗ ਖੇਡ ਦੀਆਂ ਖਿਡਾਰਨਾਂ ਰੇਨੂ, ਗੁਰਮੀਤ ਆਦਿ ਲੜਕੀਆਂ ਨੇ ਕਾਫੀ ਨਾਮਣਾ ਖੱਟਿਆ ਹੈ। ਦੁਨੀਆਂ ਦੇ ਨੰਬਰ ਇਕ ਦੇਸ਼ ਅਮਰੀਕਾ ਆ ਕੇ ਵਧੀਆ ਢੰਗ ਨਾਲ ਆਪਣੇ ਪਰਿਵਾਰ ਵਸਾਏ ਹਨ। ਮੇਰੇ ਲਈ ਸਾਰੀਆਂ ਖੇਡਾਂ ਵਧੀਆ ਹਨ ਪ੍ਰੰਤੂ ਮੈਂ ਰੈਸਲਿੰਗ ਤੇ ਪੁਲਿਸ ਨੂੰ ਇਸ ਕਰਕੇ ਵਧੀਆ ਕਹਿੰਦਾ ਹਾਂ ਕਿ ਰੈਸਲਿੰਗ ਦੀ ਬਦੌਲਤ ਹੀ ਮੈਨੂੰ ਸਭ ਕੁਝ ਹਾਸਲ ਹੋਇਆ ਹੈ।

ਮੈਂ ਆਪਣੇ ਬਾਰੇ ਕੁਝ ਗੱਲਾਂ ਦੱਸਣਾ ਚਾਹਾਂਗਾ ਕਿ ਮੈਂ ਇਕ ਸਧਾਰਨ ਕਿਸਾਨ ਪਰਿਵਾਰ 'ਚ ਪੈਦਾ ਹੋਇਆ ਹਾਂ ਤੇ ਪਰਿਵਾਰ 'ਚ ਮੈਂ ਖੁਸ਼ਕਿਸਮਤ ਹਾਂ ਕਿ ਮੈਂ ਸਭ ਤੋਂ ਛੋਟਾ ਹਾਂ। ਮੇਰੇ ਭਰਾ ਹਰਜੀਤ ਸਿੰਘ ਸਰੋਇਆ ਤੇ ਰਣਜੀਤ ਸਿੰਘ ਸਰੋਇਆ ਜੋ ਇੱਥੇ ਅਮਰੀਕਾ ਹੀ ਰਹਿੰਦੇ ਹਨ, ਮੇਰੇ ਮਾਤਾ-ਪਿਤਾ ਜਿਹਨਾਂ ਦਾ ਮੈਂ ਦੇਣਾ ਨਹੀਂ ਦੇ ਸਕਦਾ, ਜੋ ਆਪਣੇ ਬੱਚਿਆਂ ਦਾ ਹਮੇਸ਼ਾ ਭਲਾ ਸੋਚਦੇ ਤੇ ਵਧੀਆ ਭਵਿੱਖ ਬਣਾਉਂਦੇ ਹਨ, ਪਿੰਡ ਢਾਂਡਾਵਾਲੀ ਸਰਕਾਰੀ ਸਕੂਲ ਤੋਂ ਪੜ੍ਹਾਈ ਦਾ ਸਫ਼ਰ ਸ਼ੁਰੂ ਕੀਤਾ। ਮੇਰੇ ਵੱਡੇ ਭਰਾ, ਇਹਨਾਂ ਦਾ ਵੀ ਸਪੋਰਟਸ ਨਾਲ ਚੰਗਾ ਵਾਸਤਾ ਰਿਹਾ। ਉਹਨਾਂ ਕਿਹਾ ਕਿ ਤੂੰ ਸਪੋਰਟਸ 'ਚ ਜਾਣਾ ਤੇ ਰੈਸਲਿੰਗ ਕਰਨੀ ਹੈ। ਉਹਨਾਂ ਕਿਹਾ ਕਿ ਤੂੰ ਡਿਸਟ੍ਰਿਕਟ ਸਪੋਰਟਸ ਸੈਂਟਰ ਜਲੰਧਰ ਜਾਣਾ ਹੈ ਜੋ ਹੰਸਰਾਜ ਸਟੇਡੀਅਮ 'ਚ ਹੈ। ਗਰਮੀਆਂ ਦੇ ਦਿਨ ਸਨ, ਸਕੂਲ ਤੋਂ ਛੁੱਟੀ ਹੋਣ ਉਪਰੰਤ ਮੈਂ ਸਾਈਕਲ ਤੇ ਹੰਸ ਰਾਜ ਸਟੇਡੀਅਮ 'ਚ ਜਦੋਂ ਬਾਅਦ ਦੁਪਹਿਰ ਉਥੇ ਪਹੁੰਚਿਆ ਤਾਂ ਉਥੇ ਬਹੁਤ ਸਾਰੇ ਕੋਚ ਸਾਹਿਬਾਨ ਇਕੱਠੇ ਸਨ। ਕੁਦਰਤੀ ਹੀ ਮੇਰੀ ਮੁਲਾਕਾਤ ਰੈਸਲਿੰਗ ਕੋਚ ਸ਼ ਹਰਭਜਨ ਸਿੰਘ ਤੇ ਸ਼ ਗੁਰਮੇਲ ਸਿੰਘ ਨਾਲ ਹੋਈ ਤਾਂ ਉਹਨਾਂ ਮੈਨੂੰ ਸ਼ਾਮ ਨੂੰ ਲੰਗੋਟਾ ਲੈ ਕੇ ਆਉਣ ਲਈ ਕਿਹਾ।

ਵਾਪਸ ਜਦੋਂ ਮੈਂ ਖੁਸ਼ੀ-ਖੁਸ਼ੀ ਘਰ ਪਹੁੰਚਿਆ ਤਾਂ ਆਪਣੇ ਵੱਡੇ ਭਰਾਵਾਂ ਨੂੰ ਦੱਸਿਆ ਕਿ ਮੈਂ ਕੱਲ੍ਹ ਜਾਣਾ ਹੈ ਤਾਂ ਮੈਨੂੰ ਖੇਡ ਦਾ ਨਾਂ ਹੀ ਭੁੱਲ ਗਿਆ ਭਾਵ ਜਿਸ ਖੇਡ ਦਾ ਨਾਂ ਨਹੀਂ ਸੀ ਪਤਾ, ਉਸ ਖੇਡ 'ਚ ਆ ਗਿਆ। ਬੱਸ ਫਿਰ ਕੀ ਅੱਗਾ-ਪਿੱਛਾ ਕੁਝ ਨਹੀਂ ਦੇਖਿਆ, ਆਪਣਾ ਸਾਰਾ ਧਿਆਨ ਆਪਣੀ ਪਿਆਰੀ ਖੇਡ ਰੈਸਲਿੰਗ ਤੇ ਕੇਂਦਰਿਤ ਕੀਤਾ।

ਨਤੀਜਾ ਇਹ ਨਿਕਲਿਆ ਕਿ ਡਿਸਟ੍ਰਿਕਟ 'ਚੋਂ ਮੈਡਲ, ਸਟੇਟ ਚੋਂ ਮੈਡਲ ਤੇ ਨੈਸ਼ਨਲ ਲੈਵਲ ਤੇ ਮੈਡਲ ਪ੍ਰਾਪਤ ਕੀਤੇ। ਜੂਨੀਅਰ ਟੀਮ ਦੇ ਮੈਡਲ ਫਿਰ ਮੈਂ ਸੀਨੀਅਰ ਟੀਮ ਚ ਖੇਡਿਆ, ਉਸ ਵਿਚ ਵੀ ਮੈਡਲ ਹਾਸਲ ਕੀਤੇ। ਇੰਡੀਆ ਟੀਮ ਚ ਜਾਣ ਨਾਲ ਤਾਂ ਕਈ ਮਹਿਕਮਿਆਂ ਵਿਚ ਜਾਬ ਆਫਰ ਆਉਣੇ ਸ਼ੁਰੂ ਹੋ ਗਏ, ਜਿਵੇਂ ਏਅਰ ਫੋਰਸ, ਰੇਲਵੇ, ਆਰ. ਪੀ. ਐਫ਼ ਆਦਿ। ਮੇਰਾ ਰੁਝਾਨ ਏਅਰ ਫੋਰਸ ਚ ਜਾਣ ਦਾ ਬਣਿਆ ਪਰ ਵੱਡੇ ਵੀਰ ਨੇ ਰੋਕ ਦਿੱਤਾ ਤੇ ਅਖੀਰ ਮੈਂ ਰੇਲਵੇ ਚ ਚਲਾ ਗਿਆ। ਉਹਨਾਂ ਦਿਨਾਂ ਚ ਦੋ ਪੰਜਾਬ ਪੁਲਿਸ ਅਫਸਰ ਸ: ਮਹਿਲ ਸਿੰਘ ਭੁੱਲਰ ਤੇ ਸ:ਰਾਜਦੀਪ ਸਿੰਘ ਗਿੱਲ ਦੀ ਦਿਲੀ ਮਨਸ਼ਾ ਸੀ ਕਿ ਸਾਡੇ ਪੰਜਾਬ ਦੇ ਸਪੋਰਟਸ ਖਿਡਾਰੀ ਪੰਜਾਬ ਤੋਂ ਬਾਹਰ ਨਾ ਜਾਣ ਬਲਕਿ ਅਸੀਂ ਉਹਨਾਂ ਨੂੰ ਪੰਜਾਬ ਪੁਲਿਸ ਚ ਹੀ ਰੱਖੀਏ। ਉਹਨਾਂ ਇਕ ਦਿਨ ਪੁਲਿਸ ਇੰਸਪੈਕਟਰ ਸਿਕੰਦਰ ਸਿੰਘ ਨੂੰ ਸਾਡੇ ਘਰ ਭੇਜਿਆ। ਉਹਨਾਂ ਦਿਨਾਂ ਵਿਚ ਪੰਜਾਬ ਦੇ ਹਾਲਾਤ ਇੰਨੇ ਵਧੀਆ ਨਹੀਂ ਸਨ ਤੇ ਵੈਸੇ ਵੀ ਸਾਡੇ ਪਰਿਵਾਰ 'ਚ ਕੋਈ ਪੰਜਾਬ ਪੁਲਿਸ ਵਿਚ ਕੰਮ ਨਹੀਂ ਸੀ ਕਰਦਾ ਤੇ ਨਾ ਹੀ ਪੰਜਾਬ ਪੁਲਿਸ ਨੂੰ ਇੰਨਾ ਵਧੀਆ ਸਮਝਦੇ ਸਨ। ਘਰਦਿਆਂ ਨੇ ਪੰਜਾਬ ਪੁਲਿਸ 'ਚ ਭਰਤੀ ਹੋਣ ਤੋਂ ਮਨਾ ਕਰ ਦਿੱਤਾ। ਪਰ ਮਜ਼ਾਕੀਆ ਤੇ ਹਕੀਕੀ ਵਾਂਝਿਆਂ ਦੱਸਦਿਆਂ ਐਸ. ਪੀ. ਸਰੋਇਆ ਨੇ ਕਿਹਾ ਕਿ ਇੰਸਪੈਕਟਰ ਸਿਕੰਦਰ ਸਿੰਘ ਕਹਿਣ ਲੱਗੇ ਕਿ ਜੇ ਤੁਸੀਂ ਮੁੰਡੇ ਨੂੰ ਨਹੀਂ ਭੇਜਿਆ ਤਾਂ ਅਸੀਂ ਚੁੱਕ ਕੇ ਲੈ ਜਾਵਾਂਗੇ ਤਾਂ ਪਿਤਾ ਜੀ ਕਹਿਣ ਲੱਗੇ ਕਿ ਏਦਾਂ ਕਿੱਦਾਂ ਹੋ ਸਕਦਾ ਹੈ ਤਾਂ ਮੇਰੇ ਭਰਾਵਾਂ ਨੇ ਆਪਣੇ ਕਿਸੇ ਦੂਰੋਂ-ਨੇੜਿਉਂ ਰਿਸ਼ਤੇਦਾਰੀ 'ਚ ਪੁਲਿਸ ਮਿੱਤਰਾਂ ਨਾਲ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਤੁਹਾਨੂੰ ਹੋਰ ਕੀ ਚਾਹੀਦਾ ਹੈ। ਜੇਕਰ ਪੁਲਿਸ ਅਫਸਰ ਖੁਦ ਮੁੰਡੇ ਨੂੰ ਭਰਤੀ ਕਰਨ ਲਈ ਕਹਿ ਰਹੇ ਹਨ ਤੇ ਮੈਂ ਪੁਲਿਸ ਵਿਚ ਦਾਖਲ ਹੋ ਗਿਆ ਤੇ ਮੈਂ ਗੋਲਡ ਮੈਡਲ ਵੀ ਜਿੱਤਿਆ। ਇੰਡੀਆ ਟੀਮ ਦੀ ਅਗਵਾਈ ਕੀਤੀ, ਏਸ਼ੀਅਨ ਖੇਡਾਂ ਵਿਚ ਗਿਆ, ਵਿਸ਼ਵ ਪੱਧਰ ਤੇ ਮੈਂ ਬ੍ਰਾਊਂਜ਼ ਮੈਡਲ ਜਿੱਤਿਆ। ਪੁਲਿਸ ਟ੍ਰੇਨਿੰਗ ਕਰਨ ਤੋਂ ਬਾਅਦ ਮੈਂ ਬਹੁਤ ਸਾਰੇ ਟਾਈਟਲ ਜਿੱਤੇ, ਤਖਤੀ ਵਰਲਡ ਕੱਪ 'ਚੋਂ ਬ੍ਰਾਊਂਜ਼ ਮੈਡਲ ਜਿੱਤਿਆ, ਖਿਤਾਬੇ ਹਿੰਦ, ਸ਼ੇਰ-ਏ-ਹਿੰਦ, ਪੰਜਾਬ ਕੇਸਰੀ, ਪੰਜਾਬ ਕੁਮਾਰ ਆਦਿ ਖਿਤਾਬ ਜਿੱਤੇ।

ਐਸ. ਪੀ. ਨੇ ਕਿਹਾ ਕਿ ਮੈਂ ਇਕ ਗੱਲ ਜ਼ਰੂਰ ਸਾਂਝੀ ਕਰਨੀ ਚਾਹਾਂਗਾ ਕਿ ਬਹੁਤ ਸਾਰੇ ਲੋਕ ਪੰਜਾਬ ਪੁਲਿਸ ਤੋਂ ਡਰਦੇ ਹਨ। ਮੈਂ ਜਦੋਂ ਪੁਲਿਸ ਟ੍ਰੇਨਿੰਗ ਕੀਤੀ ਤਾਂ ਉਪਰੰਤ ਪੁਲਿਸ 'ਚ ਵਧੀਆ ਕਾਰਗੁਜ਼ਾਰੀ ਲਈ ਬਹੁਤ ਸਾਰੇ ਮੈਡਲ ਵੀ ਮਿਲੇ। ਮੈਂ ਸੋਚਿਆ ਕਿ ਪੁਲਿਸ 'ਚ ਰਹਿ ਕੇ ਵੀ ਸਮਾਜ ਦੀ ਸੇਵਾ ਕਰ ਸਕਦੇ ਹਾਂ। ਜਦੋਂ ਮੈਂ ਸੇਵਾ ਕਰਨ ਦੀ ਗੱਲ ਕਰਦਾ ਹਾਂ, ਉਹ ਵੀ ਪੰਜਾਬ ਪੁਲਿਸ ਵਿਚ ਰਹਿ ਕੇ ਤਾਂ ਲੋਕ ਹੱਸ ਪੈਂਦੇ ਹਨ ਕਿ ਪੰਜਾਬ ਪੁਲਿਸ 'ਚ ਰਹਿ ਕੇ ਸਮਾਜ ਸੇਵਾ? ਪਰ ਮੈਂ ਬੜੇ ਫਖਰ ਨਾਲ ਕਹਿ ਸਕਦਾ ਹਾਂ ਕਿ ਬਤੌਰ ਭਾਰਤੀ ਮੈਂ ਬਹੁਤ ਸਾਰੇ ਲੋਕਾਂ ਦੇ ਨਸ਼ੇ ਛੁਡਵਾ ਦਿੰਦਾ ਹਾਂ, ਜਿਹਨਾਂ ਵਿਚ ਡਾਕਟਰ ਅਤੇ ਇੰਜੀਨੀਅਰ ਵੀ ਹਨ। ਇਕ ਗੰਨਾ ਮਿਲ ਦੇ ਦੋ ਇੰਜੀਨੀਅਰਾਂ ਦਾ ਕਹਿਣਾ ਸੀ ਕਿ ਸਾਡੇ ਘਰਦਿਆਂ, ਸਾਡੇ ਰਿਸ਼ਤੇਦਾਰਾਂ ਤੇ ਸਾਡੇ ਮਹਿਕਮੇ ਨੂੰ ਵੀ ਨਹੀਂ ਪਤਾ ਕਿ ਅਸੀਂ ਨਸ਼ੇ ਦੇ ਆਦੀ ਹੋ ਗਏ ਪਰ ਜਦੋਂ ਸਾਨੂੰ ਤੁਹਾਡਾ ਪਤਾ ਲੱਗਿਆ ਤਾਂ ਅਸੀਂ ਤੁਹਾਡੇ ਕੋਲ ਆਏ ਹਾਂ ਕਿ ਸਾਡੀ ਵੀ ਇਸ ਲਾਅਨਤ ਤੋਂ ਛੁਟਕਾਰਾ ਪਾਓ। ਉਹਨਾਂ ਦੇ ਨਸ਼ੇ ਛੁਡਵਾ ਚੁੱਕੇ ਹਾਂ। ਹੁਣ ਬਹੁਤ ਸਾਰੇ ਲੋਕ ਇਸ ਆਸ ਨਾਲ ਸਾਡੇ ਪਾਸ ਆਉਂਦੇ ਹਨ ਕਿ ਸਾਡਾ ਵੀ ਨਸ਼ਿਆਂ ਤੋਂ ਛੁਟਕਾਰਾ ਹੋ ਜਾਵੇਗਾ।

ਸੋ 2012 'ਚ ਐਸ. ਪੀ. ਬਣ ਗਿਆ ਸੀ। ਇਕ ਵਾਰ ਜਦੋਂ ਸਾਡੀ ਟੀਮ ਦਾ ਮੈਚ ਫਰਾਂਸ ਦੀ ਟੀਮ ਨਾਲ ਸੀ ਤਾਂ ਸਾਡੀ ਦੋਵੇਂ ਕਪਤਾਨਾਂ ਦੀ ਟਾਸ ਪਾਉਣ ਦਾ ਵਕਤ ਜਾਣ ਪਛਾਣ ਕਰਾਈ ਤਾਂ ਦੱਸਿਆ ਗਿਆ ਕਿ ਇਹ ਪੰਜਾਬ ਪੁਲਿਸ 'ਚ ਐਸ. ਪੀ. ਰੈਂਕ ਤੇ ਹੈ ਤੇ ਫਰਾਂਸ ਦੀ ਟੀਮ ਦਾ ਕਪਤਾਨ ਇਕ ਉਚ ਕੋਟੀ ਦਾ ਇੰਜੀਨੀਅਰ ਸੀ ਤੇ ਇਕ ਵਧੀਆ ਕੰਪਨੀ ਦਾ ਚੀਫ ਵੀ ਸੀ। ਭਾਵ ਕਿ ਅਸੀਂ ਕਿੰਨੇ ਖੁਸ਼ਕਿਸਮਤ ਹਾਂ ਕਿ ਚੰਗੀਆਂ ਪੋਸਟਾਂ ਤੇ ਹੁੰਦੇ ਹੋਏ ਖੇਡਾਂ ਵਿਚ ਹਾਂ ਜਾਂ ਖੇਡਾਂ ਵਿਚ ਹੁੰਦਿਆਂ ਅਸੀਂ ਇਸ ਮੁਕਾਮ ਤੇ ਪਹੁੰਚੇ ਹਾਂ। ਅੱਜ ਸਾਡੀ ਭੈਣਾਂ-ਲੜਕੀਆਂ, ਲੜਕੇ ਇਕ ਮਿੱਟੀ ਦੇ ਅਖਾੜਿਆਂ ਤੋਂ ਚੱਲ ਕੇ ਉਪਰ ਆਏ ਹਨ। ਹੁਣ ਸਵਾਲ ਹੈ ਕਿ ਸਾਨੂੰ ਇਕੱਠੇ ਰੈਸਲਰ ਹੀ ਨਹੀਂ ਬਲਕਿ ਚੰਗੇ ਇਨਸਾਨ ਬਣਨ ਦੀ ਲੋੜ ਹੈ। ਰੈਸਲਿੰਗ ਇਕ ਅਜਿਹੀ ਖੇਡ ਹੈ ਕਿ ਜੇਕਰ ਬੱਚਿਆਂ ਨੂੰ ਇਸ ਖੇਡ 'ਚ ਲਿਆਈਏ ਤਾਂ ਉਹ ਬਹੁਤ ਵਧੀਆ ਇਨਸਾਨ ਬਣ ਸਕਦੇ ਹਨ।

### ਜਗਜੀਤ ਅਕੈਡਮੀ ਦਾ ਜ਼ਿਕਰ ਕਰਦਿਆਂ

ਐਸ. ਪੀ. ਜਗਜੀਤ ਸਿੰਘ ਸਰੋਇਆ ਨੇ ਜਗਜੀਤ ਅਕੈਡਮੀ ਦਾ ਜ਼ਿਕਰ ਕਰਦਿਆਂ ਰੈਸਲਿੰਗ ਕਰਦਿਆਂ ਸਾਡੇ ਪਾਸ ਰਹਿਣ ਲਈ ਹੋਸਟਲ ਨਹੀਂ ਹੁੰਦੇ ਸਨ, ਸਾਨੂੰ ਦਿੱਲੀ ਜਾਂ ਹਰਿਆਣਾ-ਪੰਜਾਬ 'ਚ ਅਖਾੜੇ ਚੰਦੀ ਰਾਮ ਦਾ ਅਖਾੜਾ ਜਾਂ ਹਨੂਮਾਨ ਦਾ ਅਖਾੜਾ ਹੁੰਦਾ ਸੀ, ਪਰ ਸਾਡੀ ਉਥੇ ਉਹਨਾਂ ਨਾਲ ਐਡਜਸਟਮੈਂਟ ਨਹੀਂ ਹੋ ਪਾਉਂਦੀ ਸੀ। ਸਾਡੇ ਪੰਜਾਬ 'ਚ ਇਕ ਕਮਜ਼ੋਰੀ ਸੀ ਕਿ ਅਜਿਹੇ ਅਖਾੜੇ ਜਾਂ ਹੋਸਟਲ ਨਹੀਂ ਸਨ। ਅਸੀਂ 16 ਸਾਲ ਤੋਂ ਚਲਦੀ ਜਗਜੀਤ ਅਕੈਡਮੀ 'ਚ ਹੋਸਟਲ ਬਣਾਇਆ। ਅਸੀਂ ਗਰੀਬੀ ਤੋਂ ਵਾਕਫ ਹਾਂ ਕਿ ਗਰੀਬੀ ਕੀ ਹੁੰਦੀ ਹੈ, ਅਸੀਂ ਇਸਨੂੰ ਨੇੜਿਉਂ ਵੇਖਿਆ ਹੈ ਤੇ ਅਸੀਂ ਚਾਹੁੰਦੇ ਹਾਂ ਕਿ ਜਿਹਨਾਂ ਗਰੀਬ ਪਰਿਵਾਰਾਂ ਦੇ ਬੱਚਿਆਂ 'ਚ ਨੈਚੂਰਲ ਟੇਲੈਂਟ (ਕੁਦਰਤੀ ਗੁਣ) ਹਨ, ਨੂੰ ਆਪਣੇ ਹੋਸਟਲ ਲਈ ਚੁਣ ਲਈਏ। ਉਹਨਾਂ ਨੂੰ ਵਧੀਆ ਮਾਹੌਲ ਅਤੇ ਅਗਾਂਹ ਵਧਣ ਦੇ ਸੁਨਹਿਰੀ ਅਵਸਰ ਦੇ ਸਕੀਏ। ਸਾਡਾ ਹੋਸਟਲ ਸਾਡੇ ਲਈ ਸਵਰਗ ਹੈ, ਸਾਡਾ ਇਹ ਮੰਦਰ, ਚਰਚ, ਮਸਜਿਦ, ਗੁਰਦੁਆਰਾ ਹੈ। ਜਦੋਂ ਅਸੀਂ ਇਸ ਦਾ ਉਦਘਾਟਨ ਕੀਤਾ ਤਾਂ ਕਿਸੇ ਵੀ. ਆਈ. ਪੀ. ਤੋਂ ਨਹੀਂ ਕਰਵਾਇਆ ਬਲਕਿ ਅਰਦਾਸ ਕਰਕੇ ਛੋਟੇ-ਛੋਟੇ ਬੱਚਿਆਂ ਤੋਂ ਨੀਂਹ ਪੱਥਰ ਰਖਵਾਇਆ। ਅੱਜ ਸਾਡੇ ਹੋਸਟਲ 'ਚ ਪੰਜਾਬ ਦੇ ਹਰੇਕ ਜ਼ਿਲ੍ਹੇ ਦੇ ਲੜਕੇ-ਲੜਕੀਆਂ ਰਹਿੰਦੀਆਂ ਹਨ। ਹੋਰ ਤਾਂ ਹੋਰ ਦੂਸਰੇ ਰਾਜਾਂ ਦੇ ਬੱਚੇ ਵੀ ਆ ਕੇ ਰਹਿੰਦੇ ਹਨ। ਸਾਡੀ ਅਕੈਡਮੀ 'ਚ ਹਰ ਇਕ ਨੂੰ ਜੀ ਆਇਆ ਹੈ ਪਰ ਸਿਗਰਟ, ਸ਼ਰਾਬ ਅਤੇ ਹੋਰ ਕਿਸੇ ਕਿਸਮ ਦਾ ਨਸ਼ਾ ਕਰਨ ਵਾਲਾ ਨਹੀਂ ਆ ਸਕਦਾ। ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਸਪੋਰਟਸ ਡਿਪਾਰਟਮੈਂਟ ਨੇ ਸਾਡੀ ਅਕੈਡਮੀ ਨੂੰ 33 ਸੀਟਾਂ ਦੇ ਦਿੱਤੀਆਂ ਹਨ।

### ਆਪ ਜਦੋਂ ਵੀ ਪੰਜਾਬ ਆਓ

ਐਸ. ਪੀ. ਜਗਜੀਤ ਸਿੰਘ ਸਰੋਇਆ ਨੇ ਕਿਹਾ ਕਿ ਆਪ ਜਦੋਂ ਵੀ ਪੰਜਾਬ ਆਓ ਤਾਂ ਅਕੈਡਮੀ ਜ਼ਰੂਰ ਗੇੜਾ ਮਾਰ ਕੇ ਜਾਓ। ਮੈਂ ਆਪ ਨੂੰ ਬੇਨਤੀ ਕਰਦਾ ਹਾਂ ਕਿ ਪੰਜਾਬ ਰਹਿੰਦੇ ਭੈਣ-ਭਰਾ, ਰਿਸ਼ਤੇਦਾਰ, ਪਰਿਵਾਰਾਂ ਨੂੰ ਦੱਸੋ ਕਿ ਜੇਕਰ ਤੁਸੀਂ ਬੱਚਿਆਂ ਨੂੰ ਰੈਸਲਿੰਗ 'ਚ ਪਾਉਣਾ ਚਾਹੁੰਦੇ ਹੋ ਤਾਂ ਸਾਡੇ ਪਾਸ ਜ਼ਰੂਰ ਆਉਣਾ। ਮੈਨੂੰ ਜਿੱਥੇ ਬੇਹੱਦ ਖੁਸ਼ੀ ਹੈ ਕਿ ਤੁਸੀਂ ਇੰਨਾ ਪਿਆਰ-ਸਤਿਕਾਰ ਦਿੱਤਾ ਤੇ ਮੈਂ ਆਪ ਸਭ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ।

### ਪੜ੍ਹਾਈ ਕਰਨ ਲਈ ਪ੍ਰੇਰਨਾ

ਐਸ. ਪੀ. ਜਗਜੀਤ ਸਿੰਘ ਸਰੋਇਆ ਨੇ ਕਿਹਾ ਕਿ ਸਪੋਰਟਸ ਦੇ ਨਾਲ-ਨਾਲ ਪੜ੍ਹਾਈ ਕਰਨ ਲਈ ਪ੍ਰੇਰਿਆ। ਉਹਨਾਂ ਆਪਣਾ ਵੀ ਦੱਸਿਆ ਕਿ ਸਪੋਰਟਸ ਕਰਦਿਆਂ ਉਹਨਾਂ ਬੀ. ਏ. ਕੀਤੀ ਤੇ ਅਗਾਂਹ ਵਧਿਆ। ਇਸ ਆਸ਼ੇ ਨੂੰ ਮੁੱਖ ਰੱਖ ਕੇ ਬੱਚਿਆਂ ਦੀ ਪੜ੍ਹਾਈ ਲਈ ਅਸੀਂ ਐਜੂਕੇਸ਼ਨ ਡਿਪਾਰਟਮੈਂਟ ਵੱਖ ਬਣਾਇਆ ਹੈ ਜੋ ਸਕੂਲKਕਾਲਜ ਤੇ ਯੂਨੀਵਰਸਿਟੀ ਦਾਖਲੇ ਲਈ ਦੇਖ ਭਾਲ ਕਰਦਾ ਹੈ, ਉਹਨਾਂ ਦੀ ਸਪੈਸ਼ਲ ਕੌਂਸਲਿੰਗ ਕੀਤੀ ਜਾਂਦੀ ਹੈ। ਉਹਨਾਂ ਕਿਹਾ ਕਿ ਚੰਗੇ ਸਪੋਰਟਸਮੈਨ ਤੋਂ ਚੰਗੀਆਂ ਨੌਕਰੀਆਂ ਮਿਲ ਜਾਂਦੀਆਂ ਹਨ ਪਰ ਮਿਡਲ ਕੈਟੇਗਰੀ ਸਪੋਰਟਸਮੈਨ ਲਈ ਮੁਸ਼ਕਿਲ ਹੋ ਜਾਂਦਾ ਹੈ ਤੇ ਉਹਨਾਂ ਦੇ ਮਾਪੇ ਕਹਿੰਦੇ ਹਨ ਕਿ ਇਹ ਤਾਂ ਨਾ ਇੱਧਰ ਦਾ ਰਿਹਾ ਨਾ ਉਧਰ ਦਾ ਰਿਹਾ। ਅਸੀਂ ਸੋਚਿਆ ਕਿ ਇਹਨਾਂ ਨੂੰ ਫਿਜ਼ੀਕਲ ਐਜੂਕੇਸ਼ਨ 'ਚ ਦਾਖਲ ਕਰਵਾਇਆ ਜਾਣਾ ਸ਼ੁਰੂ ਕੀਤਾ। ਸਾਡੀ ਪੂਰੀ ਕੋਸ਼ਿਸ਼ ਹੈ ਕਿ ਸਾਡਾ ਕੋਈ ਖਿਡਾਰੀ ਜਾਂ ਮਾਪੇ ਕਿਸੇ ਗੱਲੋਂ ਨਿਰਾਸ਼ ਨਾ ਹੋਣ। ਪੈਸੇ ਦੇ ਹਿਸਾਬ-ਕਿਤਾਬ ਪੱਖੋਂ ਅਸੀਂ ਆਪਣੇ ਖਰਚਿਆਂ ਦਾ ਅਕਾਊਂਟ ਵੀ ਪ੍ਰੋਫੈਸ਼ਨਲ ਤਰੀਕੇ ਨਾਲ ਰੱਖਣ ਲਈ ਸੀ. ਏ. ਰੱਖੇ ਹਨ ਤਾਂ ਕਿ ਕਿਸੇ ਗੱਲੋਂ ਕੋਈ ਉਂਗਲ ਨਾ ਉਠਾ ਸਕੇ।

### ਜਗਦੀਪ ਸਿੰਘ ਪਹਿਲਵਾਨ

ਐਸ. ਪੀ. ਜਗਜੀਤ ਸਿੰਘ ਸਰੋਇਆ ਨੇ ਕਿਹਾ ਕਿ ਹਰਦੀਪ ਅਤੇ ਹਰਕੰਵਲ ਦੇ ਵੱਡੇ ਭਰਾ ਜਗਦੀਪ ਸਿੰਘ ਪਹਿਲਵਾਨ ਜਿਹਨਾਂ ਏਸ਼ੀਆ ਤੇ ਗਰੀਕੋ ਰੋਮਨ 'ਚ ਫਰੀ ਸਟਾਈਲ ਦੇ ਮੈਡਲ ਵਿਜੇਤਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਅਸੀਂ ਜੋ ਪਹਿਲਵਾਨ ਇੱਥੇ ਹਾਜ਼ਰ ਹਾਂ, ਸਭ ਜਗਦੀਪ ਸਿੰਘ ਤੋਂ ਜੂਨੀਅਰ ਹਾਂ ਤੇ ਇਨ੍ਹਾਂ ਤੋਂ ਬਹੁਤ ਕੁਝ ਸਿੱਖਿਆ ਹੈ। ਅੱਜ ਜੇਕਰ ਹਰਦੀਪ ਸਿੰਘ ਮੇਅਰ ਪਹਿਲਵਾਨ ਜਾਂ ਹਰਕੰਵਲ ਸਿੰਘ ਪਹਿਲਵਾਨ ਬਾਰੇ ਕੋਈ ਗੱਲ ਕਰਦਾ ਹਾਂ ਤਾਂ ਕਹਿੰਦੇ ਕਿ ਉਹ ਜੋ ਜਗਦੀਪ ਸਿੰਘ ਪਹਿਲਵਾਨ ਦੇ ਭਰਾ ਹਨ। ਸੋ ਇਹ ਸਾਰਾ ਮਾਣ ਵੱਡੇ ਭਰਾ ਜਗਦੀਪ ਸਿੰਘ ਪਹਿਲਵਾਨ ਨੂੰ ਜਾਂਦਾ ਹੈ।

### ਅਕੈਡਮੀ ਪ੍ਰਤੀ ਸਵਾਲ ਪੁੱਛਣ ਦਾ ਸੱਦਾ

ਐਸ. ਪੀ. ਜਗਜੀਤ ਸਿੰਘ ਸਰੋਇਆ ਵੱਲੋਂ ਕਿਸੇ ਵੀ ਕਿਸਮ ਦਾ ਅਕੈਡਮੀ ਪ੍ਰਤੀ ਸਵਾਲ ਪੁੱਛਣ ਦਾ ਸੱਦਾ ਦਿੱਤਾ। ਕੁਝ ਇਕ ਨੇ ਸਵਾਲ ਵੀ ਪੁੱਛੇ ਜਿਹਨਾਂ 'ਚ ਇਕ ਬੜਾ ਦਿਚਸਲਪ ਸੀ ਕਿ ਜੋ ਬੱਚੇ ਅਕੈਡਮੀ 'ਚ ਦਾਖਲਾ ਲੈਣਗੇ ਤਾਂ ਉਹਨਾਂ ਨੂੰ ਕਿੰਨੀ ਰਕਮ ਜਮ੍ਹਾ ਕਰਵਾਉਣੀ ਪਵੇਗੀ ਤਾਂ ਐਸ. ਪੀ. ਜਗਜੀਤ ਸਿੰਘ ਸਰੋਇਆ ਨੇ ਕਿਹਾ ਕਿ ਜਿਵੇਂ ਕਿ ਮੈਂ ਪਹਿਲਾਂ ਹੀ ਜ਼ਿਕਰ ਕਰ ਚੁੱਕਾ ਹਾਂ ਤਾਂ ਸ਼ਬਦ 'ਗੁਰਦੁਆਰਾ ਸਾਹਿਬ'' ਨੂੰ ਆਮ ਜਾਣਦੇ ਹੋ ਕਿ ਗੁਰਦੁਆਰੇ ਲੰਗਰ ਫਰੀ ਹੁੰਦਾ ਹੈ ਤੇ ਇਸੇ ਤਰ੍ਹਾਂ ਅਕੈਡਮੀ ਵੀ ਤੁਹਾਡੇ ਲਈ ਇਕ ਗੁਰਦੁਆਰਾ ਹੀ ਸਮਝੋ ਹੈ। ਮੈਨੂੰ ਇਸ ਗੱਲ ਦੀ ਵੀ ਬੜੀ ਖੁਸ਼ੀ ਹੈ ਕਿ ਮੇਰੇ ਮਾਤਾ-ਪਿਤਾ ਜੋ ਅੱਜ ਅਮਰੀਕਾ ਦੇ ਸਿਟੀਜ਼ਨ ਹਨ, ਉਹਨਾਂ ਆਪਣੀ ਪਹਿਲੀ ਪੈਨਸ਼ਨ ਸਾਡੀ ਅਕੈਡਮੀ ਨੂੰ ਦੇ ਦਿੱਤੀ।

### ਜਗਜੀਤ ਅਕੈਡਮੀ ਨੂੰ ਇੰਟਰਨੈਸ਼ਨਲ ਪੱਧਰ ਤੇ

ਐਸ. ਪੀ. ਸਰੋਇਆ ਜੀ ਨੇ ਜਗਜੀਤ ਅਕੈਡਮੀ ਨੂੰ ਇੰਟਰਨੈਸ਼ਨਲ ਪੱਧਰ ਦੀ ਬਣਾਉਣ ਦਾ ਜ਼ਿਕਰ ਕਰਦਿਆਂ ਕਿਹਾ ਕਿ ਅੰਤਰ ਰਾਸ਼ਟਰੀ ਮੁਕਾਬਲੇ ਦੌਰਾਨ ਸਾਡੀ ਜਿਹਨਾਂ ਪਹਿਲਵਾਨਾਂ ਨਾਲ ਮੁਲਾਕਾਤ ਹੋਈ, ਉਹਨਾ 'ਚ ਕੁਝ ਹੁਣ ਕੋਚ ਵੀ ਬਣੇ ਹਨ ਤੇ ਸਾਡੀ ਉਹਨਾਂ ਨਾਲ ਗੱਲਬਾਤ ਚੱਲ ਰਹੀ ਹੈ ਤੇ ਉਹਨਾਂ ਟੀਮਾਂ ਦੇ ਅਨੁਸਾਰ ਰਹਿਣ-ਸਹਿਣ, ਖਾਣ-ਪੀਣ ਮੁਤਾਬਕ ਅਕੈਡਮੀ ਨੂੰ ਉਸ ਲੈਵਲ ਦਾ ਵੀ ਕੀਤਾ ਜਾ ਰਿਹਾ ਹੈ। ਇਹ ਕੋਚ ਆਪਣੀਆਂ ਟੀਮਾਂ ਇਰਾਨ ਤੇ ਜਾਰਜੀਆ ਤੋਂ ਲਿਆਉਣ ਦੇ ਚਾਹਵਾਨ ਹਨ। ਅਸੀਂ ਅਕੈਡਮੀ 'ਚ ਉਹਨਾਂ ਲਈ ਰੂਮ, ਬਾਥਰੂਮ, ਡਾਇਨਿੰਗ ਹਾਲ, ਅੰਤਰ ਰਾਸ਼ਟਰੀ ਪੱਧਰ ਦੀਆਂ ਸਹੂਲਤਾਂ ਅਨੁਸਾਰ ਬਣਾ ਰਹੇ ਹਾਂ। ਆਉਣ ਵਾਲੀਆਂ ਟੀਮਾਂ ਦੇ ਖਿਡਾਰੀ ਸਾਡੇ ਖਿਡਾਰੀਆਂ ਨਾਲ ਮਿਲ ਕੇ ਖੇਡਣਗੇ ਤੇ ਇਕ-ਦੂਜੇ ਤੋਂ ਸਿੱਖਣਗੇ।









### ਖੁਦਕੁਸ਼ੀਆਂ ਤੇ ਝਾਤ ਮਾਰਦਿਆਂ

ਖੁਦਕੁਸ਼ੀਆਂ ਤੇ ਝਾਤ ਮਾਰਦਿਆਂ ਕਿਹਾ ਕਿ ਭਾਰਤ ਤੋਂ ਬਾਹਰਲੇ ਮੁਲਕਾਂ ਵਿਚ ਵੀ ਖੁਦਕੁਸ਼ੀਆਂ ਹੋ ਰਹੀਆਂ ਹਨ ਪਰ ਮੈਨੂੰ ਜਾਂ ਕਿਸੇ ਵੀ ਪਰਿਵਾਰ ਦੇ ਮੈਂਬਰ ਵੱਲੋਂ ਖੁਦਕੁਸ਼ੀ ਕਰਨਾ ਕੋਈ ਖੁਸ਼ੀ ਦੀ ਗੱਲ ਨਹੀਂ ਪਰ ਮੈਂ ਇਹ ਕਹਿਣਾ ਚਾਹਾਂਗਾ ਕਿ ਖੁਦਕੁਸ਼ੀ ਕਿਉਂ ਕਰਨੀ ਜਾਂ ਕਰਦੇ ਹਨ ? ਮੈਂ ਸਮਝਦਾ ਹਾਂ ਕਿ ਇਹ ਖੁਦਕੁਸ਼ੀ ਕਰਨ ਵਾਲੇ ਦੀ ਆਪਣੀ ਮੈਨੇਜਮੈਂਟ ਮਾੜੀ ਹੈ। ਉਹ ਅਕਾਲ ਪੁਰਖ ਵੱਲੋਂ ਬਖਸ਼ਿਆ ਜੀਵਨ ਨੂੰ ਹਾਸਲ ਹੀ ਨਹੀਂ ਕਰ ਸਕਿਆ। ਮੁਸ਼ਕਿਲਾਂ ਦਾ ਸਾਹਮਣਾ ਨਹੀਂ ਕਰ ਸਕਿਆ। ਪੰਜਾਬ ਦੇ ਕਿਸਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਖੁਦਕੁਸ਼ੀਆਂ ਸਬੰਧਿਤ ਜ਼ਿਕਰ ਕਰਦਿਆਂ ਉਹਨਾਂ ਕਿਹਾ ਕਿ ਖੁਦ ਹੀ ਕਈ ਗੁੰਝਲਾਂ ਪਾ ਲਈਆਂ ਹਨ, ਜੋ ਉਲਝ ਕੇ ਰਹਿ ਗਏ ਹਨ ਤੇ ਕਸੂਰ ਕਿਸੇ ਦਾ ਕੱਢੀ ਜਾਂਦੇ ਹਨ। ਸਾਡੇ ਇਹ ਰੈਸਲਰ ਪਰਿਵਾਰ ਬੈਠੇ ਹਨ, ਮੈਨੂੰ ਨਹੀਂ ਲੱਗਦਾ ਕਿ ਕੋਈ ਅਜਿਹਾ ਕੰਮ ਕਰੇ। ਹਰ ਇਨਸਾਨ 'ਚ ਦੋ ਇਨਸਾਨ ਹਨ ਇਕ ਵਧੀਆ ਤੇ ਇਕ ਸ਼ੈਤਾਨ। ਸ਼ੈਤਾਨ ਬੰਦੇ ਨੂੰ ਮਾੜੇ ਕੰਮ ਲਈ ਉਕਸਾਉਂਦਾ ਹੈ ਤੇ ਵਧੀਆ ਇਨਸਾਨ ਸਾਨੂੰ ਬੁਰੇ ਕੰਮਾਂ ਤੋਂ ਰੋਕ ਕੇ ਰੱਖਦਾ ਹੈ। ਇਸ ਸਬੰਧਿਤ ਉਹਨਾਂ ਆਪਣੀ ਰਚਨਾ ਸਾਂਝੀ ਕੀਤੀ:

ਅੰਦਰੋਂ ਸ਼ੈਤਾਨ ਨੂੰ ਤੂੰ ਮਾਰ ਲੈ, ਚੰਗੇ ਕੰਮ ਧਾਰ ਲੈ
ਜਗ ਦਾ ਪਿਆਰ ਲੈ, ਫਿਰ ਦੋਖੀਂ ਤੂੰ ਸੁੱਖ ਪਾਏਂਗਾ
ਅੰਦਰੋਂ ਸ਼ੈਤਾਨ ਨੂੰ ਤੂੰ ਮਾਰ ਲੈ..................
ਸੁੱਖ ਮਿਲਦਾ ਨਹੀਂ ਜਗਤ ਜਲੰਦੇ 'ਚੋਂ ਨਾ ਨੋਟਾਂ ਦੇ ਪਲੰਦੇ 'ਚੋਂ
ਨਾ ਮਨ ਹੰਕਾਰੀ 'ਚੋ ਨਾ ਸੋਹਣੀ ਜਿਹੀ ਨਾਰੀ 'ਚੋਂ
ਨਾ ਪਿਓ ਦੀ ਅਲਮਾਰੀ 'ਚੋਂ
ਬੱਸ ਅੰਦਰੋਂ ਸ਼ੈਤਾਨ ਨੂੰ ਤੂੰ ਮਾਰ ਲੈ..................
ਜਿਹੜਾ ਤੇਰੀਆਂ ਸਿਫਤਾਂ ਕਰਦਾ, ਉਸ ਦਾ ਤੂੰ ਪਾਣੀ ਭਰਦਾ
ਜਿਹੜਾ ਆਖੀ ਸੱਚੀ ਗੱਲ, ਉਸ ਨੂੰ ਕਰਦਾ ਪਿੱਛੇ ਵੱਲ
ਜਿਹੜਾ ਤੈਨੂੰ ਇਹ ਸੋਚਣ ਨਹੀਂ ਦਿੰਦਾ, ਆਪਣੇ ਅੰਦਰੋਂ ਘੋਖਣ
ਨਹੀਂ ਦਿੰਦਾ
ਬੱਸ ਉਸੇ ਸ਼ੈਤਾਨ ਨੂੰ ਮਾਰ ਲੈ..............

### ਚਲਦੇ ਚਲਦੇ

ਚਲਦੇ ਚਲਦੇ ਸਟੇਜ ਤੋਂ ਐਸ. ਪੀ. S. Jagjit Singh Saroya Ji ਦੇ ਜਮਾਤੀ ਸ: ਦਿਲਬਾਗ ਸਿੰਘ ਬੈਂਸ ਨੇ S. Jagjit Singh Saroya SP Ji ਦੀ ਸਿਫਤ, ਅਕੈਡਮੀ ਬਾਰੇ ਦੋ ਸ਼ਬਦ ਕਹੇ ਕਿ ਐਸ਼. ਪੀ. ਸਾਹਿਬ ਨੇ ਨਹੀਂ ਦੱਸਿਆ ਪਰ ਮੈਂ ਦੱਸਦਾ ਹਾਂ ਕਿ ਅਕੈਡਮੀ ਜਾ ਕੇ ਪਤਾ ਚਲਦਾ ਹੈ ਕਿ ਕਿਵੇਂ ਉਥੇ ਅਕੈਡਮੀ ਦਾ ਕੁਦਰਤੀ ਨਜ਼ਾਰਾ ਹੈ, ਉਥੇ ਮੋਰ-ਘੋੜੇ ਆਦਿ ਦੇਖਣ ਨੂੰ ਮਿਲਣਗੇ ਤੇ ਸਾਰਾ ਦਿਨ ਸੋਹਣਾ ਸ਼ਬਦ ਗਾਇਨ ਸਪੀਕਰ ਤੇ ਚਲਦਾ ਰਹਿੰਦਾ ਹੈ।

ਟਰੱਕਾਂ ਵਾਲੇ ਵੀਰਾਂ ਲਈ ਖੁਸ਼ਖਬਰੀ
ਡੀ.ਓ.ਟੀ. ਦੀ ਪ੍ਰੇਸ਼ਾਨੀ ਅਤੇ ਕਾਗਜ਼-ਪੱਤਰਾਂ ਦੀ ਸਾਂਭ-ਸੰਭਾਲ ਤੋਂ ਹਮੇਸ਼ਾਂ ਲਈ ਪਾਓ ਛੁਟਕਾਰਾ

We will make your trucking business paperless and Free of DOT hassels.

Steer your business, from hiring to management all from a computer





ਡਰਾਈਵਰ ਨੂੰ ਨੌਕਰੀ ਤੇ ਰੱਖਣ ਤੋਂ ਲੈ ਕੇ ਕਾਰੋਬਾਰ ਦੇ ਹਰ ਤਰ੍ਹਾਂ ਦੇ ਰਿਕਾਰਡ ਨੂੰ ਆਸਾਨੀ ਨਾਲ ਕੰਪਿਊਟਰ ਤੇ ਲਿਆਉਣ ਵਾਲਾ ਸਿਸਟਮ

ਆਪਣੇ ਟਰੱਕਾਂ ਦੇ ਕਾਰੋਬਾਰ ਨੂੰ ਪੂਰੀ ਅਤੇ ਸੌਖੀ ਤਰ੍ਹਾਂ ਕੰਪਿਊਟਰ ਤੋਂ ਚਲਾਓ ਕਾਗਜ਼ਾਂ ਅਤੇ ਮਹਿਕਮੇ ਤੋਂ ਛੁਟਕਾਰਾ ਪਾਓ

ASK FOR LOAD MANAGEMENT: Easy dispatch by Phone App, Quick POD, Auto Billing, Payroll etc.

| DRIVER HIRING | INSPECTION RECORD | DRIVING REVIEW | ACCIDENT REPORTS | TRUCK MAINTENANCE |
|---|---|---|---|---|
| ਡਰਾਈਵਰ ਨੂੰ ਨੌਕਰੀ ਤੇ ਰੱਖਣ ਵਾਸਤੇ, ਉਸਦੀ ਪਿਛਲੀ ਨੌਕਰੀ ਦੇ ਰਿਕਾਰਡ ਸਮੇਤ ਹਰ ਲੋੜੀਂਦੇ ਦਸਤਾਵੇਜ਼ ਮੁਕੰਮਲ ਕਰਨੇ ਹੋਣਗੇ ਆਸਾਨ | ਸਰਕਾਰ ਵੱਲੋਂ ਟਰੱਕਾਂ ਦੇ ਲਾਜ਼ਮੀ ਕਰਾਰ ਦਿੱਤੇ ਗਏ ਮੁਆਇਨੇ ਸਮੇਂ ਸਿਰ ਕਰਵਾਉਣ ਲਈ ਇਹ ਸਿਸਟਮ ਬਣਏਗਾ ਯਕੀਨੀ | ਆਪਣੇ ਡਰਾਈਵਰਾਂ ਦੀ ਸਮੀਖਿਆ ਆਸਾਨੀ ਨਾਲ ਕਰੋ ਤੇ ਰਿਕਾਰਡ ਤੇ ਰੱਖੋ ਅਤੇ ਆਉਣ ਵਾਲੀਆਂ ਪ੍ਰੇਸ਼ਾਨੀਆਂ ਤੋਂ ਬਚੋ | ਛੋਟੇ ਵੱਡੇ ਵਾਪਰਨ ਵਾਲੇ ਹਾਦਸਿਆਂ ਦੀਆਂ ਰਿਪੋਰਟ ਤਿਆਰ ਕਰਨੀ ਅਤੇ ਵੱਖ-ਵੱਖ ਮਹਿਕਮਿਆਂ ਨੂੰ ਭੇਜਣੀ ਹੋਵੇਗੀ ਸੌਖੀ | ਟਰੱਕਾਂ ਦੀ ਮੁਰੰਮਤ ਆਦਿ ਦਾ ਸਾਰਾ ਰਿਕਾਰਡ ਕਿਸੇ ਵੀ ਜਾਂਚ ਲਈ ਆਧੁਨਿਕ ਢੰਗ ਨਾਲ ਹਮੇਸ਼ਾਂ ਰੱਖੋ ਤਿਆਰ |

eLog Book Integration COMING SOON

ਆਪਣੇ ਕਾਰੋਬਾਰ ਨੂੰ ਆਸਾਨੀ ਨਾਲ ਚਲਾਉਣ ਵਾਸਤੇ ਕੰਪਿਊਟਰ ਪ੍ਰੋਗਰਾਮ ਲੈਣ ਲਈ ਅੱਜ ਹੀ ਸੰਪਰਕ ਕਰੋ

WE HANDLE DOT AUDITS

Tel: 800.936.4011 • 209.636.0880


RAJINDER SINGH

GLOBAL SOLUTION FOR TRANSPORTATION
(A PAPERLESS SOLUTION FOR TRUCKING)
email: info@etruckingsolution.com • www.etruckingsolution.com


LAKHVIR SINGH



AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Trans-mission, Body and Paint Work We Sell Used Cars at a Good Price



Free Estimates
Free Towing

510- 733- 2222

1421 Industrial PKWY West#F Hayward, CA 94544



Prop: Jasbir Singh Takhar
510-755-2132

Harmandeep Singh



TANDOOR Indian Restaurant

27167 Mission Blvd. Hayward, CA 95544



ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

BUFFET LUNCH 11:00 AM To 3:00 PM

We are open seven days 11 AM to 10 PM

Contact Us:
Ph. 510-885-1212
Fax. 510-885-1532



L.A. MERCHANDISE
Whole Sale +Retail

ਯੁਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991


ਵਾਣ ਵਾਲਾ ਮੰਜਾ ਸੇਲ 'ਤੇ ਹੈ।


ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ

Loose Fabrics, Groceries, Blankets, Vegetables

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 41.99+Tax


ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।

Red Label Tea 900 Gm $ 3.99


Bio Bidet Elite 2 $ 39.99+ Tax


ਪੱਗਾਂ
ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ ਦੀ ਥਾਂ ਹੁਣ ਰੇਟ 1.73 ਡਾਲਰ ਪ੍ਰਤੀ ਗਜ ਖਰੀਦੋ

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ


Baksho Kaur Bisla Hardev Singh Bisla

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

- ਗੋਲਡਨ ਆਟਾ ਨਾਲ 400 ਗ੍ਰਾਮ ਸੂਜ਼ੀ ਪੈਕਟ ਮੁਫਤ
- ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
- ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
- ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਮਿਲਦਾ ਹੈ।


ਸੂਟ
ਹਰ ਤਰ੍ਹਾਂ ਦਾ ਸੂਟ 20 ਡਾਲਰ ਵਿਚ ਖਰੀਦੋ

ਲਾਈਨਿੰਗ
ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ

530-671-0439, Fax 530-822-0439 Cell- 530-844-3250

Buy 5 get 1 free